RNI No. - PUNPUN/2022/82997
ISSN : 2584-1211

# ਆਪਣੀ ਆਵਾਜ਼

## अपनी आवाज़

## APNI AAWAAZ


| | | | | | | |
|---|---|---|---|---|---|---|
| Vol. 5 | Issue 4 | November 2025 | Punjabi Monthly | Published at Jalandhar | Price : Your Love & Affection | Page : 68 |
| ਸਾਲ 4 | ਅੰਕ 4 | ਨਵੰਬਰ 2025 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |




ਫੋਟੋ : ਮਾਲਾ ਅਗਰਵਾਲ ਮਾਧਵੀ

| ਸਾਲ 4 | Vol. 4 | ਅੰਕ 3 | Issue 3 | ਮਾਸਿਕ | Monthly | ਨਵੰਬਰ 2025 | November 2025 |
|---|---|---|---|---|---|---|---|

# Apni Aawaaz

Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਸੰਪਾਦਕੀ – | ਡਾ. ਰਾਮ ਮੂਰਤੀ | 3 |
| 2. ਰੱਬ ਪ੍ਰਸਤ (ਕਵਿਤਾ) | ਸੁਰਿੰਦਰ ਸਿੰਘ ਸੁੰਨੜ | 5 |
| 3. ਲਹੂ ਦਾ ਇਹ ਵੀ ਰੰਗ | ਮਨੀਸ਼ (ਤਾਲਿਬ) | 6 |
| 4. ਗੁਰੂ ਤੇਗ ਬਹਾਦਰ ਸਾਹਿਬ ਬਾਰੇ ਰਚਿਤ ਪੁਸਤਕਾਂ | ਚੇਤਨ ਸਿੰਘ | 14 |
| 5. ਸਾਹਿਤ ਦਾ ਨੋਬਲ ਹੰਗਰੀ ਦੇ ਲੇਖਕ ਨੂੰ ..... | ਡਾ. ਕ੍ਰਿਸ਼ਨ ਕੁਮਾਰ ਰੱਤੂ | 19 |
| 6. ਗ਼ਦਰੀ ਬਾਬੇ ਕੌਣ ਸਨ? | ਇੰਜੀ. ਸੀਤਲ ਸਿੰਘ ਸੰਘਾ | 21 |
| 7. ਆਪ ਮੁਹਾਰੇ ਉੱਤਰੀ ਕਵਿਤਾ ਨੂੰ ਮੈਂ ਇਸ਼ਕ ਕਰਦਾ ਹਾਂ | ਜੁਗਿੰਦਰ ਸੰਧੂ | 25 |
| 8. ਭਾਰਤ ਦੀ ਬਹੁਭਾਸ਼ਾਈ ਡਿਜੀਟਲ ਕ੍ਰਾਂਤੀ-ਭਾਸ਼ਾਈ.... | ਕ੍ਰਿਸ਼ਨ ਸਨਮੁਖ ਦਾਸ | 27 |
| 9. ਪਿਆਰ ਹੀ ਜ਼ਿੰਦਗੀ ਜਿਊਣ ਦਾ ਇੱਕ ਸਫ਼ਲ ਮਾਰਗ ਹੈ.... | ਗੁਰਪ੍ਰੀਤ ਸਿੰਘ ਬੀੜ ਕਿਸ਼ਨ | 30 |
| 10. ਹਾਇਕ (ਕਵਿਤਾ), ਸ਼ਹਾਦਤ (ਕਵਿਤਾ) | ਕਸ਼ਮੀਰੀ ਲਾਲ/ਲਖਵਿੰਦਰ | 32 |
| 11. ਹਿੰਦੀ ਕਹਾਣੀ – ਨੀਨਾ ਦੀ ਮੰਮੀ | ਨਵ ਸੰਗੀਤ ਸਿੰਘ | 33 |
| 12. ਸੁਖਵਿੰਦਰ ਸੇਖੋਂ ਦੀਆ ਚਾਰ ਮਿੰਨੀ ਕਹਾਣੀਆਂ | ਸੁਖਮਿੰਦਰ ਸੇਖੋਂ | 36 |
| 13. ਰਾਜਪਿੰਦਰ ਕੌਰ ਹੁੰਜਨ ਦੀਆਂ ਦੋ ਕਵਿਤਾਵਾਂ | ਰਾਜਪਿੰਦਰ ਕੌਰ ਹੁੰਜਨ | 37 |
| 14. ਪੰਜਾਬੀ ਅਤੇ ਸੰਸਕ੍ਰਿਤ-2 | ਨਾਜਰ ਸਿੰਘ | 39 |
| 15. ਪਰਵਾਸੀ ਸਾਹਿਤ ਅਤੇ ਸਭਿਆਚਾਰਕ ਦਵੰਦ | ਡਾ. ਕੁਲਵਿੰਦਰ ਕੌਰ | 44 |
| 16. ਇਕ ਲੱਪ ਯਾਦਾਂ ਦੀ | ਭੁਪਿੰਦਰ ਉਸਤਾਦ | 50 |
| 17. ਰਹਿਣ ਲਈ ਕੁਆਟਰ ਬਣਾਉਣਾ | .................... | 53 |
| 18. ਮੇਰਾ ਵਸਤਾ ਰਹੇ ਪੰਜਾਬ/ ਕੌਣ ਕਹੇਗਾ ਮਾਰ ਪਈ ਏ, ਏਤੀ... | ਪੰ. ਕ੍ਰਿਸ਼ਨ ਨਾਲ ਪਰਵਾਨਾ | 56 |
| 19. ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦਾ ਸਨਮਾਨ... | ਡਾ. ਪਰਮਜੀਤ ਕੌਰ | 57 |
| 20. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆਂ | 61 |
| 21. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।

**ਆਪਣੀ ਆਵਾਜ਼**

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**

693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ



# ਆਓ ਆਪਣੀ ਬਾਲ ਕੇ ਸੇਕੀਏ...

ਅੱਜ ਕੱਲ ਪੰਜਾਬੀਆਂ ਦੇ ਪ੍ਰਵਾਸ ਦਾ ਮਸਲਾ ਲੋਕਾਂ ਵਿੱਚ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬਿਨਾਂ ਸ਼ੱਕ ਪੰਜਾਬੀ ਸ਼ੁਰੂ ਤੋਂ ਹੀ ਪ੍ਰਵਾਸ ਕਰਦੇ ਆਏ ਹਨ। ਸਭ ਤੋਂ ਪਹਿਲਾਂ ਪ੍ਰਵਾਸ ਸਾਡੇ ਦੇਸ਼ ਭਗਤਾਂ ਗਦਰੀ ਬਾਬਿਆਂ ਨੇ ਕੀਤਾ। ਕਰਤਾਰ ਸਿੰਘ ਸਰਾਭਾ ਵਰਗੇ ਨੌਜਵਾਨ ਅਮਰੀਕਾ ਵਿਖੇ ਪੜ੍ਹਾਈ ਕਰਨ ਲਈ ਗਏ ਤੇ ਉਥੋਂ ਹੀ ਆਜ਼ਾਦੀ ਦੇ ਸੰਗਰਾਮ ਵਿੱਚ ਕੁੱਦ ਗਏ। ਬਹੁਤ ਸਾਰੇ ਸਾਡੇ ਪ੍ਰਵਾਸੀ ਗਦਰੀ ਬਾਬਿਆਂ ਨੇ ਵਿਦੇਸ਼ਾਂ ਵਿੱਚ ਰਹਿ ਕੇ ਗਦਰ ਮੂਵਮੈਂਟ ਨੂੰ ਚਲਾਇਆ ਤੇ ਆਜ਼ਾਦੀ ਦੀ ਲੜਾਈ ਵਿੱਚ ਆਪਨਾ ਅਹਿਮ ਯੋਗਦਾਨ ਪਾਇਆ। ਉਹਨਾਂ ਦਾ ਪ੍ਰਵਾਸ ਫਲੀਭੂਤ ਹੋਇਆ ਤੇ ਸਾਨੂੰ ਆਜ਼ਾਦੀ ਮਿਲੀ।

ਫਿਰ ਸਾਡੇ ਬਜ਼ੁਰਗ ਬਰਮਾ ਤੇ ਚੀਨ ਵਰਗੇ ਦੇਸ਼ਾਂ ਵੱਲ ਪ੍ਰਵਾਸ ਕਰਦੇ ਰਹੇ। ਕੀਨੀਆ, ਦੱਖਣੀ ਅਫਰੀਕਾ, ਅਮਰੀਕਾ , ਕੈਨੇਡਾ ਤੇ ਹੋਰ ਮੁਲਕਾਂ ਵਿੱਚ ਕਿਰਤ ਕਮਾਈ ਦੇ ਨਜ਼ਰੀਏ ਤੋਂ ਵਿਦੇਸ਼ਾਂ ਵਿੱਚ ਗਏ। ਜਿਹੜੇ ਪੰਜਾਬੀ ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋ ਕੇ ਦੂਸਰੀ ਸੰਸਾਰ ਜੰਗ ਦੌਰਾਨ ਜਰਮਨ ਦੇ ਖਿਲਾਫ ਲੜੇ ਆਜ਼ਾਦੀ ਤੋਂ ਬਾਅਦ ਅੰਗਰੇਜ਼ਾਂ ਨੇ ਉਹਨਾਂ ਨੂੰ ਵਰਕ ਪਰਮਿਟ ਭੇਜ ਕੇ ਵੱਡੀ ਗਿਣਤੀ ਵਿਚ ਇੰਗਲੈਂਡ ਬੁਲਾਇਆ। ਉੱਥੇ ਜਾ ਕੇ ਪੰਜਾਬੀਆਂ ਨੇ ਸਖਤ ਮਿਹਨਤ ਕਰਕੇ ਅੰਗਰੇਜ਼ਾਂ ਦੀ ਮੋਟਰ ਇੰਡਸਰੀ ਖੜੀ ਕੀਤੀ। ਉਹਨਾਂ ਨੇ ਢਲਾਈ ਦੇ ਕਾਰਖਾਨਿਆਂ ਵਿੱਚ ਤੱਤੇ ਅਤੇ ਭਾਰੇ ਕੰਮ ਕੀਤੇ ਤੇ ਖੂਬ ਕਮਾਈ ਕੀਤੀ। ਬਹੁਤ ਥੋੜੀ ਗਿਣਤੀ ਵਿੱਚ ਉਦੋਂ ਬਾਹਰ ਗਏ ਪ੍ਰਵਾਸੀ ਪੰਜਾਬ ਦੀ ਧਰਤੀ ’ਤੇ ਵਾਪਸ ਪਰਤੇ ਨਹੀਂ ਤਾਂ ਬਹੁਤਿਆਂ ਨੇ ਇੰਗਲੈਂਡ ਦੀ ਧਰਤੀ ਨੂੰ ਹੀ ਆਪਣਾ ਵਸੇਬਾ ਬਣਾ ਲਿਆ।

ਫਿਰ ਇੱਕ ਲਹਿਰ ਅਜਿਹੀ ਆਈ ਕਿ ਪੰਜਾਬੀਆਂ ਨੇ ਅਰਬ ਮੁਲਕਾਂ ਇਰਾਨ, ਇਰਾਕ, ਦੁਬਈ, ਮਸਕਟ ਵਲ ਪ੍ਰਵਾਸ ਕੀਤਾ ਅਤੇ ਰੋਟੀ ਰੋਜੀ ਕਮਾਉਣ ਦੇ ਮਕਸਦ ਨਾਲ ਉਹਨਾਂ ਮੁਲਕਾਂ ਵਿੱਚ ਵੀ ਸਖਤ ਮਿਹਨਤ ਕੀਤੀ। ਇਹ ਪ੍ਰਵਾਸ ਵੀ ਪੰਜਾਬ ਲਈ ਸ਼ੁਭ ਸ਼ਗਨ ਸਾਬਿਤ ਹੋਇਆ ਕਿਉਂਕਿ 1950 ਤੋਂ 1990 ਦੇ ਦੌਰਾਨ ਪੱਛਮੀ ਮੁਲਕਾਂ, ਯੂਰਪੀਅਨ ਮੁਲਕਾਂ ਤੇ ਅਰਬ ਮੁਲਕਾਂ ਵਿੱਚ ਗਏ ਪੰਜਾਬੀਆਂ ਨੇ ਕਮਾਈ ਕਰ ਕਰ ਕੇ ਪੈਸਾ ਪੰਜਾਬ ਭੇਜਿਆ। ਇੱਥੇ ਚੰਗੇ ਘਰ ਬਣਾਏ, ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਤੇ ਆਪਣੇ ਘਰਾਂ ਪਰਿਵਾਰਾਂ ਲਈ ਸੁੱਖ ਸਹੂਲਤਾਂਵਾਂ ਦਾ ਜੁਗਾੜ ਕੀਤਾ। ਉਹਨਾਂ ਸਮਿਆਂ ਦੌਰਾਨ ਬਾਹਰ ਗਏ ਪੰਜਾਬੀਆਂ ਨੇ ਪੰਜਾਬ ਦੀ ਖੇਤੀ ਨੂੰ ਵੀ ਉਨਤ ਕਰਨ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ। ਉਹਨਾਂ ਦੀ ਕਿਰਤ ਕਮਾਈ ਸਦਕਾ ਪੰਜਾਬ ਦਾ ਆਰਥਿਕ ਆਧਾਰ ਮਜਬੂਤ ਹੋਇਆ ਤੇ ਉਹ ਚੰਗਾ ਤੇ ਸੁੱਖਾਂ ਭਰਿਆ ਜੀਵਣ ਬਤੀਤ ਕਰ ਸਕਣ ਦੇ ਸਮਰੱਥ ਹੋ ਗਏ।

ਜਦੋਂ ਇਸ ਤਰ੍ਹਾਂ ਬਾਹਰਲੇ ਮੁਲਕਾਂ ਤੋਂ ਵੱਡੀ ਮਾਤਰਾ ਵਿੱਚ ਪੈਸਾ ਆਉਣ ਲੱਗਾ ਤਾਂ ਖੂਬਸੂਰਤ ਕੋਠੀਆਂ ਦੀ ਉਸਾਰੀ ਹੋਣੀ ਸ਼ੁਰੂ ਹੋਈ ਤਾਂ ਪਿੱਛੇ ਵਸਦੇ ਪੰਜਾਬੀਆਂ ਦੇ ਮਨਾਂ ਅੰਦਰ ਵੀ ਬਾਹਰਲੇ ਮੁਲਕਾਂ ਵਿੱਚ ਜਾ ਕੇ ਕਮਾਈ ਕਰਨ ਦਾ ਝੱਲ ਸਵਾਰ ਹੋ ਗਿਆ ਤੇ ਪੰਜਾਬੀਆਂ ਨੇ ਆਨੇ ਬਹਾਨੇ ਬਾਹਰਲੇ ਮੁਲਕਾਂ ਵਿੱਚ ਸੈਟਲ ਹੋਣ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। ਇੱਕ ਐਸਾ ਦੌਰ ਵੀ ਆਇਆ ਜਿਸ ਨੂੰ ਕਬੂਤਰਬਾਜ਼ੀ ਦਾ ਦੌਰ ਆਖਿਆ ਜਾਂਦਾ ਹੈ। ਵੱਡੇ ਗਾਇਕਾਂ ਤੇ ਕਲਾਕਾਰਾਂ ਨੇ ਪੰਜਾਬੀ ਲੋਕਾਂ ਨੂੰ ਸਾਜਿੰਦੇ ਬਣਾ-ਬਣਾ ਕੇ ਬਾਹਰ ਲੰਘਾਇਆ ਅਤੇ ਉੱਥੇ ਸੈਟਲ ਹੋਣ ਵਿੱਚ ਉਹਨਾਂ ਦੀ ਸਹਾਇਤਾ ਕੀਤੀ ਅਤੇ ਕਰੋੜਾਂ ਅਰਬਾਂ ਰੁਪਏ ਕਬੂਤਰਬਾਜੀ ਦੇ ਇਸ ਪ੍ਰਚਲਨ ਵਿੱਚੋਂ ਉਹਨਾਂ ਨੇ ਕਮਾ ਲਏ। ਇਸ ਤਰ੍ਹਾਂ ਹੁਣ ਬਾਹਰ ਸੈਟਲ ਹੋਣ ਲਈ ਗੈਰ ਕਾਨੂੰਨੀ ਤੇ ਗੈਰ ਇਖਲਾਕੀ ਗਤੀਵਿਧੀਆਂ ਦਾ ਦੌਰ ਪੰਜਾਬ

ਵਿੱਚ ਸ਼ੁਰੂ ਹੋ ਗਿਆ। ਲੋਕਾਂ ਨੇ ਬਾਹਰ ਜਾਣ ਦੇ ਨਵੇਂ ਨਵੇਂ ਢੰਗ ਖੋਜ ਲਏ। ਕੋਈ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਵਿਆਹ ਕਰਵਾ ਕੇ ਬਾਹਰ ਜਾਣ ਲੱਗਾ ਤੇ ਕੋਈ ਕੁਝ ਕਰਨ ਲੱਗਾ। ਅਜਿਹੀਆਂ ਮਿਸਾਲਾਂ ਵੀ ਸਾਹਮਣੇ ਆਈਆਂ ਕਿ ਨੂਹਾਂ ਸਹੁਰਿਆਂ ਨਾਲ, ਭੈਣਾਂ ਭਰਾਵਾਂ ਨਾਲ ਤੇ ਦਿਓਰ ਭਰਜਾਈਆਂ ਨਾਲ ਨਕਲੀ ਵਿਆਹ ਕਰਵਾ-ਕਰਵਾ ਕੇ ਵਿਦੇਸ਼ਾਂ ਵਿੱਚ ਸੈਟਲ ਹੋਣ ਲੱਗੇ। ਇਹ ਪੰਜਾਬੀਆਂ ਵਿੱਚ ਨੈਤਿਕ ਤੇ ਇਖਲਾਕੀ ਗਿਰਾਵਟ ਦੀ ਸਿਖਰ ਸੀ ਕਿ ਇਹਨਾਂ ਨੇ ਬਾਹਰ ਸੈਟਲ ਹੋਣ ਲਈ ਆਪਣੇ ਨਜ਼ਦੀਕੀ ਰਿਸ਼ਤਿਆਂ ਨੂੰ ਵੀ ਪਲੀਤ ਕਰਨ ਵਿੱਚ ਕੋਈ ਸ਼ਰਮ ਹਯਾ ਨਹੀਂ ਕੀਤੀ। ਜਦੋਂ ਅੰਬੈਸੀਆਂ ਵਿੱਚ ਬੈਠੇ ਅੰਗਰੇਜ਼ ਅਫਸਰਾਂ ਨੂੰ ਪੰਜਾਬੀਆਂ ਦੀਆਂ ਇਹਨਾਂ ਚਾਲਾਂ ਕੁਚਾਲਾਂ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸਖ਼ਤੀ ਵਧਾ ਦਿੱਤੀ। ਪੰਜਾਬੀਆਂ ਨੇ ਹੁਣ ਪੜ੍ਹਨ ਬਹਾਨੇ ਬਾਹਰ ਸੈਟਲ ਹੋਣ ਦਾ ਇੱਕ ਹੋਰ ਸੌਖਾ ਰਾਹ ਲੱਭ ਲਿਆ। ਆਇਲਸ ਦੀਆਂ ਦੁਕਾਨਾਂ ਨਾਲ ਪੰਜਾਬ ਦੇ ਸ਼ਹਿਰ ਭਰ ਗਏ ਤੇ ਪਿੰਡਾਂ ਦੇ ਨੌਜਵਾਨ ਮੁਟਿਆਰਾਂ ਆਇਲਟਸ ਕਰ ਕਰਾਕੇ 10+2 ਦੀ ਪੜ੍ਹਾਈ ਤੋਂ ਬਾਅਦ ਕਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟਰੇਲੀਆ ਵਰਗੇ ਮੁਲਕਾਂ ਵੱਲ ਪਰਵਾਸ ਕਰ ਗਏ। ਜਿਹੜੇ ਅਨਪੜ੍ਹ ਪੰਜਾਬੀ ਨੌਜਵਾਨ ਆਈਲੈਟਸ ਵੀ ਨਹੀਂ ਸੀ ਕਰ ਸਕਦੇ ਉਹਨਾਂ ਨੇ ਅਮਰੀਕਾ ਦੀ ਕੰਧ ਟੱਪਣੀ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਨੌਜਵਾਨ ਮਾਲਟਾ ਕਿਸ਼ਤੀ ਕਾਂਡ ਵਿੱਚ ਮਾਰੇ ਗਏ, ਬਹੁਤ ਸਾਰੇ ਨੌਜਵਾਨ ਟੈਂਕਰਾਂ ਵਿੱਚ ਮਾਰੇ ਗਏ। ਕਈਆਂ ਪੰਜਾਬੀ ਔਰਤਾਂ ਦੀਆਂ ਇੱਜ਼ਤਾਂ ਡੌਂਕਰਾਂ ਨੇ ਲੁੱਟ ਲਈਆਂ ਅਤੇ ਕਈਆਂ ਨੂੰ ਡੌਂਕਰਾਂ ਨੇ ਹੀ ਆਪਣੀਆਂ ਗੋਲੀਆਂ ਦਾ ਸ਼ਿਕਾਰ ਬਣਾ ਦਿੱਤਾ। ਇਸ ਤਰ੍ਹਾਂ ਪੰਜਾਬੀਆਂ ਦੇ ਜਾਨ ਮਾਲ ਦਾ ਨੁਕਸਾਨ ਵੀ ਹੋਣ ਲੱਗਾ ਜੋ ਅੱਜ ਤੱਕ ਵੀ ਜਾਰੀ ਹੈ। ਇਧਰੋਂ ਜਮੀਨਾਂ ਵੇਚ ਵੇਚ ਕੇ ਘਰ ਗਹਿਣੇ ਰੱਖ ਰੱਖ ਕੇ ਕਰਜੇ ਚੁੱਕ ਚੁੱਕ ਕੇ ਪੰਜਾਬੀ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਬਾਰ੍ਹਵੀਂ ਪੜ੍ਹੇ ਆਪਣੇ ਨੌਜਵਾਨ ਮੁੰਡੇ ਕੁੜੀਆਂ ਨੂੰ ਇਹਨਾਂ ਮੁਲਕਾਂ ਵੱਲ ਤੋਰਨਾ ਸ਼ੁਰੂ ਕਰ ਦਿੱਤਾ। ਪੰਜਾਬ ਦੀਆਂ ਚੇਤਨ ਧਿਰਾਂ ਨੇ ਇਹਨਾਂ ਲੋਕਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਅਤੇ ਸੋਸ਼ਲ ਮੀਡੀਏ ਰਾਹੀਂ ਪ੍ਰਚਾਰ ਵੀ ਕੀਤਾ ਕਿ ਇੰਨੀ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਵੱਲ ਪ੍ਰਵਾਸ ਕਰਨਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸਿਹਤ ਵਾਸਤੇ ਵੱਡਾ ਖਤਰਾ ਬਣ ਜਾਵੇਗਾ। ਲੇਕਿਨ ਉਹਨਾਂ ਧਿਰਾਂ ਦੀ ਕਿਸੇ ਨੇ ਵੀ ਨਹੀਂ ਸੁਣੀ। ਅੱਜ ਹਾਲਾਤ ਕੀ ਹੈ ਅੱਜ ਪ੍ਰਵਾਸੀ ਬਿਹਾਰ ਅਤੇ ਯੂਪੀ ਤੋਂ ਆ ਕੇ ਪੰਜਾਬ ਦੀ ਰਗ ਰਗ ਵਿੱਚ ਸਮਾਂ ਗਏ ਹਨ ਅਤੇ ਉਹਨਾਂ ਨੇ ਆਪਣੀ ਹਾਜ਼ਰੀ ਦੇ ਨਾਲ ਪੰਜਾਬੀ ਸੱਭਿਆਚਾਰ ਨੂੰ ਪ੍ਰਭਾਵਿਤ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ।

ਅੱਜ ਹਾਲਾਤ ਜੋ ਬਣ ਗਏ ਹਨ ਸਭ ਦੇ ਸਾਹਮਣੇ ਹਨ ਕਿਵੇਂ ਭਾਰਤੀ ਤੇ ਪੰਜਾਬੀ ਲੋਕਾਂ ਨੂੰ ਲੋਹੇ ਦੀਆਂ ਹੱਥ ਕੜੀਆਂ ਤੇ ਜੰਜੀਰਾਂ ਪਹਿਨਾ ਪਹਿਨਾ ਕੇ ਅਮਰੀਕਾ ਤੋਂ ਭਾਰਤ ਵਿੱਚ ਸੁੱਟਿਆ ਗਿਆ ਹੈ। ਇਸ ਨਾਲ ਪੰਜਾਬ ਤੇ ਭਾਰਤ ਦੀ ਸਾਖ਼ ਨੂੰ ਵਿਸ਼ਵ ਪੱਧਰ ਤੇ ਬਹੁਤ ਵੱਡਾ ਧੱਕਾ ਲੱਗਾ ਹੈ। ਅੱਜ ਕੱਲ ਕੈਨੇਡਾ ਦੀ ਸਰਕਾਰ ਵੀ ਅਜਿਹੀ ਤਿਆਰੀ ਵਿੱਚ ਲੱਗੀ ਹੋਈ ਹੈ। ਆਉਣ ਵਾਲੇ ਮਹੀਨਿਆਂ ਵਿੱਚ ਕਨੇਡਾ ਤੋਂ ਵੀ ਵੱਡੀ ਪੱਧਰ ਤੇ ਜਬਰਦਸਤੀ ਪੰਜਾਬੀਆਂ ਨੂੰ, ਭਾਰਤੀਆਂ ਨੂੰ ਮੁਲਕ ਵਿੱਚੋਂ ਕੱਢਿਆ ਜਾਵੇਗਾ। ਇਸ ਲਈ ਹਾਲੇ ਵੀ ਮੌਕਾ ਹੈ ਅਸੀਂ ਆਪਣੇ ਆਪ ਵਿੱਚ ਯਕੀਨ ਕਰਨਾ ਸਿੱਖੀਏ। ਬੇਗਾਨੀ ਸ਼ਾਹ ਤੇ ਮੁੱਛਾਂ ਮਨਾਉਣ ਨਾਲੋਂ ਆਪਣੀ ਬਾਲ ਕੇ ਸੇਕਣਾ ਸਿੱਖੀਏ। ਅੱਧੀ ਖਾ ਲਈਏ, ਇੱਜ਼ਤ ਦੀ ਖਾਈਏ, ਮਾਣ ਸਨਮਾਨ ਦੀ ਖਾਈਏ। ਇਸ ਤਰ੍ਹਾਂ ਵਿਦੇਸ਼ਾਂ ਵਿੱਚ ਕੰਧਾਂ ਟੱਪ ਕੇ ਧੱਕੇ ਖਾ ਖਾ ਕੇ ਪੰਜਾਬੀਅਤ ਦੀ ਸਾਖ ਨੂੰ, ਇੱਜ਼ਤ ਤੇ ਸਨਮਾਨ ਨੂੰ ਖੋਰਾ ਨਾ ਲਾਈਏ। ਜਾਣਾ ਹੀ ਹੈ ਤਾਂ ਕੁਝ ਸਿੱਖ ਕੇ ਜਾਈਏ, ਕੁਝ ਬਣ ਕੇ ਜਾਈਏ ਤਾਂ ਕਿ ਸਾਨੂੰ ਥਾਂ ਦੇਣੀ ਉਹਨਾਂ ਦੀ ਮਜਬੂਰੀ ਬਣ ਜਾਵੇ ਤੇ ਉਹ ਇਸ ਤਰ੍ਹਾਂ ਬੇਇੱਜ਼ਤ ਕਰ ਕਰ ਕੇ ਸਾਨੂੰ ਆਪਣੇ ਮੁਲਕਾਂ ਵਿੱਚੋਂ ਧੱਕੇ ਦੇ ਦੇ ਕੇ ਨਾ ਕੱਢਣ।

**- ਡਾ ਰਾਮ ਮੂਰਤੀ**



# ਰੱਬ ਪ੍ਰਸਤ

-ਸੁਰਿੰਦਰ ਸਿੰਘ ਸੁੰਨੜ

ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ,
ਸਾਡੇ ਵਡ ਵਡੇਰੇ ਸੁਣਿਆ ਰੱਬ ਪ੍ਰਸਤ ਹੋਇਆ ਕਰਦੇ ਸੀ।
ਸੱਚ ਬੋਲਣ ਨੂੰ ਜੀ ਕਰਦਾ ਹੈ।
ਸਾਡੇ ਪਿਓ ਦਾਦੇ ਪੜਦਾਦੇ ਸੱਚ ਪ੍ਰਸਤ ਹੋਇਆ ਕਰਦੇ ਸੀ।
ਦਿਲ ਕਰਦਾ ਹੈ ਅੰਮ੍ਰਿਤਧਾਰੀ ਹੋ ਜਾਵਾਂ ਮੈਂ,
ਪਰ ਡਰਦਾ ਹਾਂ ਅੰਮ੍ਰਿਤ ਦੀ ਮਰਿਆਦਾ ਕੌਣ ਨਿਭਾਊਗਾ।
ਝੂਠਾ ਸੱਚ ਦੀ ਬੋਲੀ ਕਿੱਦਾਂ ਪਾਊਗਾ।
ਝੂਠ ਦੀ ਬੁੱਕਲ ਲਾਹ ਦਿੱਤੀ ਤਾਂ ਠਰ ਜਾਵਾਂਗਾ।
ਸੱਚ ਖਾਅ ਕੇ ਤਾਂ ਜੀਅ ਨਹੀਂ ਹੋਣਾ ਮਰ ਜਾਵਾਂਗਾ।
ਇਹ ਤਾਂ ਬੜਾ ਕਠਨ ਰਸਤਾ ਹੈ ਹੋਰ ਕੋਈ ਉਪਰਾਲਾ ਕਰੀਏ।
ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।
ਸ਼ਬਦ ਗੁਰੂ ਵਿੱਚ ਵਾਸ ਦੇਵ ਦਾ ਨਾਂ ਆਉਂਦਾ ਹੈ।
ਗੀਤਾ ਦਾ ਉਪਦੇਸ਼ ਲਵਾਂ ਮੈਂ ਕੇਸ਼ਵ ਦਾ ਚੇਲਾ ਬਣ ਜਾਵਾਂ।
ਧਰਮਰਾਜ ਤੋਂ ਆਗਿਆ ਲੈ ਕੇ ਅਰਜਨ ਵਾਂਗੂੰ ਤੀਰ ਚਲਾਵਾਂ।
ਮੇਰੇ ਵਿੱਚ ਤਾਂ ਅੱਗ ਬੜੀ ਹੈ ਭੀਮ ਸੈਨ ਦਾ ਪੁੱਤ ਬਣ ਜਾਵਾਂ।
ਲੇਕਿਨ ਮੈਨੂੰ ਡਰ ਲੱਗਦਾ ਹੈ,
ਕਰਨ ਕਿਸੇ ਮਜਬੂਰੀ ਕਾਰਨ,
ਅਰਜਨ ਦੀ ਥਾਂਹ ਤੀਰ ਕਿਤੇ ਮੇਰੇ ਨਾ ਮਾਰੇ।
ਕੀ ਕਰ ਸਕਦਾਂ ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।
ਸਾਡੇ ਵਡ ਵਡੇਰੇ ਸੁਣਿਆ ਰੱਬ ਪ੍ਰਸਤ ਹੋਇਆ ਕਰਦੇ ਸੀ।
ਰਾਮ ਰਾਮ ਕਰਕੇ ਵੇਂਹਦਾ ਹਾਂ ਰਾਮ ਰੱਬ ਦਾ ਉਤਮ ਨਾ ਹੈ।
ਮਰਕਟ ਰੱਬ ਦਾ ਹੋ ਸਕਦਾ ਹੈ ਮੈਨੂੰ ਕੀ ਹੈ।
ਪੁਲ ਬੰਨ ਕੇ ਤੇ ਲੰਕਾ ਵੀ ਨਹੀਂ ਜਾਣਾ ਪੈਣਾ।
ਸ਼ਹਿਰ ਸ਼ਹਿਰ ਹਰ ਗਲੀ ਗਲੀ ਵਿੱਚ ਰਾਵਣ ਰਹਿੰਦੇ।
ਕੁੰਭਕਰਣ ਦੇ ਕਈ ਘਰ੍ਹਾੜੇ ਘਰ ਸੁਣਦੇ ਹਨ।
ਪਰ ਮੈਂ ਸੋਚਾਂ ਦੈਂਤਾਂ ਦੇ ਨਾਲ ਪੰਗਾ ਲੈ ਕੇ ਮੈਂ ਕੀ ਕਰਨਾ।
ਹਨੂਮਾਨ ਤਾਂ ਉਡ ਜਾਂਦਾ ਸੀ ਮੈਥੋਂ ਤਾਂ ਉੱਡਿਆ ਨਹੀਂ ਜਾਣਾ।
ਸਮਝ ਨਹੀਂ ਲੱਗਦੀ ਕੀ ਸੋਚਾਂ ਕਿਹੜਾ ਰਾਹ ਅਪਨਾ ਕੇ ਦੇਖਾਂ।
ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।
ਸਾਡੇ ਪਿਓ ਦਾਦੇ ਪੜਦਾਦੇ ਰੱਬ ਪ੍ਰਸਤ ਹੋਇਆ ਕਰਦੇ ਸੀ।
ਧਰਤੀ ਦੇ ਦੂਜੇ ਪਾਸੇ ਹਾਂ ਚਲ ਸੁਕਰਾਤ ਦੀ ਗੱਲ ਕਰਦੇ ਹਾਂ।
ਗੱਲ ਕਰਨ ਦਾ ਡਰ ਵੀ ਕੀ ਹੈ,
ਆਪਾਂ ਕਿਹੜਾ ਜਹਿਰ ਪਿਆਲਾ ਪੀ ਲੈਣਾ ਹੈ।
ਕੀ ਕਰੀਏ ਕੀ ਨਾ ਕਰੀਏ ਫਿਰ ਸੋਚਾਂਗੇ।
ਅੱਜ ਦੀ ਗੱਲ ਇੱਥੇ ਬੰਦ ਕਰਕੇ ਚਲਦਾ ਹਾਂ ਹੁਣ।
ਕੱਲ ਸਵੇਰੇ ਕੰਮ ਤੇ ਜਾਣਾ, ਕਾਰ ਦੀਆਂ ਕਿਸ਼ਤਾਂ ਬਾਕੀ ਨੇ।
ਹਾਲੇ ਮੈਂ ਵੱਡਾ ਘਰ ਲੈਣਾ ਕੀ ਕਰ ਸਕਦਾਂ।
ਰੱਬ ਪ੍ਰਸਤ ਹੋਣਾ ਚਾਹੁੰਦਾ ਹਾਂ।
ਸਾਡੇ ਵਡ ਵਡੇਰੇ ਸੁਣਿਆ ਰੱਬ ਪ੍ਰਸਤ ਹੋਇਆ ਕਰਦੇ ਸੀ।
ਸਾਡੇ ਪਿਓ ਦਾਦੇ ਪੜਦਾਦੇ ਸੱਚ ਪ੍ਰਸਤ ਹੋਇਆ ਕਰਦੇ ਸੀ।

# ਲਹੂ ਦਾ ਇਹ ਵੀ ਰੰਗ

ਮਨੀਸ਼ (ਤਾਲਿਬ)

ਮੈਨੂੰ ਯਾਦ ਨਹੀਂ ਉਹ ਸਾਲ ਕਿਹੜਾ ਸੀ। ਪਰ ਉਸ ਸਮੇਂ ਮੇਰੀ ਉਮਰ ਕੋਈ 16-17 ਸਾਲ ਹੀ ਹੋਣੀ ਹੈ। ਜਦੋਂ ਮੇਰੇ ਪਿਤਾ ਨੇ ਸਕੂਲ ਵਿੱਚ ਛੁੱਟੀਆਂ ਹੋਣ ਕਾਰਨ ਮੈਨੂੰ ਕੁਝ ਦਿਨਾਂ ਲਈ ਨਵਾਂ ਸ਼ਹਿਰ ਭੇਜ ਦਿੱਤਾ। ਮੈਂ ਆਪਣੀ ਭੂਆ ਦੀ ਲੜਕੀ ਜੋ ਕਿ ਉੱਥੇ ਆਪਣੇ ਪਤੀ ਨਾਲ ਅਤੇ ਤਿੰਨ ਬੱਚਿਆਂ ਦੇ ਨਾਲ ਰਹਿੰਦੀ ਸੀ। ਮੈਂ ਉੱਥੇ ਚਲਾ ਗਿਆ। ਨਵਾਂ ਸ਼ਹਿਰ ਇੱਕ ਬਹੁਤ ਹੀ ਵਿਕਸਿਤ ਤੇ ਆਪਣੇ ਆਪ 'ਚ ਮਸਤ ਸ਼ਹਿਰ ਹੈ। ਉੱਥੇ ਛੋਟੇ-ਮੋਟੇ ਕੰਮ ਕਾਰੋਬਾਰ ਅਤੇ ਛੋਟੀਆਂ ਮੋਟੀਆਂ ਫੈਕਟਰੀਆਂ ਘਰਾਂ ਵਿੱਚ ਹੀ ਕੰਮ ਕਰਦੀਆਂ ਹਨ। ਇੱਥੇ ਦੀ ਰੌਣਕ ਚਮਕ ਦੇਖਣ ਨੂੰ ਹੀ ਭਾਉਂਦੀ ਸੀ ਅਤੇ ਉੱਥੇ ਸ਼ਾਮ ਦੇ ਬਾਜ਼ਾਰ ਵਿੱਚ ਮੇਰੀ ਉਮਰ ਦੇ ਲੜਕੇ-ਲੜਕੀਆਂ ਉਸ ਬਾਜ਼ਾਰ ਦੇ ਵਿੱਚ ਰੌਣਕ ਵਧਾਉਂਦਾਂ ਸਨ। ਉਦੋਂ ਜਵਾਨੀ ਆਪਣੀ ਚਮਕ ਤੇ ਆ ਰਹੀ ਸੀ ਤੇ ਹਰ ਇਕ ਸ਼ੈ ਚੰਗੀ ਲੱਗਦੀ ਸੀ ਨਵੇਂ ਦੋਸਤ ਨਵੇਂ ਚਿਹਰੇ ਕਾਫੀ ਸੋਹਣੇ ਤੇ ਅਨੋਖੇ ਲੱਗਦੇ ਸਨ। ਇੱਥੇ ਨਵੇਂ ਚਿਹਰਿਆਂ ਵਿੱਚ ਉਹ ਮੈਨੂੰ ਆਪਣਾ ਲੱਗਦਾ ਸੀ ਜਿਸ ਨੂੰ ਪਿਆਰ ਨਾਲ ਸਾਰੇ ਅੱਪੂ ਕਹਿੰਦੇ ਸੀ। ਉਹ ਮੇਰੀ ਭੈਣ ਦਾ ਵੱਡਾ ਲੜਕਾ ਸੀ। ਜੋ ਮੇਰੇ ਅੱਗੇ-ਪਿੱਛੇ ਘੁੰਮਦਾ ਸੀ ਤੇ ਮਾਮਾ ਜੀ, ਯਾਰ ਮਾਮਾ ਕਰਦਾ ਰਹਿੰਦਾ ਸੀ। ਉਹ ਤਿੰਨੇ ਬੱਚੇ ਮੇਰੇ ਨਾਲ ਪਿਆਰ ਕਰਦੇ ਸਨ ਤੇ ਮੇਰੀ ਭੈਣ (ਨਿਰਮਲ ਜੀ) ਬਹੁਤ ਸਨੇਹ, ਪੂਜਾ ਪਾਠ ਵਾਲੀ ਔਰਤ ਸੀ।

ਇਹਨਾਂ ਵਿੱਚ ਇੱਕ ਸਾਡਾ ਜੀਜਾ ਸੀ (ਪੰਡਿਤ ਜੀ) ਜੋ ਇਕ ਸਰਕਾਰੀ ਦਫ਼ਤਰ ਵਿੱਚ ਦੂਜੇ ਦਰਜੇ ਦਾ ਅਫ਼ਸਰ ਚੰਗੀ ਪੂੰਜੀਪਤੀ ਸੋਚ ਰੱਖਦਾ ਸੀ ਅਤੇ ਇੱਕ ਮੁਖਤਲਿਫ਼ ਸੋਚ ਦੇ ਨਾਲ ਪੈਸਾ ਕਮਾਉਣਾ ਯਕੀਨ ਰੱਖਦਾ ਸੀ। ਉਸਨੇ ਪ੍ਰੋਪਰਟੀ ਦੇ ਕੰਮ ਅਤੇ ਹੋਰ ਕੰਮਾਂ ਵਿੱਚ ਚੰਗਾ ਪੈਸਾ ਕਮਾ ਲਿਆ ਸੀ ਤੇ ਚੰਗੀ ਜਮੀਨ ਬਣਾਈ ਫਿਰਦਾ ਸੀ ਪ੍ਰਾਪਰਟੀ ਡੀਲਰ ਦੇ ਵਿੱਚ ਕਾਫੀ ਪੈਸਾ ਉਸਨੇ ਬਣਾ ਲਿਆ। ਬਿਨਾਂ ਗੱਲ ਤੋਂ ਕਿਸੇ ਦੇ ਨਾਲ ਗੱਲ ਕਰਨਾ ਉਸ ਨੂੰ ਚੰਗਾ ਨਹੀਂ ਲੱਗਦਾ ਸੀ। ਉਹ ਇੱਕ ਅੱਖੜ ਸੁਭਾਅ ਦਾ ਇਨਸਾਨ ਸੀ। ਉਹ ਕਦੇ ਵੀ ਫਾਲਤੂ ਆਦਮੀ ਦੇ ਕੋਲ ਮੈਂ ਬੈਠਾ ਨਹੀਂ ਦੇਖਿਆ ਸੀ ਨਾ ਹੀ ਉਹ ਪਸੰਦ ਕਰਦਾ ਸੀ ਕਿ ਉਸਦੇ ਘਰ ਜਾਂ ਉਸਦੀ ਦੁਕਾਨ ਤੇ ਕੋਈ ਆ ਕੇ ਬਗੈਰ ਕੰਮ ਤੋਂ ਆ ਕੇ ਉਸਦੇ ਕੋਲ ਬੈਠੇ। ਸਮਾਂ ਉਸ ਕੋਲ ਘੱਟ ਹੀ ਹੁੰਦਾ ਸੀ ਪਰ ਜਦੋਂ ਵੀ ਉਹ ਸਮਾਂ ਮਿਲਦਾ ਤੇ ਉਹ ਆਪਣਾ ਮੋਟਰਸਾਇਕਲ ਚੁੱਕ ਕੇ ਹੋਰ ਸੌਦੇ ਦੇਖਣ ਚਲ ਜਾਂਦਾ। ਹੌਲੀ ਹੌਲੀ ਉਸਦਾ ਸੁਭਾਅ ਮੈਨੂੰ ਸਮਝ ਆ ਗਿਆ ਕੀ ਉਹ ਰੁੱਖਾ ਹੈ। ਜਿਸ ਦੇ ਨਾਲ ਉਸਦੇ ਪਰਿਵਾਰ ਦੇ ਉੱਪਰ ਇਸ ਦਾ ਪ੍ਰਭਾਵ ਪੈਣਾ ਵੀ ਲਾਜ਼ਮੀ ਹੋ ਗਿਆ। ਜਿਸ ਦਾ ਕਾਰਨ ਇਹ ਹੋਇਆ ਉਸ ਦੇ ਬੱਚੇ ਉਸ ਤੋਂ ਡਰਨ ਲੱਗ ਪਏ ਬਗੈਰ ਵਜਹਾ ਤੋਂ ਵੀ ਉਸ ਦਾ ਹੱਥ ਬੱਚਿਆਂ ਦੇ ਉੱਪਰ ਉੱਠ ਜਾਂਦਾ ਸੀ। ਜਿਸ ਕਾਰਨ ਬੱਚਿਆਂ ਦਾ ਉਸ ਪ੍ਰਤੀ ਪ੍ਰੇਮ ਘਟਦਾ ਗਿਆ ਪਰ ਇਸ ਦੇ ਵਿੱਚ ਉਸਨੇ ਕਦੀ ਮੇਰੇ ਨਾਲ ਦੁਰਵਿਹਾਰ ਨਹੀਂ ਕੀਤਾ ਸੀ। ਵਜਾ ਸੀ ਕਿ ਉਹ ਮੈਨੂੰ ਆਪਣੇ ਕੰਮ ਵਾਸਤੇ ਲੈ ਕੇ ਆਇਆ ਸੀ ਨਾ ਕੀ ਆਪਣਾ ਪੁੱਤ ਬਣਾਉਣ ਵਾਸਤੇ ਤੇ ਜਿਸ ਕੋਲ ਕੰਮ ਲੈਣਾ ਹੋਵੇ ਉਸ ਨਾਲ ਪ੍ਰੇਮ ਨਾਲ ਗੱਲ ਹੁੰਦੀ ਹੈ ਝਗੜੇ ਨਾਲ ਨਹੀਂ।

ਉਹ ਇੱਕ ਚੰਗਾ ਪੜ੍ਹਿਆ ਲਿਖਿਆ ਇਨਸਾਨ ਹੋਣ ਕਰਕੇ ਮਹਿਕਮੇ ਦੇ ਵਿੱਚ ਵੀ ਕੰਮ ਕਰਦਾ ਸੀ। ਤਿੰਨੋ ਬੱਚੇ ਇਸ ਤਰ੍ਹਾਂ ਉਸ ਤੋਂ ਡਰਦੇ ਸਨ। ਜਿਵੇਂ ਕੋਈ ਜਨਰਲ ਆਪਣੀ ਯੂਨਿਟ ਵਿੱਚ ਆ ਜਾਂਦਾ ਹੈ ਤੇ ਨਾਲ ਦੇ - ਸਾਥੀ ਘਬਰਾ ਕੇ ਇਧਰ ਉਧਰ ਭੱਜਣ ਲੱਗ ਪੈਂਦੇ ਹਨ।

ਇਹਨਾਂ ਤਿੰਨਾਂ ਬੱਚਿਆਂ ਨੂੰ ਉਸ ਨੇ ਅੰਗਰੇਜ਼ੀ ਸਕੂਲ ਵਿੱਚ ਪੜ੍ਹਾਇਆ।

ਪਰ ਅੱਪੂ ਦਾ ਸਹੀ ਮਾਰਗਦਰਸ਼ਨ ਨਾ ਹੋ ਸਕਿਆ ਉਹ ਅਕਸਰ ਆਪਣੇ ਬਾਪ ਦੀ ਨਰਾਜ਼ਗੀ ਦਾ ਸ਼ਿਕਾਰ ਹੁੰਦਾ ਰਿਹਾ ਉਸ ਨੂੰ ਕੁੱਟ ਮਾਰ ਦੇ ਵਿੱਚ ਪੀ ਐਚ ਡੀ ਦੀ ਡਿਗਰੀ ਹਾਸਲ ਹੋ ਗਈ ਸੀ। ਛੋਟੀ ਛੋਟੀ ਗੱਲ ਤੇ ਕੁੱਟਮਾਰ ਦਾ ਹੋਣਾ ਉਸ ਘਰ ਦੇ ਵਿੱਚ ਆਮ ਹੋ ਗਿਆ।

ਹੌਲੀ ਹੌਲੀ ਗੱਲਾਂ ਵਧਣ ਲੱਗ ਪਈਆਂ।

ਅੱਪੂ ਦੇ ਪਿਤਾ ਨੇ ਉਸ ਨੂੰ ਡਿਪਲੋਮਾ ਕਰਵਾ ਦਿੱਤਾ ਤਾਂ ਕਿ ਕੁਝ ਰੁਜ਼ਗਾਰ ਕਮਾਵੇ। ਪਰ ਸ਼ਾਇਦ ਇਹ ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ ਜ਼ਿਆਦਾ ਮਿੱਠਾ ਵੀ ਜ਼ਹਿਰ ਹੈ ਤੇ ਜ਼ਿਆਦਾ ਫਿੱਕਾ ਵੀ ਹਰ ਚੀਜ਼ ਬਰਾਬਰ ਦੀ ਚੰਗੀ ਹੈ। ਉਹੀ ਗੱਲ ਹੋਈ

ਜਿਆਦਾ ਕੁੱਟਮਾਰ ਨੇ ਉਸ ਨੂੰ ਢੀਠ ਕਰ ਦਿੱਤਾ ਅਤੇ ਉਹ ਆਪਣਾ ਅਲੱਗ ਰਾਹ ਬਣਾਉਣ ਲੱਗ ਪਿਆ।

ਥਾਣੇ ਵਿੱਚ ਅੱਪੂ ਫੜਿਆ ਗਿਆ। ਪਹਿਲਾਂ ਪਹਿਲਾਂ ਬਾਪ ਨੇ ਉਸ ਨੂੰ ਛਡਵਾ ਲਿਆ ਪਰ ਸ਼ਾਇਦ ਮੁਲਾਜ਼ਮ ਉਸ ਨੂੰ ਇੰਨਾ ਨਾ ਕੁੱਟਦੇ ਜਿੰਨਾ ਉਸਨੂੰ ਘਰ ਵਿੱਚ ਕੁੱਟਿਆ ਗਿਆ ਹੌਲੀ ਹੌਲੀ ਥਾਣਿਆਂ ਦੇ ਵਿੱਚ ਉਸ ਤੇ ਪਰਚੇ ਹੋਣ ਲੱਗ ਪਏ ਪਰ ਬਾਪ ਨੇ ਪੈਸਾ ਧੇਲਾ ਦੇ ਕੇ ਉਸਦੀ ਜਾਨ ਛੱਡਉਂਦਾ ਰਿਹਾ। ਵਿਗੜਦਾ ਵਿਗੜਦਾ ਕੰਮ ਵਿਗੜ ਗਿਆ। ਲੋਕਾਂ ਦੇ ਵਿੱਚ ਇਹ ਹੁਣ ਗੱਲ ਆਮ ਹੋ ਗਈ ਸੀ ਕਿ ਪੰਡਿਤ ਜੀ ਦਾ ਲੜਕਾ ਖਰਾਬ ਹੋ ਗਿਆ, ਬਦਨਾਮ ਹੋ ਗਿਆ। ਬਾਪ ਦੇ ਗੁਸੈਲ ਰਵਈਏ ਕਾਰਨ ਕਈ ਪਰਿਵਾਰਾਂ ਦੇ ਬੱਚਿਆਂ ਵਿੱਚ ਇਸ ਪ੍ਰਕਾਰ ਦਾ ਵਿਘਟਨ ਵੇਖਿਆ ਜਾਂਦਾ ਹੈ ਕਿ ਪਿਤਾ ਦੇ ਗੁਸੈਲ ਰਵਈਏ ਕਾਰਨ ਉਸ ਪਰਿਵਾਰ ਦੇ ਵਿੱਚ ਬੱਚੇ ਕਹਿਣੇ ਤੋਂ ਬਾਹਰ ਵੀ ਹੋ ਜਾਂਦੇ ਗੁੱਸਾ ਕਰਨ ਵਾਲਾ ਇਨਸਾਨ ਸ਼ਾਇਦ ਇਹ ਸੋਚਦਾ ਹੈ ਕਿ ਉਸਦੇ ਗੁੱਸੇ ਦੇ ਨਾਲ ਕੁੱਟਮਾਰ ਦੇ ਨਾਲ ਉਸ ਦੇ ਬੱਚੇ ਸੁਧਰ ਜਾਣਗੇ। ਪਰ ਮਨੁੱਖ ਮਨੋਵਿਗਿਆਨੀ ਤੌਰ ਤੇ ਸ਼ਾਇਦ ਇੱਥੇ ਗਲਤ ਹੋਵੇਗਾ ਕਿ ਉਸਦੇ ਜਿਆਦਾ ਕ੍ਰੋਧਿਤ ਹੋਣਾ ਕਿਸੇ ਨੇ ਕਿਸੇ ਮਸਲੇ ਦਾ ਹੱਲ ਹੈ ਪਰ ਗੁੱਸਾ ਇਕ ਹੱਦ ਤੱਕ ਹੀ ਠੀਕ ਹੈ। ਜਦੋਂ ਕੋਈ ਸਾਧਨ ਵੀ ਲੋੜ ਤੋਂ ਵੱਧ ਗਤੀ ਨਾਲ ਚਲਦਾ ਹੈ ਤਾਂ ਉਸਦਾ ਨਿਅੰਤਰਨ ਪਾਰ ਕਰਕੇ ਸੀਮਾ ਰੇਖਾ ਦੀ ਹੱਦ ਨੂੰ ਨੁਕਸਾਨ ਪਹੁੰਚਾਉਂਦਾ ਹੈ ਜੋ ਕਿ ਕਿਸੇ ਵੀ ਅਗਲੇ ਭਵਿੱਖ ਲਈ ਠੀਕ ਨਹੀਂ। ਅਗਰ ਅਸੀਂ ਅਗਲੇ ਭਵਿੱਖ ਨੂੰ ਸੰਭਾਲਣਾ ਹੈ ਤਾਂ ਚਾਹੀਦਾ ਹੈ ਕਿ ਉਸ ਭਵਿੱਖ ਲਈ ਉਸ ਸਾਧਨ ਦੀ ਦੇਖਭਾਲ ਜੋ ਕਿ ਅਨੁਕੂਲ ਢੰਗ ਨਾਲ ਹੀ ਹੋ ਸਕਦੀ ਹੈ, ਉਹ ਅਨੁਕੂਲ ਵਤੀਰਾ ਪ੍ਰੇਮ ਹੈ।

ਅੱਪੂ ਨਾਲ ਇਹ ਵਤੀਰਾ ਸ਼ਾਇਦ ਕਿਸੇ ਨਾ ਕਿਸੇ ਰੂਪ ਵਿੱਚ ਘਟ ਗਿਆ। ਪਹਿਲੇ ਸਾਧਨ ਉੱਪਰ ਹੀ ਜੋਰ ਦਿੱਤਾ ਗਿਆ ਜੋ ਕਿ ਅੱਜ ਦੇ ਸਭਿਆ ਸਮਾਜ ਵਿੱਚ ਮੈਨੂੰ ਕਿਧਰੇ ਠੀਕ ਨਹੀਂ ਲੱਗਦਾ। ਨਤੀਜਾ ਇਹੀ ਹੋਇਆ ਅੱਪੂ ਹੱਥੋਂ ਨਿਕਲ ਗਿਆ। ਸੰਨ 2004 ਈ. ਦੇ ਵਿਚਕਾਰਲਾ ਸਮਾਂ ਸੀ। ਮੈਨੂੰ ਪਤਾ ਲੱਗਾ ਪੰਡਿਤ ਜੀ ਤੇ ਕੋਈ ਰਿਸ਼ਵਤ ਦਾ ਇਲਜ਼ਾਮ ਲੱਗ ਗਿਆ ਹੈ। ਸ਼ਾਇਦ ਕੋਈ ਕਰ ਵਿਭਾਗ ਦਾ ਚੱਕਰ ਵਗੈਰਾ ਪੈ ਗਿਆ। ਮੈਂ ਲੁਧਿਆਣਾ ਨੂੰ ਗਿਆ ਅਤੇ ਆਪਣੀ ਭੈਣ ਜੀ ਦੇ ਘਰ ਉਹਨਾਂ ਦੇ ਕੋਲ ਸਭ ਹਾਲਚਾਲ ਪੁੱਛ ਕੇ ਪੜਤਾਲ ਕੀਤੀ ਭਾਵੇਂ ਕੁਝ ਵੀ ਹੋਵੇ ਕੋਈ ਵੀ ਚਰਿੱਤਰਵਾਨ ਪਤਨੀ ਆਪਣੇ ਪਤੀ ਨੂੰ ਸ਼ਾਇਦ ਘੱਟ ਹੀ ਦੋਸ਼ੀ ਮੰਨੇਗੀ। ਸਾਡੀ ਭੈਣ ਜੀ ਇਸ ਤਰ੍ਹਾਂ ਦੇ ਹੀ ਸਨ ਉਹਨਾਂ ਨੇ ਸਭ ਸਾਜਿਸ਼ ਹੀ ਦੱਸੀ।

ਮੇਰੀ ਮੁਲਾਕਾਤ ਉਸ ਸਮੇਂ ਅੱਪੂ ਨਾਲ ਵੀ ਹੋਈ। ਵਾਕਿਆ ਹੀ ਉਹ ਨਾਂ ਦਾ ਹੀ ਨਹੀਂ ਕੰਮ ਦਾ ਵੀ ਅੱਪੂ ਬਣ ਗਿਆ। ਉਹ ਹੁਣ ਉਸ ਵੇਲੇ ਸਮੈਕ, ਅਵਾਰਾਗਰਦੀ, ਪਰਾਈਆਂ ਔਰਤਾਂ, ਆਦੀ ਨਾਲ ਮੇਲ ਮਿਲਾਪ ਰੱਖਣ ਲੱਗ ਪਿਆ ਸੀ। ਉਸ ਦੇ ਦੋਸਤ ਉਸ ਵਰਗੇ ਹੀ ਬਦਕਾਰ ਅਤੇ ਬਦਚਲਨ ਸਨ। ਬਿਨਾਂ ਸ਼ੱਕ ਉਸਦੇ ਦੋਸਤ ਅਤੇ ਉਸ ਦੀ ਦੁਨੀਆ ਇਕ ਹਨੇਰੀ ਅਤੇ ਕਾਲੀ ਦੁਨੀਆ ਸੀ। ਪਰ ਉਸ ਵਿੱਚ ਮਸਤ ਸੀ ਉਸ ਨੂੰ ਆਪਣੇ ਬਾਪ ਦੀ ਕੋਈ ਚਿੰਤਾ ਨਹੀਂ ਸੀ। ਅਤੇ ਨਾ ਹੀ ਘਰ ਦੀ ਕੋਈ ਚਿੰਤਾ ਸੀ। ਹੱਥਾਂ ਤੇ ਟੈਟੂ ਬਣੇ ਹੋਏ ਸਨ। ਹੁਣ ਉਸ ਦੇ ਦੰਦਾਂ ਤੇ ਉਹ ਤਾਰ ਵੀ ਨਹੀਂ ਸੀ ਜੋ ਕਿ ਕਿਸੇ ਸਮਾਂ ਉਸਦੇ ਘਰ ਵਾਲੀਆ ਨੇ ਲਗਵਾ ਕੇ ਦਿੱਤੀ ਸੀ । ਉਹ ਇਕ ਅਲੱਗ ਹੀ ਆਪਣੇ ਆਪ ਨੂੰ ਪੇਸ਼ ਕਰ ਰਿਹਾ ਸੀ। ਪਰ ਮੈਂ ਉਸਦੀਆਂ ਅੱਖਾਂ ਦੇ ਵਿੱਚ ਦੇਖਿਆ। ਉਹੀ ਮਾਸੂਮ ਬਚਪਨ ਜੋ ਕਿ ਨੌਂ ਦਸ ਸਾਲ ਪਹਿਲਾਂ ਦੇ ਬੱਚੇ ਵਰਗਾ ਸੀ। ਉਹ ਮੇਰੇ ਨਾਲ ਹਾਲੇ ਵੀ ਉਹੀ ਮਾਸੂਮੀਅਤ ਨਾਲ ਗੱਲ ਕਰਦਾ ਪਿਆ ਸੀ ਜਿਸ ਵਿੱਚ ਕੋਈ ਛੱਲ ਅਤੇ ਕਪਟ ਨਹੀਂ ਸੀ ਅੱਜ ਵੀ ਮੈਨੂੰ ਉਸ 'ਚ ਬਚਪਨ ਹੀ ਦਿਖਾਈ ਦਿੱਤਾ।

ਸਮਾਂ ਵੱਧਦਾ ਹੈ ਤੇ ਵੱਧਦਾ ਹੀ ਰਹੇਗਾ।

ਮੇਰਾ ਤੇ ਤੁਹਾਡਾ ਇਸ ਸਮੇਂ ਦੀ ਧਾਰਾ ਤੇ ਕੋਈ ਕੰਟਰੋਲ ਨਹੀਂ। ਕੋਈ ਨਿਰੰਤਰ ਨਹੀਂ ਕੋਈ ਵਾਅਦਾ ਨਹੀਂ। ਛੋਟੇ ਛੋਟੇ ਪੌਦੇ ਜੀਵ ਫੁੱਲ ਅਸੀਂ ਸਭ ਮਨੁੱਖ ਸਭ ਇਸੇ ਦੀ ਰੌਂ ਵਿੱਚ ਵਗਦੇ ਜਾ ਰਹੇ ਹਾਂ। ਇਹ ਲਿਹਾਜ਼ ਨਹੀਂ ਕਰਦਾ ਤੇ ਆਪਣੇ ਨਾਲ ਸਾਨੂੰ ਵੀ ਇਕ ਨਵੇਕਲੇ ਸਫਰ ਤੇ ਲਈ ਜਾ ਰਿਹਾ ਹੈ ਜਿਸ ਦਾ ਨਾਮ ਗਤੀਸ਼ੀਲਤਾ ਹੈ ਜੋ ਕਿ ਅਸਥਿਰ ਹੈ ਚਲਦੀ ਹੈ ਤੇ ਚਲਦੀ ਹੀ ਰਹੇਗੀ। ਇਸ ਤਰ੍ਹਾਂ ਮੇਰੀ ਕਹਾਣੀ ਵੀ ਇਹ ਚੱਲ ਰਹੀ ਹੈ।

ਕੁਝ ਸਾਲ ਬਾਅਦ 2008 ਦੇ ਵਿੱਚ ਸਾਡੇ ਭੂਆ ਪਿਤਾ ਜੀ ਨੇ ਮੈਨੂੰ ਅੱਪੂ ਦੇ ਵਿਆਹ ਦਾ ਦੱਸਿਆ ਕਿ ਉਸਦਾ ਰਿਸ਼ਤਾ ਤੈਅ ਕਰ ਲਿਆ ਗਿਆ ਹੈ। ਇਹ ਸਾਕ ਵੀ ਸਾਡੀ ਭੈਣਜੀ ਨੇ ਬੜੇ ਔਖੇ ਹੋ ਕੇ ਲੱਭਿਆ। ਸਾਡੀ ਮਾਸੀ ਦੀ ਨੂੰਹ ਨੇ ਆਪਣੀ

ਰਿਸ਼ਤੇਦਾਰ ਵਿੱਚ ਹੀ ਰਿਸ਼ਤਾ ਕਰਵਾ ਦਿੱਤਾ। ਅਸੀਂ ਬਾਪ ਬੇਟਾ, ਛੋਟਾ ਵੀਰ ਤਿੰਨੇ ਉਸ ਵਿਆਹ 'ਤੇ ਗਏ।

ਆਪਣੇ ਪਿੰਡ ਤੋਂ ਅੰਮ੍ਰਿਤਸਰ ਆਏ। ਇੱਥੇ ਹੁਣ ਮੈਨੂੰ ਯਾਦ ਨਹੀਂ ਕਿਹੜਾ ਇਲਾਕਾ ਸੀ। ਪਰ ਸ਼ਹਿਰ ਦੇ ਵਿੱਚੋਂ ਵਿੱਚ ਸੀ। ਜਿਸ ਵਿੱਚ ਕਾਰ ਲਿਜਾਣਾ ਮੁਸ਼ਕਲ ਭਾਪਦਾ ਸੀ। ਅਸੀਂ ਫੋਨ ਤੇ ਸੰਪਰਕ ਕੀਤਾ ਪਤਾ ਲੱਗਾ ਫਲਾਣੀ ਗਲੀ ਛੱਡ ਕੇ ਅਗਲੀ ਗਲੀ ਵਿੱਚ ਆ ਜਾਓ। ਸਾਡਾ ਆਮ ਵਿਚਾਰ ਸੀ ਵਿਆਹ ਵਾਲੇ ਘਰ ਆਮ ਤੌਰ ਤੇ ਹੀ ਬਾਜੇ ਗਾਜੇ ਦਾ ਡੀ ਜੇ ਦਾ ਪ੍ਰੋਗਰਾਮ ਹੁੰਦਾ ਹੈ। ਪਰ ਸ਼ਾਇਦ ਇੱਥੇ ਅੱਜ ਇਹ ਲਿਖਣਾ ਠੀਕ ਰਹੇਗਾ ਕਿ ਜਦੋਂ ਉਥੇ ਦਾ ਮਾਹੌਲ ਵੇਖਿਆ ਤਾਂ ਇਵੇਂ ਮਹਿਸੂਸ ਹੋਇਆ ਕਿ ਸ਼ਾਇਦ ਕੋਈ ਮਰਗ ਤੇ ਆ ਗਏ ਹਾਂ ਬਿਲਕੁਲ ਹੀ ਜਲੂਸ ਕੱਢਿਆ ਗਿਆ ਸੀ। ਜਿਸ ਬੱਸ ਵਿੱਚ ਬਰਾਤ ਆਈ ਸੀ ਉਹ ਇਕ ਸਰਦਾਰ ਆਦਮੀ ਸੀ ਉਸਨੇ ਕਿਹਾ ਜੀ ਮੈਨੂੰ ਤਾਂ ਇਹ ਕਹਿ ਕੇ ਲੈ ਕੇ ਆਏ ਹਨ ਕਿ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਜਾਣਾ ਹੈ ਪਰ ਮੈਨੂੰ ਇੱਥੇ ਆ ਕੇ ਪਤਾ ਚੱਲਿਆ ਅਸੀਂ ਬਰਾਤੇ ਆਏ ਹਾਂ।

ਮੇਰੇ ਪਿਤਾ ਜੀ ਨੇ ਮੈਨੂੰ ਦੱਸਿਆ ਕਾਕਾ ਜੀ ਇਸਨੇ ਆਪਣੇ ਵੱਡੇ ਮੁੰਡੇ ਕੋ ਅੱਜ ਬਦਲਾ ਲੈ ਲਿਆ ਕਿ ਉਸਦੇ ਕਹਿਣੇ ਤੋਂ ਬਾਹਰ ਰਿਹਾ ਤੇ ਮੈਂ ਉਹਦਾ ਵਿਆਹ ਇਸ ਤਰੀਕੇ ਨਾਲ ਕਰਕੇ ਆਪਣਾ ਬਦਲਾ ਪੂਰਾ ਕਰ ਲਿਆ। ਸੋਚਿਆ ਜਾਵੇ ਇਕ ਕਰੋੜਪਤੀ ਆਦਮੀ ਜਿਸ ਨੂੰ ਇਹ ਨਹੀਂ ਪਤਾ ਕਿ ਉਸ ਦੀ ਕਿੰਨੀ ਪ੍ਰੋਪਰਟੀ ਹੈ। ਧਨ ਕਿਨਾਂ ਉਹ ਆਪਣੇ ਪੁੱਤਰ ਦੀ ਬਰਾਤ ਇਹ ਕਹਿ ਕੇ ਗੱਡੀ ਵਾਲੇ ਕੋਲੋਂ ਪੈਸੇ ਘਟਾ ਕੇ ਲਿਆ ਰਿਹਾ ਹੈ ਵੀ ਇਹ ਦਰਬਾਰ ਸਾਹਿਬ ਦਰਸ਼ਨਾਂ ਲਈ ਜਾ ਰਹੀ ਹੈ। ਬੜੇ ਸ਼ਰਮ ਦੀ ਗੱਲ ਹੈ। ਅਸੀਂ ਆਪਣੀ ਕਾਰ ਦੇ ਸਪੀਕਰਾਂ ਉਪਰ ਬਰਾਤ ਨੂੰ ਨੱਚਣ ਨੂੰ ਕਿਹਾ ਤਾਂ ਕਿ ਥੋੜੀ ਬਹੁਤੀ ਸ਼ਰਮ ਉਸ ਇਨਸਾਨ ਨੂੰ ਵੀ ਆ ਜਾਵੇ ਜਿਸ ਦੀ ਸ਼ਰਾਰਤ ਨੇ ਸਾਰੀ ਬਰਾਤ ਦਾ ਮੂੰਹ ਨੀਵਾਂ ਕਰਾ ਦਿੱਤਾ। ਇਸ ਵਿੱਚ ਆਉਣ ਵਾਲੇ ਬਰਾਤੀਆਂ ਦਾ ਕੀ ਦੋਸ਼ ਸੀ ਜੇ ਘਰ ਦਾ ਮਸਲਾ ਸੀ ਘਰ ਹੀ ਨਿੱਬੜ ਜਾਂਦਾ ਚਾਰ ਬੰਦੇ ਲਿਆ ਕੇ ਵਿਆਹ ਕਰ ਲੈਂਦੇ ਕੀ ਲੋੜ ਸੀ ਇਹੋ ਜਿਹਾ ਜਨਾਜਾ ਕੱਢਣ ਦਾ।

ਅਸੀਂ ਬਰਾਤ ਦੇ ਨਾਲ ਲੁਧਿਆਣੇ ਸ਼ਹਿਰ ਆ ਗਏ ਇੱਥੇ ਘਰ ਦਾ ਮਾਹੌਲ ਤਾਂ ਉਥੇ ਨਾਲੋਂ ਵੀ ਨੀਰਸ ਦਿਖਿਆ। ਕੋਈ ਲੜੀ ਜਗਮਗਾ ਨਹੀਂ ਰਹੀ । ਕੋਈ ਰੋਸ਼ਨੀ ਨਹੀਂ ਐਵੇਂ ਜਿਵੇਂ ਕੋਈ ਕੰਮ ਤੋਂ ਆ ਕੇ ਮੰਜੇ ਤੇ ਡਿੱਗ ਪਿਆ ਉਹ ਜਿਹਾਂ ਮਾਹੌਲ ਸੀ। ਮਸਰਾਂ ਦੀ ਦਾਲ ਦੇ ਨਾਲ ਸਾਨੂੰ ਰੋਟੀ ਖਲਾਈ ਗਈ। ਇਥੇ ਲਿਖਣਾ ਜ਼ਿਕਰਯੋਗ ਹੈ ਸਾਡੀ ਭੈਣ ਨੇ ਜੋ ਪੁੱਤਰ ਦੇ ਚਾਅ ਵਿਹਾਰ ਹੁੰਦੇ ਹਨ ਉਹ ਕੀਤੇ ਪਰ ਚੁੱਪ ਚਾਪ।

ਅਸੀਂ ਵਾਪਸ ਆਉਣ ਲੱਗੇ ਸਭ ਨੂੰ ਰਾਮ-ਰਾਮ ਕਹਿ ਕੇ ਤੁਰ ਪਏ। ਸਾਡਾ ਇੱਕ ਰਿਸ਼ਤੇਦਾਰ ਜਿੱਦ ਕਰਕੇ ਉਥੇ ਬੈਠਾ ਰਿਹਾ। ਸ਼ਾਇਦ ਉਹ ਦੋ ਘੁੱਟ ਉਡੀਕ ਰਿਹਾ ਸੀ ਵੀ ਰਾਤ ਨੂੰ ਮਿਲੂਗੀ।

ਪਰ ਲੱਗਦਾ ਉਹਦੀ ਇਹ ਖਵਾਹਿਸ਼ ਪੂਰੀ ਨਹੀਂ ਹੋਣੀ ਸੀ ਕਿਉਂਕਿ ਉੱਥੇ ਤਾਂ ਰੋਟੀਆਂ ਵੀ ਪੂਰੀਆਂ ਪੂਰੀਆਂ ਪੈ ਰਹੀਆਂ ਸਨ ਤੇ ਦਾਰੂ ਦੀ -ਗੁੰਜਾਇਸ਼ ਵਾਸਤੇ ਉਥੇ ਮੁਸ਼ਕਿਲ ਸੀ ਵੀ ਕੋਈ ਉਹਦੀ ਖਵਾਹਿਸ਼ ਪੂਰੀ ਕਰਦਾ। ਖ਼ੈਰ ਅਸੀਂ ਆਪਣਾ ਸਫਰ ਇੱਥੇ ਖਤਮ ਕਰਕੇ ਆਪਣੇ ਵਤਨਾਂ ਨੂੰ ਪਰਤ ਪਏ।

ਕੋਈ ਤਿੰਨ ਕੁ ਮਹੀਨੇ ਬਾਅਦ ਉਸ ਘਰ ਦੇ ਵਿੱਚ ਡਰਾਮੇ ਲੱਗਣੇ ਚਾਲੂ ਹੋ ਗਏ। ਸਾਨੂੰ ਸਭ ਨੂੰ ਇਸ ਦਿਨ ਬਾਰੇ ਪਹਿਲਾਂ ਹੀ ਪਤਾ ਸੀ ਪੰਡਿਤ ਜੀ ਨੇ ਆਪਣਾ ਰੁਖਾ, ਕੰਜੂਸੀ, ਗੁਸੈਲ ਰਵਈਏ ਨੂੰ ਨਾ ਛੱਡਿਆ। ਨਤੀਜਾ ਹੋਇਆ ਕਿ ਲੜਕੀ ਆਪਣੇ ਘਰ ਪੇਕੇ ਵਾਪਸ ਆ ਗਈ। ਮੌਜੀ ਉਸ ਦਿਨ ਘਰੋਂ ਨਿਕਲ ਗਿਆ ਤੇ ਮੁੜ ਵਾਪਸ ਨਾ ਆਇਆ।

ਅਸੀਂ ਚਾਰ ਛੇ ਮਹੀਨਿਆਂ ਬਾਅਦ ਉਸ ਪਰਿਵਾਰ ਨੂੰ ਮਿਲੇ ਜਿਸ ਦੀ ਲੜਕੀ ਸੀ। ਲੜਕੀ ਨੇ ਦੱਸਿਆ ਕਿ ਮੇਰੇ ਨਾਲ ਉਸ ਘਰ ਵਿੱਚ ਕੋਈ ਚੰਗਾ ਵਤੀਰਾ ਨਹੀਂ ਹੋਇਆ। ਲੜਕਾ ਪਤਾ ਨਹੀਂ ਕਿੱਥੇ ਚਲਾ ਗਿਆ? ਸਾਡੀ ਭੈਣ ਜੀ ਹੋਰਾਂ ਦਾ ਦੋਸ਼ ਸੀ ਕਿ ਲੜਕਾ ਕੁੜੀ ਵਾਲਿਆਂ ਕੋਲ ਹੋਵੇਗਾ ਤੇ ਕੁੜੀ ਵਾਲਿਆਂ ਦਾ ਦੋਸ਼ ਸੀ ਕਿ ਲੜਕਾ ਮਾਪਿਆਂ ਨੇ ਲੁਕੋ ਲਿਆ।

ਇਸ ਜੱਦੋ ਜਹਿਦ ਦਾ ਕੋਈ ਅੰਤ ਨਹੀਂ ਸੀ ਸ਼ਾਇਦ ਇਸ ਦਾ ਫੈਸਲਾ ਭਵਿੱਖ ਦੇ ਕਿਸੇ ਆਖਰੀ ਪੰਨੇ ਵਿੱਚ ਹੋਵੇਗਾ ਜੋ ਕਿ ਸਾਡੇ ਸਾਹਮਣੇ ਵਕਤ ਆਪਣੇ ਆਪ ਲੈ ਕੇ ਆਵੇਗਾ ਜਾਂ ਕਿਸੇ ਸਾਜਿਸ਼ ਰਚਣ ਵਾਲੇ ਦੀ ਦਿਮਾਗ ਵਿੱਚ ਹੋਵੇਗਾ।

ਸਾਜਿਸ਼ ਤਾਂ ਸੀ ਸਾਡੇ ਪੰਡਤ ਜੀ ਦੀ ਕਿਉਂਕਿ ਉਹ ਜਾਣਦੇ ਸਨ ਕਿ ਅਗਰ ਲੜਕੀ ਨੇ ਦਹੇਜ ਦਾ ਪਰਚਾ ਪਾ ਦਿੱਤਾ ਤਾਂ ਸ਼ਾਇਦ ਛੱਡ ਛੁਡਾਵੇ ਲਈ ਸਾਨੂੰ ਲੱਖਾਂ ਦਾ ਹਰਜਾਨਾ ਭਰਨਾ

ਪਵੇਗਾ ਕੀ ਪਤਾ ਲੜਕਾ ਉਹਨਾਂ ਨੇ ਖੁਦ ਹੀ ਗਾਇਬ ਕਰ ਦਿੱਤਾ ਹੋਵੇ। ਅਸੀਂ ਕਹਾਂਗੇ ਕਿ ਲੜਕਾ ਤੇ ਨੂੰਹ ਰਲੇ ਹੋਏ ਹਨ ਅਤੇ ਸਾਡੇ ਪੈਸੇ ਬਚ ਜਾਣਗੇ। ਅਸੀਂ ਕਿਸੇ ਪ੍ਰਕਾਰ ਦੇ ਕੇਸ ਤੋਂ ਬਚ ਜਾਵਾਂਗੇ ਇੱਕ ਪੜ੍ਹੇ ਲਿਖੇ ਅਤੇ ਅਕਸਰ ਹੀ ਦਿਮਾਗੀ ਇਨਸਾਨ ਦੇ ਇਹੋ ਜਿਹੇ ਵਿਚਾਰ ਹੁੰਦੇ ਹਨ ਜਿਸ ਨੇ ਆਪਣੀ ਜ਼ਿੰਦਗੀ ਦੇ ਵਿੱਚ ਕਈ ਪ੍ਰਕਾਰ ਦੇ ਕੇਸ ਮੁਕਦਮੇ ਦੇਖੇ ਹੋਣ ਕਈ ਮੁਕਦਮੇ ਜਿੱਤੇ ਹੋਣ।

ਪ੍ਰੰਤੂ ਮੇਰੇ ਦਿਮਾਗ ਦਾ ਵਕੀਲ ਇਹ ਸਭ ਦਲੀਲਾਂ ਨੂੰ ਖਾਰਜ ਕਰਦਾ ਹੋਇਆ ਇਹ ਸੋਚਦਾ ਸੀ ਕਿ ਅੱਪੂ ਬੱਝਣ ਵਾਲਾ ਨਹੀਂ ਸੀ। ਨਾ ਹੀ ਉਹ ਘਰ ਵਿੱਚ ਟਿੱਕ ਕੇ ਰਹਿਣ ਵਾਲਾ ਤੇ ਫਿਰ ਉਹ ਗਿਆ ਤਾਂ ਗਿਆ ਕਿੱਥੇ ? ਇਸ ਕਸ਼-ਮ-ਕਸ਼ ਦਾ ਜਵਾਬ ਸ਼ਹਿਰ ਦੀਆਂ ਗਲੀਆਂ ਜਾਂ ਭਵਿੱਖ ਦੇ ਆਖਰੀ ਪੰਨਿਆਂ ਵਿੱਚ ਦਰਜ ਹੋਣਾ ਹੈ। ਮਹਿਲਾ ਵਿਭਾਗ ਦੇ ਕੋਲ ਇਹ ਸਾਰਾ ਕੇਸ ਚਲਾ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਲੜਕੀ ਦਾ ਛੱਡ ਛਡਾ ਕਰ ਦਿੱਤਾ ਗਿਆ। ਲੜਕੀ ਦੀ ਮਾਂ ਤੇ ਲੜਕੀ ਦੇ ਹੱਥ ਕੱਖ ਨਾ ਲੱਗਾ ਤੇ ਨਾ ਹੀ ਕੋਈ ਹਰਜਾਨਾ ਮਿਲਿਆ ਇੱਥੇ ਵੀ ਪੰਡਿਤ ਜੀ ਦੀ ਰਿਸ਼ਵਤ ਵਾਲੀ ਪੋਲਸੀ ਕੰਮ ਆਈ। ਹਰੇਕ ਕੇਸ ਦੀ ਤਰ੍ਹਾਂ ਆਪ ਇਸ ਕੇਸ ਵਿੱਚੋਂ ਵੀ ਆਰਾਮ ਨਾਲ ਬਰੀ ਹੋ ਗਏ ਤੇ ਕਾਨੂੰਨ ਦੇ ਅੱਖਾਂ 'ਚ ਪੱਟੀ ਬੱਜੀ ਰਹਿ ਗਈ।

ਇੱਕ ਗੱਲ ਹੈ ਕਿ ਸਾਡਾ ਇਹ ਸਮਾਜ ਜਿਸ ਵਿੱਚ ਇਕਅਜਿਹਾ ਵਰਗ ਵੀ ਰਹਿੰਦਾ ਹੈ ਜਿਸ ਨੂੰ ਅਸੀਂ ਪੂੰਜੀਪਤੀ ਵਰਗ ਆਖਦੇ ਹਾਂ। ਜੋ ਆਪਣੇ ਸਵਾਰਥਾਂ ਦੇ ਨਾਲ ਅੱਗੇ ਵਧਦਾ ਹੈ ਥੱਲੇ ਵਾਲੇ ਵਰਗ ਨੂੰ ਉਹ ਪੈਰ ਦੀ ਜੁੱਤੀ ਤੇ ਬਰਾਬਰ ਸਮਝਦਾ ਹੈ। ਜੁੱਤੀ ਦੀ ਕਦਰ ਉਹ ਹੁੰਦੀ ਹੈ ਜੋ ਕਿ ਇਨਸਾਨ ਜਦੋਂ ਮਰਜੀ ਚਾਹੇ ਬਦਲਦਾ ਹੈ। ਜਦੋਂ ਨਹੀਂ ਦਿਲ ਕਰਦਾ ਤੇ ਲਾਹ ਕੇ ਕਿਸੇ ਖੂੰਜੇ ਚ ਰੱਖ ਦਿੰਦਾ ਹੈ ਜਾਂ ਸੁਟੱ ਦਿੰਦਾ ਹੈ। ਪਰ ਇੱਕ ਜੁੱਤੀ ਦੀ ਹੋਰ ਮਿਸਾਲ ਵੀ ਹੈ ਕਿ ਵਕਤ ਆਉਣ ਤੇ ਪੈਰ ਦੀ ਜੁੱਤੀ ਇਕ ਦਿਨ ਸਿਰ 'ਤੇ ਵੀ ਪੈ ਜਾਂਦੀ ਹੈ। ਕਿਉਂਕਿ ਹਰ ਇਕ ਸ਼ੈ ਦੀ ਇੱਕ ਨਾ ਇੱਕ ਖਾਸੀਅਤ ਵੀ ਹੁੰਦੀ ਹੈ। ਇਸ ਪ੍ਰਕਾਰ ਪੂੰਜੀਵਾਦੀ ਲੋਕ ਆਪਣੇ ਪੈਸੇ ਦੇ ਜ਼ੋਰ ਦੇ ਨਾਲ ਕਈ ਐਸੇ ਮਸਲੇ ਹੱਲ ਕਰ ਲੈਂਦੇ ਹਨ ਜੋ ਕਿ ਆਮ ਆਦਮੀ ਨਹੀਂ ਪੂਰੇ ਕਰ ਸਕਦਾ। ਇਕ ਵਰਗ ਹੈ ਗਰੀਬ ਸ਼੍ਰੇਣੀ ਦਾ ਇਸ ਵਰਗ ਦਾ ਧਰਮ ਕਿਰਤ ਹੈ ਮੈਂ ਖੁਦ ਨੂੰ ਇਸ ਵਰਗ ਨਾਲ ਜੋੜਨਾ ਆਪਣਾ ਚੰਗਾ ਭਾਗ ਸਮਝਦਾ ਹੈ। ਇਸ ਵਰਗ ਦਾ ਦੋਵਾਂ ਹੱਥਾਂ ਤੇ ਉਸ ਪਰਮਾਤਮਾ, ਸ਼ਕਤੀ ਤੇ ਭਰੋਸਾ ਹੈ ਵਿਸ਼ਵਾਸ ਹੈ। ਇਹਨਾਂ ਦੀ ਦੌਲਤ ਉਹ ਦੋ ਰੋਟੀਆਂ ਹਨ ਜੋ ਸ਼ਾਮ ਨੂੰ ਮਿਲਦੀਆਂ ਹਨ ਤੇ ਉਹੀ ਹਨ ਜੋ ਇਹਨਾਂ ਦੇ ਬੱਚੇ ਹਨ। ਉਹ ਬੱਚੇ ਗਰੀਬ ਦੀ ਦੌਲਤ ਹਨ। ਕਿਸੇ ਦੀ ਸਹੀ ਧਾਰਨਾ ਹੈ ਕਿ ਗਰੀਬ ਦਾ ਬੱਚਾ ਅਮੀਰ ਘਰ ਵਿੱਚ ਸ਼ਾਇਦ ਹੀ ਸੁਖੀ ਰਵੇ, ਕਿਉਂਕਿ ਉਸ ਨੂੰ ਉੱਥੇ ਆਪਣਾ ਸਹੀ ਸਥਾਨ ਪ੍ਰਾਪਤ ਕਰਨ ਲਈ ਜੱਦੋ ਜਹਿਦ ਕਰਨੀ ਪੈਂਦੀ ਹੈ। ਸਮਝਣ ਨੂੰ ਸਮਾਂ ਲੱਗਦਾ ਹੈ। ਜਿੰਨੀ ਦੇਰ ਨੂੰ ਕਿਸੇ ਨੂੰ ਸਮਝਦਾ ਹੈ ਉੱਥੇ ਵਿਘਟਨ ਪੈਦਾ ਹੋਣਾ ਲਾਜ਼ਮੀ ਹੋ ਜਾਂਦਾ ਹੈ। ਮੇਰੀ ਇਹ ਸੋਚ ਹੈ ਆਪਣੀ ਬਰਾਬਰੀ ਵਿੱਚ ਹੀ ਰਿਸ਼ਤਾ ਕਰਨਾ ਚਾਹੀਦਾ ਹੈ। ਜੇ ਕੋਈ ਅਮੀਰ ਵਰਗ ਦਾ ਹੈ ਤਾਂ ਅਮੀਰ ਵਰਗ ਵਿੱਚ ਹੀ ਕਰੇ। ਉਹਨੂੰ ਮੁਬਾਰਕ ਹੈ ਜੇ ਕੋਈ ਗਰੀਬ ਵਰਗ ਦਾ ਹੈ ਤੋ ਆਪਣੇ ਵਰਗ ਵਿੱਚ ਹੀ ਕਰੇ ਉਸ ਨੂੰ ਉਹ ਮੁਬਾਰਕ ਹੈ ਤਾਂ ਕਿ ਜ਼ਿੰਦਗੀ ਸਹੀ ਦਿਸ਼ਾ ਚ ਚਲਦੀ ਰਵੇ। ਅਗਰ ਗੱਡੀ ਦਾ ਇੱਕ ਪਈਆ ਉੱਚਾ ਹੋਵੇ ਇੱਕ ਨੀਵਾਂ ਹੋਵੇ ਤਾਂ ਗੱਡੀ ਸੰਤੁਲਨ ਵਿੱਚ ਨਹੀਂ ਚਲੇਗੀ।

ਮੈਂ ਇਸ ਗੱਲ ਨੂੰ ਹੁਣ ਇੱਥੇ ਛੱਡ ਕੇ ਕਹਾਣੀ ਦੇ ਅਗਲੇ ਕਾਂਡ ਵਿੱਚ ਦਾਖਲ ਹੁੰਦਾ ਹਾਂ।ਜੋ ਕਿ ਇਸੇ ਕਹਾਣੀ ਦਾ ਅਗਲਾ ਮੁੱਖ ਅੰਗ ਹੈ। ਇਕ ਦਿਨ ਸਾਨੂੰ ਫੋਨ ਆਇਆ, ਭੈਣ ਜੀ ਨੇ ਨਵੀਂ ਕੋਠੀ ਬਣਾਈ ਹੈ। ਇਹ ਕੋਠੀ ਅਸੀਂ ਵੀ ਵੇਖਣ ਜਾਣਾ ਸੀ ਕਿਉਂਕਿ ਇਸ ਕੋਠੀ ਦੀਆਂ ਅਗਲੀਆਂ ਕਈ ਕਹਾਣੀਆਂ ਪੈਦਾ ਹੋਣੀਆਂ ਸਨ ਤੇ ਖਤਮ ਹੋਣੀਆਂ ਸਨ। ਸਾਡਾ ਪਰਿਵਾਰ ਅਸੀਂ ਕਿਸੇ ਪ੍ਰੋਗਰਾਮ ਕਾਰਨ ਲੁਧਿਆਣੇ ਗਏ ਸੀ।

ਸਾਡਾ ਉੱਥੇ ਵੀ ਜਾਣਾ ਹੋਇਆ। ਇਸ ਜਗਹਾ ਦਾ ਖਰਚਾ ਕਰੋੜਾਂ ਰੁਪਏ ਵਿੱਚ ਆਇਆ ਸੀ। ਦੇਖਣ ਵਿੱਚ ਇੱਕ ਮਹੱਲ ਸੀ। ਹਰੇਕ ਕਮਰਾ ਦੇਖਣ ਵਿੱਚ ਭਾਉਂਦਾ ਸੀ ਅਸੀਂ ਵਧਾਈ ਦਿੱਤੀ ਤੇ ਘਰਾਂ ਨੂੰ ਵਾਪਸ ਆ ਗਏ। ਇੱਥੇ ਅੱਪੂ ਬਾਰੇ ਪਤਾ ਕਰਨ ਤੇ ਪਤਾ ਲੱਗਾ ਕਿ ਉਸ ਬਾਰੇ ਸਾਨੂੰ ਕੁਝ ਵੀ ਨਹੀਂ ਪਤਾ। ਅਸੀਂ ਗੱਲ ਛੱਡੀ ਤੇ ਵਾਪਸ ਆ ਗਏ।

ਕੋਈ ਦੋ ਸਾਲ ਬਾਅਦ ਮੇਰੀ ਭੈਣ ਜੀ ਦੀ ਬੇਟੀ ਨੇ ਸਟੱਡੀ ਕਰਕੇ ਅਮਰੀਕਾ ਜਾਣ ਦਾ ਪ੍ਰੋਗਰਾਮ ਬਣਾ ਲਿਆ। ਭੈਣ ਜੀ ਨੇ ਦੱਸਿਆ ਕੁਝ ਕੁ ਸਾਲ ਬਾਅਦ ਉਸਨੇ ਵਿਆਹ ਵੀ ਕਰਵਾ ਲਿਆ। ਲੜਕਾ ਤੇ ਪਰਿਵਾਰ ਉਥੇ ਹੀ ਪੱਕਾ ਰਹਿੰਦਾ ਹੈ। ਸਾਡੇ

ਪੰਡਿਤ ਜੀ ਰਿਸ਼ਤੇ ਤੋਂ ਜਿਆਦਾ ਖੁਸ਼ ਨਹੀਂ ਸਨ ਪਰ ਭੈਣ ਜੀ ਨੇ ਆਪ ਜਾ ਕੇ ਅਮਰੀਕਾ ਵਿੱਚ ਸਾਰਾ ਸ਼ਗਨ ਵਿਹਾਰ ਕਰ ਦਿੱਤਾ। ਕੁਝ ਸਾਲ ਬਾਅਦ ਪੰਡਿਤ ਜੀ ਤੇ ਭੈਣ ਜੀ ਦੋਹਾਂ ਦਾ ਵੀਜ਼ਾ ਲੱਗ ਗਿਆ ਪਰ ਗਏ ਨਾ। ਫਿਰ ਛੋਟਾ ਲੜਕਾ ਜੋ ਪੰਡਿਤ ਜੀ ਤੋਂ ਕੁਝ ਖਫਾ ਰਹਿੰਦਾ ਸੀ ਪਰ ਵਿਰੋਧ ਨਹੀਂ ਕਰ ਸਕਦਾ ਸੀ ਉਸ ਵਾਸਤੇ ਰਿਸ਼ਤਾ ਲੱਭ ਲਿਆ। ਉਹ ਵੀ ਅਖਬਾਰ ਦੇ ਵਿੱਚੋਂ ਕੁੜੀ ਨੇ ਨਰਸਿੰਗ ਕੀਤੀ ਸੀ ਜਾਂ ਕਰ ਰਹੀ ਸੀ। ਉਸਦਾ ਅਮਰੀਕਾ ਦਾ ਪ੍ਰੋਗਰਾਮ ਬਣਾਂਵਾਗੇ ਤੇ ਲੜਕੇ ਨੂੰ ਵੀ ਲੈ ਜਾਵੇਗੀ। ਇਸ ਗੱਲ ਕਰਕੇ ਰਿਸ਼ਤਾ ਪੱਕਾ ਹੋਇਆ ਤੇ ਵਿਆਹ ਵੀ ਕੀਤਾ ਗਿਆ। ਵਿਆਹ ਵਿੱਚ ਕਾਫੀ ਰੌਣਕ ਲੱਗੀ ਪਰ ਵਿਆਹ ਦਾ ਅਸਰ ਰੌਣਕ ਤਾਂ ਸਕਿਆ ਭਾਈਆਂ ਨਾਲ ਹੁੰਦੀ ਹੈ। ਨਾ ਸਕੀ ਭੈਣ ਇੱਥੇ, ਨਾ ਸਕਾ ਭਰਾ ਇੱਥੇ ਸਭ ਦੀ ਜੁਬਾਨ ਤੇ ਇਹ ਸੀ ਅੱਪੂ ਕਿੱਥੇ ਹੈ? ਉਹਨਾਂ ਦਾ ਵੀ ਇੱਕੋ ਹੀ ਜਵਾਬ ਸੀ ਹਰ ਵਾਰ ਵਾਂਗੂ ਪਤਾ ਨਹੀਂ।

ਖੈਰ ਵਕਤ ਦੌੜਦਾ ਹੈ ਤੇ ਅਸੀਂ ਵੀ ਚਲਦੇ ਹਾਂ ਅਗਲੇ ਅੰਗ ਵਲ। ਛੋਟੀ ਨੂੰਹ ਚਲੀ ਗਈ ਅਮਰੀਕਾ। ਪਰ ਜਾਂਦੀ ਜਾਂਦੀ ਆਪਣੇ ਸਹੁਰੇ ਦੀ ਗੰਦੀ ਕਰਤੂਤ ਆਪਣੇ ਪਤੀ ਨੂੰ ਦੱਸ ਗਈ ਕਿ ਕਿਸ ਤਰ੍ਹਾਂ ਉਸ ਨੇ ਉਸਦੀ ਪੱਤ ਲੁੱਟਣ ਦੀ ਵੀ ਕੋਸ਼ਿਸ਼ ਕੀਤੀ ਇਹ ਗੱਲ ਜ਼ਿਕਰ ਯੋਗ ਹੈ ਕਿ ਵੱਡੀ ਨੌਂਹ ਨੇ ਇਹੋ ਜਿਹਾ ਇਲਜਾਮ ਆਪਣੇ ਸਹੁਰੇ ਤੇ ਥਾਨੇ ਵਿੱਚ ਲਗਾਇਆ ਸੀ। ਉੱਥੇ ਸਟਡੀ ਕਰਨ ਲੱਗ ਪਈ। ਮੁੰਡੇ ਦਾ ਵੀ ਟਰਾਈ ਕੀਤਾ ਪਰ ਗੱਲ ਨਹੀਂ ਬਣੀ। ਕਹਾਣੀ ਕੁਝ ਗੁੰਝਲਦਾਰ ਹੋ ਰਹੀ ਸੀ। ਪਤਾ ਨਹੀਂ ਕੀ ਉਹ ਲੜਕੀ ਨੇ ਧੋਖਾ ਦੇ ਦਿੱਤਾ। ਪਤਾ ਨਹੀਂ ਲੜਕੇ ਨੇ ਕੁਝ ਕਹਿ ਦਿੱਤਾ ਬਹੁਤ ਪੈਸਾ ਬਰਬਾਦ ਹੋ ਗਿਆ ਇਸ ਮੁੰਡੇ ਤੇ ਪਰ ਗੱਲ ਵੀ ਨਾ ਬਣੀ। ਅੱਜ ਵੀ ਮੁੰਡਾ ਘਰ ਵਿੱਚ ਹੀ ਬੈਠਾ ਹੈ। ਇਧਰ ਸਿਆਣੇ ਕਹਿੰਦੇ ਹਨ ਸਾਜਦੜੀਆਂ ਵਾਜਦੜੀਆਂ ਨਿਭਣ ਸਿਰਾਂ ਦੇ ਨਾਲ। ਕੀ ਜੋ ਆਦਤਾਂ ਇੱਕ ਵਾਰ ਇਨਸਾਨ ਨੂੰ ਪੈ ਜਾਣ ਉਹ ਕਿੱਥੇ ਜਾਨ ਛੱਡਦੀਆਂ ਹਨ।

ਪੰਡਿਤ ਜੀ ਫਿਰ ਕਿਸੇ ਰਿਸ਼ਵਤ ਕੇਸ ਵਿੱਚ ਫਸ ਗਏ ਅਤੇ ਇੱਕ ਦਿਨ ਅਦਾਲਤ ਵਿੱਚ ਕੇਸ ਦੀ ਚਰਚਾ ਚੱਲ ਪਈ। ਪਤਾ ਲੱਗਾ ਕਿ ਜੱਜ ਸਾਹਿਬ ਦਾ ਮੂਡ ਜਰਾ ਕੁ ਖ਼ਰਾਬ ਹੈ ਤੁਹਾਡੇ ਰਿਕਾਰਡ ਬਾਰੇ। ਤਾਂ ਦਿਮਾਗ ਤੋਂ ਕੰਮ ਲਿਆ। ਆਨਨ ਫਾਨਨ ਵਿੱਚ ਅਮਰੀਕਾ ਨੂੰ ਨਿਕਲ ਗਏ। ਬਥੇਰਾ ਵਕੀਲਾਂ ਨੇ ਜੋਰ ਲਾਇਆ ਕਿ ਪੰਡਿਤ ਜੀ ਦੀ ਨੌਂਕਰੀ ਤੇ ਕੇਸ ਨੂੰ ਬਚਾ ਲਈਏ ਪਰ ਜੱਜ ਸਾਹਿਬ ਨੇ ਭਗੋੜਾ ਕਰਾਰ ਕਰਕੇ ਕੇਸ ਕਲੋਜ ਕਰ ਦਿੱਤਾ।

ਕਿਸੇ ਸ਼ਾਇਰ ਨੇ ਕਿਆ ਖੂਬ ਲਿਖਿਆ ਹੈ :–

ਤਖਤ ਵੀ ਗਿਆ ਤਾਜ ਵੀ ਗਿਆ
ਤਾਲਿਬ ਕਰਤੇ ਥੇ ਜਿਸ ਪਰ ਗੁਮਾਨ ਕਬੀ,
ਵੋ ਹਕੂਮਤ ਭੀ ਗਈ ਉਹ ਰਾਜ ਵੀ ਗਿਆ।

ਅੱਜ ਪੰਡਿਤ ਜੀ ਅਮਰੀਕਾ ਵਿੱਚੋਂ ਇੱਥੇ ਆ ਨਹੀਂ ਸਕਦੇ। ਕਿਉਂਕਿ ਅਦਾਲਤੀ ਭਗੋੜੇ ਹਨ ਅਤੇ ਨਾ ਹੀ ਉੱਥੇ ਪੱਕੇ ਹੋ ਸਕਦੇ ਹਨ ਕਿਉਂਕਿ ਪੀਸੀਸੀ ਚਾਹੀਦੀ ਹੈ ਜੋ ਕਿ ਪੰਜਾਬ ਪੁਲਿਸ ਨੇ ਦੇਣੀ ਨਹੀਂ ਹੈ। ਸਾਰੀ ਦੌਲਤ ਜੋ ਅਸੀਂ ਬੇਈਮਾਨੀ ਤੇ ਰਿਸ਼ਵਤ ਨਾਲ ਬਣਾਈ ਸਭ ਇੱਥੇ ਧਰੀ ਰਹਿ ਗਈ। ਸਰਕਾਰੀ ਅਫਸਰ ਪੀ ਐਫ ਜੋ ਡੀਏ ਟੀਏ ਮਿਲਣਾ ਸੀ ਜੋ ਗ੍ਰੈਚਿਟੀ ਬਣਦੀ ਸੀ ਸਭ ਮਾਰਿਆ ਗਿਆ। ਪੈਨਸ਼ਨ ਤੇ ਕਰੋੜਾਂ ਦੀ ਜਾਇਦਾਦ ਸਭ ਇੱਥੇ ਹਨ ਆਪ ਜੀ ਭੋਗ ਤਾਂ ਕੀ ਇਸ ਬਾਰੇ ਸੋਚ ਵੀ ਨਹੀਂ ਸਕਦੇ।

ਹਰ ਕਹਾਣੀ ਦਾ ਅੰਤ ਦੋ ਤਰ੍ਹਾਂ ਦਾ ਹੁੰਦਾ ਹੈ ਜਾਂ ਤਾਂ ਸੁੱਖਾਤਮਕ ਜਾਂ ਦੁੱਖਾਤਮਕ। ਪਰ ਜਦੋਂ ਕੋਈ ਕਹਾਣੀ ਖੁਦ ਉਹ ਖੁਦਾ, ਕਾਦਿਰ ਰਚਨਹਾਰ ਰਚਦਾ ਹੈ। ਉਸ ਵਿੱਚ ਕੋਈ ਮੇਰੇ ਵਰਗਾ ਨਿਮਾਣਾ ਲੇਖਕ ਹੇਰ ਫੇਰ ਕਿਵੇਂ ਕਰ ਸਕਦਾ ਹੈ। ਉਹ ਦਾਤਾ ਜੇ ਕਿਸੇ ਜੀਵ ਤੇ ਦਇਆ ਭਾਵ ਕਰਕੇ ਦੌਲਤ ਬਖਸ਼ਦਾ ਹੈ ਤਾਂ ਉਹ ਦੇਖਦਾ ਹੈ ਕਿ ਇਹ ਮੇਰੇ ਧਨ ਨੂੰ ਕਿਵੇਂ ਵਰਤਦਾ ਹੈ ਤੇ ਕਿਤੇ ਬਰਬਾਦੀ ਤਾਂ ਨਹੀਂ ਕਰ ਰਿਹਾ ? ਲਾਲਚ ਦੇ ਅਧੀਨ ਹੋ ਕੇ ਕਿਧਰੇ ਗਰੀਬ ਅਮੀਰ ਦਾ ਭੇਦ ਤਾਂ ਨਹੀਂ ਕਰਦਾ ? ਜੇਕਰ ਕੋਈ ਧੰਨੀ ਆਦਮੀ ਦੌਲਤ ਦੇ ਨਸ਼ੇ ਨਾਲ ਚੂਰਮ ਚੂਰ ਹੋਇਆ ਗਰੀਬਾਂ ਜਾਂ ਕਮਜ਼ੋਰਾਂ ਉੱਪਰ ਜੁਲਮ ਕਰਦਾ ਹੈ ਤਦ ਵੀ ਉਸਦਾ ਕੋਈ ਮਾੜਾ ਨਹੀਂ ਹੋ ਰਿਹਾ ਤਾਂ ਇਸ ਗੱਲ ਉੱਪਰ ਵਿਚਾਰ ਕਰਨਾ ਹੈ ਉਸ ਜੀਵ ਦਾ ਹਜੇ ਪੁਰਾਤਨ ਚੰਗੇ ਕਰਮਾਂ ਦਾ ਹਿਸਾਬ ਬਾਕੀ ਹੈ। ਜਿਸ ਦਿਨ ਉਸ ਜੀਵ ਦਾ ਚੰਗੇ ਕਰਮਾਂ ਦਾ ਲੇਖਾ ਖ਼ਤਮ ਹੋ ਗਿਆ। ਉਸ ਨੂੰ ਇੱਥੇ ਉਹਨਾਂ ਕਰਮਾਂ ਦਾ ਹਿਸਾਬ ਦੇਣਾ ਪਵੇਗਾ।

ਇਹੋ ਹੀ ਕੰਮ ਸਾਡੇ ਪੰਡਿਤ ਜੀ ਨਾਲ ਹੋਣਾ ਸ਼ੁਰੂ ਹੋ ਚੁੱਕਾ ਸੀ। ਪਹਿਲਾ ਤਾਂ ਕਨੇਡਾ ਲੜਕੀ ਨੇ ਖੁਦ ਹੀ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ। ਫਿਰ ਛੋਟੇ ਲੜਕੇ ਦਾ ਵਿਆਹ ਕੀਤਾ। ਉਹਨਾਂ ਬੰਦਿਆਂ ਦਾ ਕੋਈ ਸਿਰਾ ਖੋਜ ਨਾ ਮਿਲਿਆ। ਨੂੰਹ

ਰਾਣੀ ਨੇ ਲੜਕੇ ਬਾਰੇ ਸੋਚਿਆ ਹੀ ਨਹੀਂ। ਕਈ ਲੱਖਾਂ ਰੁਪਏ ਬਰਬਾਦ ਕਰ ਦਿੱਤੇ। ਹੁਣ ਆਪ ਪੰਡਿਤ ਜੀ ਫਸ ਗਏ ਤੇ ਕਰੋੜਾਂ ਦਾ ਮਾਲਕ ਹੋ ਕੇ ਕਨੇਡਾ ਵਿੱਚ ਕੁਝ ਡਾਲਰਾਂ ਲਈ ਕੰਮ ਕਰ ਰਹੇ ਹਨ। ਜੋ ਕਿ ਉਹਨਾਂ ਨੇ ਕਦੀ ਸੋਚਿਆ ਹੀ ਨਹੀਂ ਸੀ। ਜਿਸ ਕੁੜੀ ਦੇ ਵਿਆਹ ਤੋਂ ਇਤਫਾਕੀ ਨਹੀਂ ਸਨ ਅੱਜ ਉਸ ਦੇ ਘਰ ਵਾਲੇ ਤੋਂ ਕੰਮ ਦੀ ਮਦਦ ਮੰਗ ਕੇ ਆਪਣਾ ਸਮਾਂ ਸਾਰ ਰਹੇ ਹਨ।

ਅਸੀਂ ਇਸ ਕਹਾਣੀ ਦੇ ਅੰਤਲੇ ਸਫਰ ਤੇ ਚਲ ਰਹੇ। ਹਜੇ ਅੰਤ ਬਾਕੀ ਹੈ ਕਿਉਂਕਿ ਕਹਾਣੀ ਦਾ ਮੁੱਖ ਪਾਤਰ ਤਾਂ ਪੰਡਿਤ ਜੀ ਨਹੀਂ ਉਹ ਤਾਂ ਅੱਪੂ ਸੀ। ਇਕ ਸ਼ਾਮ ਮੈਨੂੰ ਫੋਨ ਆਇਆ ਇੱਕ ਘਬਰਾਈ ਹੋਈ ਆਵਾਜ਼ 'ਚ ਮੇਰੀ ਧਰਮ ਪਤਨੀ ਨੇ ਕਿਹਾ ਕਿ ਜਲਦੀ ਘਰ ਆਓ ਜੀ। ਕਿਉਂਕਿ ਅੱਪੂ ਬਾਰੇ ਤਾਂ ਮੇਰੇ ਦਿਮਾਗ ਚ ਕਦੀ ਹੁਣ ਆਇਆ ਹੀ ਨਹੀਂ ਸੀ ਮੈਂ ਸਮਝਿਆ ਛੋਟਾ ਲੜਕਾ ਸ਼ਾਇਦ ਸੁਸਾਈਡ ਕਰ ਗਿਆ। ਪ੍ਰੰਤੂ ਬਾਅਦ ਪਤਾ ਚੱਲਿਆ ਅੱਪੂ ਮਰ ਗਿਆ। ਸਾਡੀ ਮਾਤਾ ਨੇ ਦੱਸਿਆ ਕਿ ਉਸ ਨੂੰ ਕਾਲਾ ਪੀਲਿਆ ਹੋ ਗਿਆ ਸੀ। ਮੈਂ ਸਾਰੀ ਕਹਾਣੀ ਜਾਣਨਾ ਚਾਹੁੰਦਾ ਸੀ ਇਸ ਕਰਕੇ ਮੈਂ ਕੱਲੇ ਕੱਲੇ ਪਹਿਲੂ ਨੂੰ ਪੁੱਛਣਾ ਸ਼ੁਰੂ ਕੀਤਾ।

ਜਦੋਂ ਉਸਦੇ ਵਿਆਹ ਦਾ ਟੁੱਟਣਾ ਤੈ ਹੋਇਆ ਉਹ ਘਰ ਛੱਡ ਕੇ ਚਲਾ ਗਿਆ। ਕਿਉਂਕਿ ਬਾਪ ਦਾ ਡਰ ਸੀ। ਇਸ ਲਈ ਨਸ਼ੇ ਦੀ ਲੱਤ ਦਾ ਹੋਣ ਕਾਰਨ ਪਤਾ ਨਹੀਂ ਕਿੱਥੇ ਕਿੱਥੇ ਧੱਕੇ ਖਾਂਦਾ ਰਿਹਾ । ਮਾਂ ਮਾਂ ਹੁੰਦੀ ਹੈ ਸ਼ਾਇਦ ਕਿਤੇ ਕਿਤੇ ਉਸ ਨਾਲ ਗੱਲ ਵੀ ਕਰਦੀ ਹੋਵੇਗੀ ਪਰ ਉਹ ਵੀ ਪਰੇ ਹੀ ਰਹੀ। ਪਤਾ ਲੱਗਦਾ ਹੈ ਕਿ ਅੱਪੂ ਆਪਣੇ ਆਖਰੀ ਸਮੇਂ ਵਿੱਚ ਅੰਬਾਲੇ ਕਿਸੇ ਹੋਟਲ 'ਤੇ ਸਫਾਈ ਦਾ ਕੰਮ ਕਰਦਾ ਸੀ। ਅੱਪੂ ਦੀ ਕਹਾਣੀ ਵਿੱਚ ਉਸ ਦਾ ਅੰਤ ਵੀ ਉਸ ਦੀ ਬਾਕੀ ਜ਼ਿੰਦਗੀ ਤਰ੍ਹਾਂ ਗੁਪਤ ਰਿਹਾ। ਮੇਰੇ ਪਤਾ ਕਰਨ ਤੇ ਪਤਾ ਚੱਲਿਆ ਕਿ ਉਹ ਕਿਸੇ ਢਾਬੇ ਵਿੱਚ ਕੰਮ ਕਰਦਾ ਰਿਹਾ। ਇਥੇ ਆਪਣੇ ਨਸ਼ੇ ਦੀ ਲੱਤ ਨੂੰ ਪੂਰਾ ਕਰਨ ਲਈ ਮਜ਼ਦੂਰੀ ਕਰਦਾ ਰਿਹਾ। ਉਸਨੇ ਆਪਣੀ ਸਿਹਤ ਵੱਲ ਧਿਆਨ ਨਾ ਦਿੱਤਾ ਤੇ ਬਿਮਾਰੀ ਦਾ ਇਲਾਜ ਨਾ ਕਰਵਾ ਪਾਇਆ।

ਇੱਕ ਰੋਜ ਜਦੋਂ ਉਸਦੀ ਸਿਹਤ ਲੋੜ ਤੋਂ ਜ਼ਿਆਦਾ ਖਰਾਬ ਹੋ ਗਈ ਤਾਂ ਸ਼ਾਇਦ ਉਸਦੇ ਮਾਲਕਾਂ ਜਾਂ ਉਸਦੇ ਕਰੀਬੀਆਂ ਨੇ ਉਸਨੂੰ ਕਿਸੇ ਹਸਪਤਾਲ ਵਿੱਚ ਜਮਾ ਕਰਵਾ ਦਿੱਤਾ ਕਿਉਂਕਿ ਹਾਲਤ ਖਰਾਬ ਸੀ। ਇਸ ਕਾਰਨ ਡਾਕਟਰਾਂ ਨੇ ਜਵਾਬ ਦੇ ਦਿੱਤਾ ਜੋ ਉਸਦੇ ਨਾਲ ਵਾਲੇ ਸਨ ਉਹ ਵੀ ਹੱਥ ਪਿੱਛੇ ਕਰਨ ਲੱਗ ਪਏ ਕਿਉਂਕਿ ਖਰਚਾ ਉਸ ਤੇ ਹੋਣਾ ਸ਼ੁਰੂ ਹੋ ਚੁੱਕਾ ਸੀ। ਜਦੋਂ ਮੌਜੀ ਨੂੰ ਪਤਾ ਲੱਗਾ ਕਿ ਮੇਰੇ ਸ ਦੀ ਹੁਣ ਗੱਲ ਨਹੀਂ ਹੈ ਤਾਂ ਉਸਨੇ ਆਪਣੀ ਜ਼ਿੰਦਗੀ ਦਾ ਰਾਜ ਹੌਲੀ ਹੌਲੀ ਉੱਥੇ ਖੋਲ ਦਿੱਤਾ ਉਸ ਨੇ ਦੱਸਿਆ ਕਿ ਉਹ ਕਰੋੜਾਂਪਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਉਸ ਨੇ ਆਪਣੀ ਮਾਂ ਦਾ ਨੰਬਰ ਦਿੱਤਾ ਇਧਰ ਭੈਣ ਜੀ ਕਿਸੇ ਤਰ੍ਹਾਂ ਦੀ ਐਸੀ ਉਮੀਦ ਤੋਂ ਬੇਖਬਰ ਸੀ ਉਸ ਦਾ ਤਾਂ ਧਿਆਨ ਪਹਿਲੇ ਸਦਮਿਆਂ ਵਿੱਚੋਂ ਹੀ ਬਾਹਰ ਨਹੀਂ ਉਭਰਿਆ ਸੀ। ਇੱਕ ਫੋਨ ਨੇ ਉਸਦੀਆਂ ਹੋਰ ਤਕਲੀਫਾਂ ਚ ਹਿਜਾਫਾ ਕਰ ਦਿੱਤਾ ਭੈਣ ਜੀ ਤੇ ਛੋਟਾ ਬੇਟਾ ਗੱਡੀ ਚੁੱਕ ਦੌੜ ਪਿਆ ਮਾਂ ਦਾ ਦਿਲ ਮਾਂ ਦਾ ਦਰਦ ਇੱਕ ਮਾਂ ਸੀ ਜਾਣ ਸਕਦੀ ਹੈ ਨਾ ਕਿ ਤੁਸੀਂ ਜਾਂ ਕੋਈ ਹੋਰ ਆਨਨ ਫਾਨਨ ਦੇ ਵਿੱਚ ਉਹਨਾਂ ਨੇ ਅੱਪੂ ਨੂੰ ਚੁੱਕਿਆ ਤੇ ਡੀਐਮਸੀ ਲੁਧਿਆਣਾ ਦਾਖਲ ਕਰਵਾ ਦਿੱਤਾ ਇੱਥੇ ਡਾਕਟਰਾਂ ਨੇ ਜਵਾਬ ਦੇ ਦਿੱਤਾ ਭੈਣ ਜੀ ਤੇ ਰਿਸ਼ਤੇਦਾਰ ਉਸ ਨੂੰ ਚੱਕ ਕੇ ਪੀ ਜੀ ਆਈ ਦੌੜ ਪਏ ਡਾਕਟਰਾਂ ਨੇ ਕੁਝ ਦਵਾਈਆਂ ਦੇ ਦਿੱਤੀਆਂ ਅਤੇ ਦਾਖਲ ਕਰਨ ਤੋਂ ਮਨਾ ਕਰ ਦਿੱਤਾ ਪਰ ਪੈਸੇ ਦੇ ਜੋਰ ਤੇ ਉਹਨਾਂ ਨੇ ਉਸ ਨੂੰ ਦਾਖਲ ਕਰਨ ਲਈ ਬੇਨਤੀ ਕੀਤੀ। ਤੇ ਕੁਝ ਦੇਰ ਲਈ ਡਾਕਟਰਾਂ ਨੇ ਦੋ ਹਫਤੇ ਤਿੰਨ ਹਫਤੇ ਉਸਨੂੰ ਉਥੇ ਰੱਖਿਆ ਕਿਉਂਕਿ ਉਸ ਨੂੰ ਕਾਲਾ ਪੀਲਿਆ ਹੋ ਚੁੱਕਾ ਸੀ ਜੋ ਕਿ ਅੰਦਰ ਹੀ ਅੰਦਰ ਕੈਂਸਰ ਬਣ ਚੁੱਕਾ ਸੀ ਜਿਸ ਦਾ ਇਲਾਜ ਹੁਣ ਮੁਸ਼ਕਿਲ ਹੋ ਚੁੱਕਾ ਸੀ ਆਖਰ ਤਿੰਨਾਂ ਹਫਤਿਆਂ ਤੋਂ ਬਾਅਦ ਉਸ ਨੂੰ ਘਰ ਲਿਜਾਣ ਦਾ ਫੈਸਲਾ ਕਰ ਲਿਆ ਗਿਆ। ਹੁਣ ਉਸ ਵਾਸਤੇ ਗਰਮ ਕੱਪੜੇ ਨਵੇਂ ਸਨ ਹੁਣ ਉਸ ਵਾਸਤੇ ਇਕ ਆਲੀਸ਼ਾਨ ਕਮਰਾ ਬਣ ਚੁੱਕਿਆ ਸੀ। ਹੁਣ ਉਸਦੇ ਪੈਰਾਂ ਚ ਨਵੇਂ ਬੂਟ ਸਨ। ਉਹਨੂੰ ਹਰ ਇੱਕ ਸ਼ਹਿ ਦਿੱਤੀ ਜਾ ਰਹੀ ਸੀ। ਹੁਣ ਉਸਨੂੰ ਨਵਾਂ ਮੋਬਾਈਲ ਦਿੱਤਾ ਗਿਆ, ਹੁਣ ਉਸਨੂੰ ਪਿਆਰ ਦਿੱਤਾ ਜਾ ਰਿਹਾ ਸੀ।

ਹੁਣ ਰਿਸ਼ਤੇਦਾਰ ਉਹਦਾ ਹਾਲ ਪੁੱਛਣ ਆਉਣੇ ਸ਼ੁਰੂ ਹੋ ਗਏ ਸਨ ਹੁਣ ਸਭ ਉਸ ਦਾ ਪਿਆਰ ਕਰ ਰਹੇ ਸਨ ਜੋ ਕਿ ਇਹਨਾਂ ਕਦੀ ਕਿਸੇ ਨੇ ਨਹੀਂ ਕੀਤਾ ਸੀ ਪਰੋਣਾ ਸੀ ਪਰੋਣਿਆਂ ਵਾਂਗੂ ਉਸ ਨੂੰ ਪਿਆਰ ਕੀਤਾ ਜਾ ਰਿਹਾ ਸੀ ਉਸ ਦੇ ਦਿਲ ਵਿੱਚ ਇਹ ਸੀ ਵੀ ਹੁਣ ਮੈਂ ਠੀਕ ਆ ਹੁਣ ਮੈਨੂੰ ਕੋਈ ਦਿੱਕਤ ਨਹੀਂ ਮੈਂ ਹੁਣ ਘਰ ਆ ਗਿਆ ਹਾਂ ਮੈਂ ਆਪਣੀ ਮਾਂ ਦੇ ਕੋਲ ਹਾਂ ਆਪਣੇ ਭਰਾ ਦੇ ਕੋਲ ਹੁਣ

ਉਸਦਾ ਇੱਕ ਜਲਾਦ ਬਾਪ ਉਸਦੀ ਜ਼ਿੰਦਗੀ ਤੋਂ ਬਾਹਰ ਕਨੇਡਾ ਚ ਸੀ। ਜਿਸ ਦਾ ਉਸ ਨੂੰ ਡਰ ਸਾਰੀ ਜ਼ਿੰਦਗੀ ਸੀ ਉਹ ਬਾਹਰ ਸੀ। ਪਰ ਇਹ ਖੁਸ਼ੀ ਉਸ ਨੂੰ ਬਹੁਤ ਘੱਟ ਸਮੇਂ ਦੀ ਸੀ। ਇੱਕ ਦਿਨ ਉਹ ਆਪਣੇ ਘਰ ਵਿੱਚ ਸੈਰ ਕਰ ਰਿਹਾ ਸੀ ਉਹ ਸਾਰੇ ਘਰ ਦੇ ਕਮਰੇ ਦੇਖ ਰਿਹਾ ਸੀ ਜੋ ਕਿ ਉਹਦੇ ਵਾਸਤੇ ਬਹੁਤ ਆਲੀ ਸ਼ਾਨ ਸਨ। ਇੱਥੇ ਉਸਨੂੰ ਕੱਲੇ ਕੱਲੇ ਘਰ ਦੇ ਸਮਾਨ ਦੇ ਵਿੱਚ ਆਪਣਾਪਨ ਦਿਖਾਈ ਦੇ ਰਿਹਾ ਸੀ ਪਰ ਜਦੋਂ ਉਸ ਨੇ ਆਪਣੇ ਪਿਤਾ ਦੀ ਇੱਕ ਤਸਵੀਰ ਜਿਸ ਵਿੱਚ ਉਸ ਖੜਾ ਸੀ ਅਤੇ ਨਾਲ ਉਹ ਤਿੰਨੇ ਭੈਣ ਭਰਾ ਖੜੇ ਸਨ ਦੇਖੀ ਤੇ ਉਸ ਨੂੰ ਯਾਦ ਆ ਗਿਆ। ਇਸ ਦਿਨ ਉਸ ਦਾ ਜਨਮਦਿਨ ਸੀ ਜਿਸ ਦਿਨ ਤਸਵੀਰ ਖਿੱਚੀ ਗਈ ਸੀ ਤੇ ਤਸਵੀਰ ਖਿੱਚਣ ਤੋਂ ਪਹਿਲਾਂ ਉਸਦੇ ਬਾਪ ਨੇ ਉਸ ਨੂੰ ਅੱਧਾ ਘੰਟਾ ਕੁੱਟਿਆ ਸੀ। ਇਹ ਗੱਲ ਉਸਦੇ ਦਿਮਾਗ 'ਚ ਘੁੰਮਣ ਲੱਗ ਪਈ। ਘੁੰਮਦੇ ਘੁੰਮਦੇ ਉਹ ਆਪਣੀ ਮਾਂ ਦੇ ਕੋਲ ਆ ਗਿਆ। ਆਪਣੀ ਮਾਂ ਦੀ ਗੋਦੀ ਵਿੱਚ ਸਿਰ ਰੱਖ ਕੇ ਅੱਖਾਂ ਬੰਦ ਕਰਕੇ ਸੌਂ ਗਿਆ। ਮਾਂ ਨੇ ਸ਼ੁਕਰ ਕੀਤਾ ਇਨੇ ਦਿਨਾਂ ਬਾਅਦ ਉਸ ਦਾ ਪੁੱਤ ਆਰਾਮ ਨਾਲ ਸੋ ਗਿਆ ਹੈ। ਉਹ ਚੁੱਪ ਚਾਪ ਉਸ ਥੱਲੇ ਸਿਰਾਣਾ ਦੇ ਕੇ ਉੱਪਰ ਕੰਬਲ ਦੇ ਕੇ ਹੌਲੀ ਜਿਹੇ ਬਾਹਰ ਆ ਗਈ। ਦਰਵਾਜਾ ਇਸ ਤਰੀਕੇ ਨਾਲ ਲਗਾਇਆ ਕਿ ਜਿਸ ਨਾਲ ਉਸ ਦੀ ਨੀਂਦ ਖਰਾਬ ਨਾ ਹੋਵੇ। ਬਾਹਰ ਜਾ ਕੇ ਰਸੋਈ ਵੱਲ ਨੂੰ ਤੁਰ ਪਈ ਤੇ ਉਸ ਦੀ ਮਨ ਪਸੰਦ ਦਾਲ ਚਾਵਲ ਬਣਾਉਣ ਲੱਗ ਪਈ ਤੇ ਦਿਲ 'ਚ ਸੋਚਦੀ ਹੈ ਬਸ ਉਸ ਨੂੰ ਨੀਂਦ ਆ ਗਈ ਸੌ ਗਿਆ ਜਦੋਂ ਉਠੇਗਾ ਤੇ ਗਰਮ ਗਰਮ ਖਿਲਾਵਾਂਗੀ ਅਤੇ ਸੋਚਦੀ ਹੋਈ ਦੂਰ ਆਪਣੀਆਂ ਸੋਚਾਂ 'ਚ ਤੁਰ ਜਾਂਦੀ ਹੈ। ਉਸ ਦਾ ਛੋਟਾ ਭਰਾ ਬੇਕਰੀ ਤੋਂ ਇੱਕ ਕੇਕ ਲੈ ਕੇ ਆਉਂਦਾ ਹੈ ਜੇ ਉਸ ਤੇ ਹੈਪੀ ਬਰਥਡੇ ਲਿਖਿਆ ਹੁੰਦਾ ਹੈ। ਉਸ ਉੱਪਰ ਅੱਪੂ ਦਾ ਨਾਮ ਸੀ। ਚਾਚੇ ਦੀਆਂ ਕੁੜੀਆਂ ਵੀ ਆ ਜਾਂਦੀਆਂ ਹਨ ਉਹ ਸਾਰੇ ਇਹ ਪਲੈਨ ਬਣਾਉਂਦੇ ਹਨ ਕਿ ਅੱਪੂ ਨੂੰ ਸਰਪ੍ਰਾਈਜ਼ ਦਵਾਂਗੇ। ਜਦੋਂ ਚਾਚੇ ਦੀ ਕੁੜੀ ਉਸਨੂੰ ਉਠਾਉਣ ਕਮਰੇ ਵਿੱਚ ਗਈ ਤਾਂ ਕੀ ਦੇਖਦੀ ਹੈ ਇੱਕ ਪਾਸੇ ਕਰਵਟ ਲਈ ਸੁੱਤਾ ਪਿਆ ਅੱਪੂ ਹਲਕੀ ਜਿਹੀ ਖੂਨ ਦੀ ਉਲਟੀ ਕਰਕੇ ਮੋਇਆ ਵਰਗੀ ਹਾਲਤ ਵਿੱਚ ਡਿੱਗਿਆ ਪਿਆ ਹੈ ਉਸ ਦੇ ਇੱਕ ਹੱਥ ਵਿੱਚ ਉਸਦੇ ਵਿਆਹ ਦੀ ਫੋਟੋ ਹੈ ਜਿਸ ਵਿੱਚ ਉਹ ਆਪਣੀ ਪਤਨੀ ਦੇ ਨਾਲ ਖੜਾ ਹੈ ਅਤੇ ਦੂਜੇ ਹੱਥ ਦੇ ਵਿੱਚ ਇੱਕ ਛੋਟੇ ਜਿਹੇ ਤੰਬਾਕੂ ਦਾ ਪੈਕਟ ਪਰ ਉਹ ਹਜੇ ਖੁੱਲਾ ਨਹੀਂ ਸੀ।

ਇਸ ਦ੍ਰਿਸ਼ ਨੂੰ ਦੇਖ ਕੇ ਸਾਰੇ ਘਰਦਿਆਂ ਦਾ ਦਿਲ ਹਿਲ ਜਾਂਦਾ ਹੈ ਤੇ ਅੱਪੂ ਦੇ ਉੱਪਰ ਕੱਪੜਾ ਪਾ ਦਿੱਤਾ ਜਾਂਦਾ ਹੈ। ਸਾਰੇ ਘਰ ਚ ਚੀਕ ਚਿਹਾੜਾ ਮਚ ਜਾਂਦਾ ਹੈ। ਬਸ ਉਸ ਘਰ ਦੇ ਵਿੱਚ ਇਹ ਅੱਪੂ ਦੀ ਆਖਰੀ ਰਾਤ ਸੀ। ਉਸ ਦਿਨ ਉਸਦਾ ਜਨਮ ਦਿਨ ਸੀ। ਉਹ ਦਿਨ ਹੀ ਉਸ ਦਾ ਮਰਨ ਦਿਨ ਬਣ ਗਿਆ।

ਆਪਣੀ ਜ਼ਿੰਦਗੀ ਦੇ ਆਖਰੀ ਸਾਹ ਆਪਣੀ ਮਾਂ ਦੇ ਕੋਲ ਆਪਣੇ ਬਾਪ ਦੀ ਕਰੋੜਾਂ ਦੀ ਕੋਠੀ ਦੇ ਵਿੱਚ ਕੱਟ ਗਿਆ।

ਉਸਦੇ ਮਰਨ ਤੋਂ ਬਾਅਦ ਅਸੀਂ ਉਥੇ ਰਾਤ ਪਹੁੰਚ ਗਏ। ਅਗਲਾ ਦਿਨ ਸਵੇਰ ਦਾ ਬਹੁਤ ਹੀ ਮੰਦਭਾਗਾ ਸੀ। ਇਸ ਕਰਕੇ ਨਹੀਂ ਕੀ ਉੱਥੇ ਮਰਗ ਹੋਈ ਸੀ। ਉਹ ਇਸ ਕਰਕੇ ਕਿ ਜਨਾਜਾ ਚੱਕਣ ਦੇ ਲਈ ਅੰਤਿਮ ਕਿਰਿਆ ਦੇ ਲਈ ਕੋਈ ਵੀ ਅੱਗੇ ਨਹੀਂ ਆ ਰਿਹਾ ਸੀ। ਕਰਮ ਕਾਂਡ ਇਸ਼ਨਾਨ ਵਗੈਰਾ ਮੈਂ ਆਪਣੇ ਹੱਥੀ ਕਰਵਾਇਆ। ਉਸ ਬੱਚੇ ਨੂੰ ਪਰ ਆਖਰੀ ਵਕਤ ਚਾਰ ਮੋਢੇ ਨਹੀਂ ਦਿਖ ਰਹੇ ਸਨ ਹੈਰਾਨ ਸੀ ਕਰੋੜਾਂ ਦੀ ਕੋਠੀ ਇੰਨਾ ਪੈਸਾ ਕੋਈ ਕਮੀ ਨਹੀਂ ਸਿਰਫ ਪੈਸਾ ਹੀ ਕਮਾਇਆ ਬੰਦੇ ਨਹੀਂ ਕਮਾਏ। ਮੈਨੂੰ ਯਾਦ ਆਇਆ ਕਿ ਉਸ ਨੂੰ ਘੋੜੀ ਵੀ ਮੈਂ ਚੜਾਇਆ ਸੀ। ਅੱਜ ਮੇਰੇ ਹੱਥੀ ਆਖਰੀ ਰਾਹ ਨੂੰ ਵੀ ਚਲਿਆ ਗਿਆ ਤੇ ਮੇਰੇ ਮੌਲਾ ਮੈਨੂੰ ਕਦੇ ਵੀ ਇਸ ਤਰਾਂ ਦੇ ਧਰਮ ਸੰਕਟ ਵਿੱਚ ਨਾ ਪਾਈ ਜੋ ਮੈ ਦੇਖ ਲਿਆ। ਉਸਦੇ ਜਨਾਜੇ ਦੀ ਹਾਲਤ ਉਸ ਤੇ ਵਿਆਹ ਦੇ ਕੱਠ ਵਰਗੀ ਹੀ ਸੀ। ਕੰਧਾ ਦੇਣ ਵਾਲੇ ਵੀ ਨਾ ਮਾਤਰ ਸੀ ਬੜੀ ਮੁਸ਼ਕਿਲ ਨਾਲ ਬੰਦੇ ਅੱਗੇ ਆਏ ਤੇ ਕਰੋੜਪਤੀ ਲੋਕਾਂ ਦਾ ਹਸ਼ਰ ਵੀ ਐਸਾ ਹੀ ਹੁੰਦਾ ਹੈ। ਮੈਂ ਇਸ ਬਦਨਸੀਬ ਨੂੰ ਹੋਰ ਕੀ ਕਹਾਂ ਜਿਸ ਦਾ ਸਗਾ ਪਿਓ ਵੀ ਇਸ ਘੜੀ ਵਿੱਚ ਨਾ ਆ ਸਕਿਆ।

ਜਨਾਜੇ ਤੋਂ ਸਭ ਕੇ ਹੀ ਉਠ ਜਾਤੇ ਹੈ ਤਾਲਿਬ ਅਰਥੀ ਕੇ ਕੰਧੇ ਬਤਾਤੇ ਹੈ ਤਾਲਿਬ ਆਦਮੀ ਕਾ ਰੁਤਬਾ ਕੈਸਾ ਥਾਂ,

ਇਧਰ ਅੱਪੂ ਨੂੰ ਦਾਗ ਦਿੱਤਾ ਉਧਰ ਅਮਰੀਕਾ ਦੇ ਵਿੱਚ ਪੰਡਿਤ ਜੀ ਕਿਸੀ ਉੱਚੀ ਜਗ੍ਹਾ ਤੇ ਕੰਮ ਕਰ ਰਹੇ ਸਨ। ਕੋਈ ਚੀਜ਼ ਨੂੰ ਸਕਰੂ ਡਰਾਈਵਰ ਜਾਂ ਪੇਚ ਕੱਸ ਦੇ ਨਾਲ ਕਸਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਅਚਾਨਕ ਉਹੀ ਪੇਚੱਕਸ ਟੁੱਟ ਕੇ ਉਸ ਦੇ ਮੂੰਹ ਦੇ ਵਿੱਚ ਜਾ ਕੇ ਲੱਗਾ ਅਤੇ ਕਾਫੀ ਖ਼ੂਨ ਥੱਲੇ ਗਿਰ ਗਿਆ। ਜਦ ਉਸਨੇ ਖੂਨ ਵੇਖਿਆ ਤਾਂ ਉਸ ਨੂੰ ਇਹ ਮਹਿਸੂਸ ਹੋਇਆ ਕਿ ਕੁਦਰਤ ਕਹਿ ਰਹੀ ਹੈ। ਉਹ ਬੇਸ਼ਰਮ ਇਨਸਾਨ ਵੇਖ ਤੇਰੇ ਖੂਨ ਨੇ ਤੈਨੂੰ ਅੱਜ ਛੱਡ ਦਿੱਤਾ ਤੇਰਾ ਕੋਈ ਤੈਨੂੰ ਛੱਡ ਕੇ ਤੁਰ ਪਿਆ। ਪਰ

ਇਹ ਲਹੂ ਦਾ ਰੰਗ ਅਜੀਬ ਜਿਹਾ ਕਿਉ ਲੱਗ ਰਿਹਾ ਸੀ? ਜਿਵੇ ਕੋਈ ਆਪਣਾ ਫਿਰ ਵੀ ਉਪਰਾ। ਦਿਲ ਕਰਦਾ ਇਸ ਕੋਲ ਬੈਠ ਕੇ ਰੋ ਲਵਾ। ਇਨੀ ਗੱਲ ਜਿਹਨ ਵਿੱਚ ਆਉਣ ਤੋਂ ਬਾਅਦ ਪੰਡਿਤ ਜੀ ਭੁੱਬਾਂ ਮਾਰ ਕੇ ਰੋਣ ਲੱਗ ਪਏ। ਤੇ ਮਹਿਸੂਸ ਹੋਇਆ ਕੁਝ ਤਾਂ ਹੋ ਗਿਆ ਹੈ ਜਿਸ ਦੇ ਕਾਰਨ ਉਸ ਦਾ ਮਨ ਅੱਜ ਰੋਣ ਨੂੰ ਕਰ ਰਿਹਾ ਹੈ। ਉਸ ਤੋਂ ਬਾਅਦ ਯੱਕਾ-ਯੱਕ ਇਕ ਫੋਨ ਵੱਜਾ। ਇਹ ਫੋਨ ਉਸਦੀ ਲੜਕੀ ਦਾ ਸੀ ਉਸ ਨੇ ਦੱਸਿਆ ਕਿ ਅੱਜ ਸਵੇਰੇ ਅੱਪੂ ਚੋਲਾ ਛੱਡ ਗਿਆ। ਉਹ ਕੱਲ੍ਹ ਰਾਤ ਦਾ ਬਿਮਾਰ ਸੀ ਉਹ ਚੋਲਾ ਛੱਡ ਗਿਆ ਹੈ। ਇਨਾ ਸੁਣਨ ਤੋਂ ਬਾਅਦ ਪੰਡਿਤ ਜੀ ਉਸ ਖੂਨ ਦੇ ਕੋਲ ਬੈਠ ਗਏ ਤੇ ਸੋਚ ਰਹੇ ਸਨ ਮੈਨੂੰ ਡੈਡੀ ਜੀ ਕਹਿਣ ਵਾਲਾ ਨਹੀਂ ਰਿਹਾ। ਇਨਾ ਕਹਿਣ ਤੋਂ ਬਾਅਦ ਉਹ ਕੰਮ ਤੋਂ ਛੁੱਟੀ ਲੈ ਕੇ ਘਰ ਚਲਾ ਗਿਆ। ਉਥੇ ਕਮਰੇ ਦੇ ਵਿੱਚ ਖੁਦ ਨੂੰ ਬੰਦ ਕਰਕੇ ਉੱਚੀ ਉੱਚੀ ਰੋਣ ਲੱਗ ਪਿਆ।

ਕੁਝ ਦੇਰ ਰੋਣ ਤੋਂ ਬਾਅਦ ਉਸਨੇ ਹੌਸਲਾ ਕਰਕੇ ਆਪਣੀ ਪਤਨੀ ਨੂੰ ਫੋਨ ਕੀਤਾ ਅਤੇ ਕਿਹਾ ਹੁਣ ਤੂੰ ਹੌਸਲਾ ਕਰਕੇ ਇਸ ਦਾ ਵਿਧੀ ਪੂਰਵਕ ਕਿਰਿਆ ਕਰਮ ਕਰੋ। ਭਗਵਾਨ ਬਦਰੀ ਨਾਥ ਇਸ ਦੀ ਆਤਮਾ ਨੂੰ ਮੁਕਤੀ ਦਵੇ ਸ਼ਾਂਤੀ ਦਵੇ। ਇਨ੍ਹਾਂ ਕਹਿਣ ਤੋਂ ਬਾਅਦ ਉਸਨੇ ਗਾਇਤਰੀ ਮੰਤਰ ਦਾ ਜਾਪ ਕੀਤਾ। ਮੈਂ ਸੋਚਦਾ ਹਾਂ ਕਿ ਇਸ ਤਰਾਂ ਕਰਨ ਦੇ ਨਾਲ ਕੀ ਮੁਕਤ ਹੋ ਗਿਆ ? ਕੀ ਪੰਡਿਤ ਜੀ ਪੁੱਤ ਦੇ ਰਿਣ ਤੋਂ ਮੁਕਤ ਹੋ ਗਏ। ਅੱਪੂ ਕੋਲੋਂ ਪੰਡਿਤ ਜੀ ਦਾ ਖਹਿੜਾ ਛੁੱਟ ਗਿਆ? ਅਗਰ ਇਸ ਤਰ੍ਹਾਂ ਛੁੱਟ ਜਾਂਦਾ ਹੈ ਤਾਂ ਫਿਰ ਤਾਂ ਕੰਮ ਹੀ ਆਸਾਨ ਹੈ।

ਸਾਰੇ ਕਿਰਿਆ ਕਰਮ ਵਿਧੀ ਵਿਧਾਨ ਨਾਲ ਕੀਤੇ ਗਏ ਅਤੇ ਹੌਲੀ ਹੌਲੀ ਸਭ ਰਿਸ਼ਤੇਦਾਰ ਸਾਖ ਸਬੰਧੀ ਉਸ ਘਰ ਤੋਂ ਰੁਖਸਤ ਹੋ ਗਏ। ਰਹਿ ਗਿਆ ਤਾਂ ਸਿਰਫ ਉਹ ਕਰੋੜਾਂ ਦਾ ਮਹਿਲ। ਇਕ ਮਾਂ ਇਕ ਮੁੱਤ ਅਤੇ ਇੱਕ ਅੱਪੂ ਦੀ ਉਹ ਫੋਟੋ ਜੋ ਕਿ ਅੰਤਿਮ ਕਿਰਿਆ ਦੇ ਸਮੇਂ ਰੱਖੀ ਗਈ ਸੀ। ਉੱਥੇ ਕਿਸੇ ਨੋਟਾਂ ਵਾਲੇ ਕਮਰੇ ਵਿੱਚ ਪਈ ਹੋਵੇਗੀ। ਉਹ ਖੂੰਜਾ ਜਿਸ ਤੇ ਕਿਸੇ ਦੀ ਘੱਟ ਹੀ ਨਜ਼ਰ ਜਾਵੇ ਤਾਂ ਕਿ ਲੋਕ ਸਵਾਲ ਨਾ ਪੁੱਛਣ ਜੋ ਕਿ ਇਹ ਸੀ ਇਹ ਤੁਹਾਡਾ ਪੁੱਤਰ ਕਦੋਂ ਪੂਰਾ ਹੋਇਆ। ਪਹਿਲਾਂ ਕਿੱਥੇ ਸੀ? ਅਜੀਬ ਹੈ ਇਸ ਸ਼ਹਿਰ ਕੇ ਲੋਗ ਤਾਲਿਬ ਪਰੇਸ਼ਾਨ ਵੀ ਹੈ ਮਗਰ ਮੁਸਕਰਾ ਤੇ ਹੈ ਮਹਿਫਿਲ ਮੇ। ਮੈਂ ਅੱਪੂ ਨੂੰ ਜਾਣਦਾ ਸੀ ਉਹ ਮੇਰਾ ਬੱਚਾ ਸੀ।

ਮੈਨੂੰ ਪਿਆਰ ਵੀ ਕਰਦਾ ਸੀ ਤੇ ਮੇਰਾ ਮਾਣ ਵੀ ਕਰਦਾ ਸੀ। ਮੈਨੂੰ ਨਹੀਂ ਲੱਗਦਾ ਉਸ ਵਿੱਚ ਸੁਧਾਰ ਦੀ ਗੁੰਜਾਇਸ਼ ਨਹੀਂ ਸੀ। ਅਗਰ ਥੋੜਾ ਜਿਹਾ ਪ੍ਰੇਮ ਤੇ ਡਰਾਵਾ ਦੋਵੇਂ ਇਕੱਠੇ ਕੰਮ ਕਰਨ ਤਾਂ ਕਿਉਂ ਨਾ ਉਹ ਸੁਧਰ ਸਕਦਾ। ਮੇਰੀ ਸੋਚ ਇਹ ਹੈ ਕਿ ਸਭ ਤੋਂ ਪਹਿਲਾਂ ਇਨਸਾਨ ਨੂੰ ਆਪ ਸੁਧਰਨਾ ਚਾਹੀਦਾ ਹੈ ਫਿਰ ਉਹ ਦੂਜੇ ਤੇ ਉਸ ਸੁਧਾਰ ਦੀ ਉਮੀਦ ਕਰੇ।

ਪਿਤਾ ਅਤੇ ਬੇਟੇ ਦੇ ਵਿੱਚ ਇੱਕ ਰਿਸ਼ਤਾ ਹੁੰਦਾ ਹੈ। ਉਹ ਦੋਸਤਾਨਾ ਹੁੰਦਾ ਹੈ ਦੋਹਾਂ ਵਿੱਚ ਗੱਲ ਜਰੂਰੀ ਹੈ ਪ੍ਰੇਮ ਤੇ ਭਉ ਵੀ ਬਹੁਤ ਜਰੂਰੀ ਹੈ। ਪ੍ਰੇਮ ਦਾ ਭਾਵ ਜਿਸ ਨਾਲ ਪ੍ਰੇਮ ਹੋਵੇ ਦੂਜਾ ਜੀਵ ਉਸਦੇ ਬਾਰੇ ਜਿਆਦਾ ਖਿਆਲ ਰੱਖਦਾ ਹੈ। ਭਾਉ ਡਰ ਹੁੰਦਾ ਹੈ ਜਦੋਂ ਦੋ ਜੀਵ ਪ੍ਰੇਮ ਦਾ ਰਿਸ਼ਤਾ ਰੱਖਦੇ ਹਾਂ ਤਾਂ ਭਾਉ ਪੈਦਾ ਹੁੰਦਾ ਹੈ ਜਿਸ ਨਾਲ ਇੱਕ ਡਰ ਪੈਦਾ ਹੁੰਦਾ ਹੈ ਕਿ ਜੇਕਰ ਮੈਂ ਗਲਤੀ ਕੀਤੀ ਤਾਂ ਮੇਰਾ ਪ੍ਰੇਮੀ ਗੁੱਸੇ ਹੋ ਜਾਵੇਗਾ। ਜਿਸ ਪ੍ਰਕਾਰ ਬਾਪ ਬੇਟੇ ਵਿੱਚ ਪ੍ਰੇਮ ਭਉ ਦਾ ਰਿਸ਼ਤਾ ਜਰੂਰੀ ਹੈ। ਇਸ ਨਾਲ ਸੰਤੁਲਨ ਬਣਿਆ ਰਹਿੰਦਾ ਹੈ ਤੇ ਪਰਿਵਾਰ ਵਿੱਚ ਸੁੱਖ ਪ੍ਰਾਪਤ ਹੁੰਦਾ ਹੈ।

ਮਾਤਾ ਪਿਤਾ ਦਾ ਚਾਲ ਚਲਨ ਤੇ ਕਮਾਈ ਦਾ ਧਨ ਬੱਚਿਆਂ ਉਪਰ ਬਹੁਤ ਹੀ ਪ੍ਰਭਾਵ ਪਾਉਂਦਾ ਹੈ। ਜਿਸ ਵਿੱਚ ਅੱਤ ਕਥਨੀ ਨਹੀਂ ਹੋਵੇਗੀ ਜਿਆਦਾਤਰ ਗਰੀਬ ਪਰਿਵਾਰ ਦੇ ਬੱਚੇ ਉੱਚ ਕੋਟੀ ਦੇ ਵਿਦਵਾਨ ਹੋਏ ਹਨ ਤੇ ਗਿਣਤੀ ਤੋਂ ਜਿਆਦਾ ਰਹੀਸ ਪਰਿਵਾਰਾਂ ਦੇ ਬੱਚਿਆਂ ਦਾ ਆਚਰਨ ਗਿਰਾਵਟ ਵਿੱਚ ਪਾਇਆ ਗਿਆ ਹੈ

ਮੈਂ ਇਸ ਵਿੱਚ ਕਿਸੇ ਪੂੰਜੀਵਾਦੀ ਪਰਿਵਾਰ ਦੀ ਨਿਖੇਧੀ ਨਹੀਂ ਕਰਦਾ। ਨਾ ਹੀ ਕਿਸੇ ਨਾਲ ਬਹਿਸ ਮੁਬਾਸੇ ਨੂੰ ਤਰਜੀਹ ਦਿੰਦਾ ਹਾਂ। ਪਰ ਇਹ ਕਥਨ ਨੂੰ ਸਹੀ ਕਰਨ ਦਾ ਯਤਨ ਕਰਦਾਹਾਂ ਕਿ ਮਾਂ ਬਾਪ ਦਾ ਆਚਰਨ ਤੇ ਕਮਾਈ ਦਾ ਸਾਧਨ ਹੀ ਬੱਚਿਆਂ ਦੀ ਪਰਵਰਿਸ਼ ਨੂੰ ਸੰਭਾਲਦਾ ਹੈ।

ਮੇਰੀ ਕਹਾਣੀ ਦਾ ਅੰਤ ਤਾਂ ਇੱਕ ਅੱਪੂ ਦੀ ਮੌਤ ਨਾਲ ਹੋ ਗਿਆ। ਪੰਡਿਤ ਜੀ ਅੱਜ ਅਮਰੀਕਾ ਵਿੱਚ ਆਪਣੇ ਆਖਰੀ ਦਿਨ ਗਿਣ ਰਹੇ ਹਨ। ਜਿਵੇਂ ਸ਼ਾਹਜਹਾਂ ਬਾਦਸ਼ਾਹ ਆਪਣਾ ਆਖਰੀ ਵਕਤ ਤਾਜ ਮਹਿਲ ਦੀ ਯਾਦ ਵਿੱਚ ਤੇ ਮਜਲੂਮਾਂ ਦੀਆਂ ਚੀਖਾਂ ਦੀ ਆਵਾਜ਼ ਵਿੱਚ ਕਰ ਰਿਹਾ ਸੀ। ਉਸ ਤਰ੍ਹਾਂ ਪੰਡਿਤ ਜੀ ਵੀ ਉਸ ਕਰੋੜਾਂ ਦੀ ਕੋਠੀ ਤੇ ਬੇਨਾਮੀ, ਜਾਇਦਾਦ ਇਕੱਠੀ ਕਰਨ ਦੀ ਯਾਦ ਵਿੱਚ ਕਰ ਰਹੇ ਹੋਣਗੇ ਸ਼ਾਇਦ ਉਹ ਕਦੇ ਕਦੇ ਅੱਪੂ ਨੂੰ ਵੀ ਯਾਦ ਕਰਦੇ ਹੋਣਗੇ।

# ਗੁਰੂ ਤੇ.ਗ ਬਹਾਦਰ ਸਾਹਿਬ ਬਾਰੇ ਰਚਿਤ ਪੁਸਤਕਾਂ

-ਚੇਤਨ ਸਿੰਘ
ਸਾਬਕਾ ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ
ਮੋ: 9872981237



ਧਰਮਾਂ ਦੇ ਇਤਿਹਾਸ ਵਿੱਚ ਸਿੱਖ ਧਰਮ ਦੀ ਸ਼ਾਨ ਸਭ ਤੋਂ ਉੱਚੀ ਸ਼ਾਨ ਹੈ, ਕਿਉਂਕਿ ਇਹ ਰੂਹਾਨੀ ਪ੍ਰਕਾਸ਼ ਵਿਚੋਂ ਪੈਦਾ ਹੋਇਆ ਹੈ ਤੇ ਸਿੱਖ ਧਰਮ ਮਨੁੱਖੀ ਕਦਰਾਂ ਕੀਮਤਾਂ ਦਾ ਪਹਿਰੇਦਾਰ ਹੋਣ ਕਾਰਨ ਮਾਨਵਤਾ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ । ਇਸ ਦੇ ਰੂਹਾਨੀਅਤ ਭਰਪੂਰ ਨੈਤਿਕ ਸਿਧਾਂਤ ਕੁਲ ਲੋਕਾਈ ਲਈ ਕਲਿਆਣਕਾਰੀ ਹੋਣ ਕਰਕੇ ਲੋਕਾਈ ਉੱਪਰ ਲਾਗੂ ਹੁੰਦੇ ਹਨ। ਇਹੀ ਗੱਲ ਹੈ ਕਿ ਸਿੱਖ ਗੁਰੂ ਸਾਹਿਬਾਨ ਕੇਵਲ ਪੰਜਾਬ ਦੇ ਹੀ ਨਹੀਂ ਸਗੋਂ ਸਾਰੇ ਸੰਸਾਰ ਦੇ ਸਾਂਝੇ ਗੁਰੂ ਹਨ। ਇਸ ਧਰਤੀ ਦਾ ਕੋਈ ਵੀ ਵਸਨੀਕ ਸਿੱਖ ਗੁਰੂ ਸਾਹਿਬਾਨ ਦੀ ਸਿੱਖਿਆ ਉਤੇ ਅਮਲ ਕਰਕੇ ਆਪਣੇ ਜੀਵਨ ਵਿੱਚ ਰੂਹਾਨੀ ਹਰਿਆਵਲ ਲਿਆ ਸਕਦਾ ਹੈ। ਦਸ ਗੁਰੂ ਸਾਹਿਬਾਨ ਇਕ ਜੋਤ ਸਰੂਪ ਹਨ। ਉਹਨਾਂ ਦੇ 239 ਸਾਲਾਂ ਵਿੱਚ ਵਰਤਾਏ ਰੂਹਾਨੀ ਚੋਜਾਂ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਮੌਜੂਦ ਹੈ।

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਅਸੀਂ ਹਿੰਦ ਦੀ ਚਾਦਰ ਕਹਿਣ ਦੇ ਆਦੀ ਹੋ ਚੁੱਕੇ ਹਾਂ ਪਰ ਉਹਨਾਂ ਦੀ ਕੁੱਲ ਮਾਨਵਤਾ ਪ੍ਰਤੀ ਮਨੁੱਖੀ ਹੱਕ ਹਕੂਕਾਂ ਤੇ ਧਰਮ ਦੀ ਆਜ਼ਾਦੀ ਲਈ ਦਿੱਤੇ ਬਲੀਦਾਨ ਨੂੰ ਗੰਭੀਰਤਾ ਨਾਲ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਆਪ ਜੀ ਕੁੱਲ ਮਨੁੱਖਤਾ ਦੀ ਚਾਦਰ ਹਨ। ਕਈ ਵਾਰ ਅਸੀਂ ਮਹਾਨ ਸ਼ਖਸੀਅਤਾਂ ਦੀ ਪੂਰਨ ਘਾਲ ਕਮਾਈ ਨੂੰ ਸਮਝਣ ਦੀ ਬਜਾਏ ਉਹਨਾਂ ਦੀ ਸਦੀਵ ਕਾਲ ਤੱਕ ਦੀ ਰਹਿਨੁਮਾਈ ਅਤੇ ਮਹਾਨ ਵਡਿਆਈਆਂ ਨੂੰ ਭੁੱਲ ਭੁਲਾ ਜਾਂਦੇ ਹਾਂ। ਸਿੱਖ ਗੁਰੂ ਸਾਹਿਬਾਨ ਦੇ ਇਲਾਹੀ ਜੀਵਨ ਚੋਜ, ਵਿਚਾਰਧਾਰਾ ਅਤੇ ਦੈਵੀ ਕਾਰਜਾਂ ਦਾ ਘੇਰਾ ਤਾਂ ਕੁਲ ਸ੍ਰਿਸ਼ਟੀ ਦੀ ਲੋਕਾਈ ਹੈ ਪਰ ਅਸੀਂ ਉਹਨਾਂ ਨੂੰ ਆਪਣੀ ਸੀਮਤ ਸੋਚ ਅਨੁਸਾਰ ਸੀਮਤ ਸਮਝਿਆ ਹੋਇਆ ਹੈ। "ਸਤਿਗੁਰ ਵਡਾ ਕਰ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ॥" ਅਨੁਸਾਰ ਸਾਨੂੰ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਭਰਪੂਰ ਰੂਹਾਨੀ ਜਜਬੇ ਨਾਲ ਲਬਰੇਜ਼ ਅਤੇ ਮਾਨਸ ਤੋਂ ਦੇਵਤੇ ਬਣਾਉਣ ਵਾਲੇ ਗੁਰੂ ਸਾਹਿਬਾਨ ਦੀ ਬੇਨਜ਼ੀਰ ਸ਼ਾਨ ਨੂੰ ਸਮਝਣ ਅਤੇ ਪ੍ਰਚਾਰ ਪ੍ਰਸਾਰ ਕਰਨ ਲਈ ਆਪਣਾ ਤਨ ਮਨ ਧਨ ਅਰਪ ਕਰਨਾ ਚਾਹੀਦਾ ਹੈ । ਭਾਈ ਗੁਰਦਾਸ ਜੀ ਦਾ ਕਥਨ ਹੈ

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥

ਅਰਥਾਤ ਜੇ ਅਸੀਂ ਆਪਣੇ ਗੁਰੂ ਸਾਹਿਬਾਨ ਪੈਗੰਬਰਾਂ ਦੇ ਦਿਨ ਸਹੀ ਰੂਹਾਨੀ ਆਦਰਸ਼ਾਂ ਅਨੁਸਾਰ ਮਨਾਉਂਦੇ ਹਾਂ ਤਾਂ ਇਹ ਸਫ਼ਲ ਗਿਣੇ ਜਾਂਦੇ ਹਨ। ਇਹ ਸ਼ਤਾਬਦੀਆਂ ਸਾਨੂੰ ਆਪਣੇ ਕੌਮੀ ਫਰਜ਼ਾਂ ਪ੍ਰਤੀ ਜਾਗ੍ਰਤ ਕਰਦੀਆਂ ਹਨ। ਸ਼ਤਾਬਦੀਆਂ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਝਾਕੀਆਂ ਦੁਹਰਾ ਕੇ ਸਾਨੂੰ ਸਿੱਖੀ ਵਿੱਚ ਪਰਪੱਕ ਹੋਣ ਦੀ ਪ੍ਰੇਰਨਾ ਦਿੰਦੀਆਂ ਹਨ। ਸਮੂਹ ਸਿੱਖ ਜਗਤ ਸ਼ਤਾਬਦੀਆਂ ਦੇ ਸਮਾਗਮਾਂ ਦੌਰਾਨ ਇੱਕ ਵਿਸ਼ੇਸ਼ ਚੜ੍ਹਦੀਕਲਾ ਦੇ ਆਲਮ ਵਿੱਚ ਆ ਜਾਂਦਾ ਹੈ।

ਅਸੀਂ ਇਹ ਵਿਚਾਰ ਪਹਿਲਾਂ ਤੋਂ ਹੀ ਕਹਿ ਰਹੇ ਹਾਂ ਕਿ ਸਿੱਖ ਇਤਿਹਾਸਿਕ ਸ਼ਤਾਬਦੀਆਂ ਦੀ ਸਦੀਵੀ ਯਾਦ ਅਤੇ ਲਾਭ ਪੱਖੋਂ ਦੋ ਕਾਰਜ ਬਹੁਤ ਮਹੱਤਵਪੂਰਨ ਸਾਬਤ ਹੁੰਦੇ ਹਨ। ਪਹਿਲਾ ਲਾਭ ਤਾਂ ਇਹ ਹੈ ਕਿ ਇਹਨਾਂ ਸ਼ਤਾਬਦੀ ਪ੍ਰੋਗਰਾਮਾਂ ਵਿੱਚੋਂ ਕੁਝ ਅਜਿਹੀਆਂ ਇਤਿਹਾਸਕ ਇਮਾਰਤਾਂ, ਗੁਰ ਇਤਿਹਾਸਕ ਸਥਾਨਾਂ ਦੀ ਸਾਂਭ ਸੰਭਾਲ, ਪੁਨਰ ਉਸਾਰੀ ਅਤੇ ਸੰਸਥਾਵਾਂ ਹੋਂਦ ਵਿੱਚ ਆਉਂਦੀਆਂ ਹਨ ਜੋ ਕਿ ਸਿੱਖ ਕੌਮ ਦੀਆਂ ਸਦੀਵੀ ਪ੍ਰਾਪਤੀਆਂ ਹੁੰਦੀਆਂ ਹਨ। ਜਿਵੇਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਦਿਹਾੜੇ ਵਾਲੀ ਸ਼ਤਾਬਦੀ ਸਮੇਂ 1969 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਹੋਂਦ

ਵਿੱਚ ਆਉਣ ਦੇ ਨਾਲ ਹੀ ਵੱਡੀ ਗਿਣਤੀ ਵਿੱਚ ਖ਼ਾਲਸਾ ਕਾਲਜ ਤੇ ਹੋਰ ਵਿਦਿਅਕ ਅਦਾਰੇ ਹੋਂਦ ਵਿੱਚ ਆਏ ਸਨ। ਇਸ ਨਾਲ ਸਿੱਖ ਜਗਤ ਦਾ ਬੌਧਿਕ ਵਿਕਾਸ ਹੋਇਆ। ਇਸ ਸਮੇਂ ਗੁਰੂ ਸਾਹਿਬਾਨ ਦੀ ਚਰਨ ਛੁਹ ਪ੍ਰਾਪਤ ਨਗਰਾਂ ਤੇ ਗੁਰ ਇਤਿਹਾਸਿਕ ਸਥਾਨਾਂ ਦਾ ਸੁੰਦਰੀਕਰਨ ਹੋਇਆ ਅਤੇ ਹੋਰ ਜ਼ਰੂਰੀ ਯਾਦਗਾਰੀ ਇਮਾਰਤਾਂ ਵੀ ਹੋਂਦ ਵਿੱਚ ਆਈਆਂ।

ਸਿੱਖ ਸ਼ਤਾਬਦੀਆਂ ਦਾ ਦੂਜਾ ਲਾਭ ਸਿੱਖ ਸਾਹਿਤ ਵੱਡੀ ਗਿਣਤੀ ਵਿੱਚ ਲਿਖਿਆ ਤੇ ਛਪਵਾਇਆ ਜਾਣਾ ਹੈ। ਸਿੱਖ ਇਤਿਹਾਸ ਸਾਡਾ ਗੌਰਵਮਈ ਵਿਰਸਾ ਹੈ। ਸਾਡੇ ਇਤਿਹਾਸ ਦਾ ਹਰ ਪੰਨਾ ਸ਼ਹੀਦੀਆਂ ਦਾ ਜ਼ਿਕਰ ਕਰਦਾ ਹੈ। ਇਸ ਸਮੇਂ ਪ੍ਰਕਾਸ਼ਿਤ ਹੁੰਦੀਆਂ ਵੱਖ ਵੱਖ ਪੁਸਤਕਾਂ ਨਾਲ ਜਿੱਥੇ ਸਿੱਖ ਇਤਿਹਾਸ ਦਾ ਪੁਨਰ ਪ੍ਰਕਾਸ਼ਨ ਕਰਕੇ ਸਦੀਵੀ ਤੌਰ ਤੇ ਸੰਭਾਲਿਆ ਅਤੇ ਉਪਲਬਧ ਕਰਵਾਇਆ ਜਾਂਦਾ ਹੈ, ਉਥੇ ਸਿੱਖ ਜਗਤ ਦੀ ਬਾਲ ਅਤੇ ਨੌਜਵਾਨ ਪੀੜ੍ਹੀ ਨੂੰ ਆਪਣੇ ਮਹਾਨ ਵਿਰਸੇ ਤੋਂ ਜਾਣੂ ਕਰਾਉਣ ਦਾ ਕੌਮੀ ਫਰਜ਼ ਵੀ ਨਿਭਾਇਆ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਉਤਸਵ ਸਮੇਂ ਬਹੁਤ ਸਾਰਾ ਸਿੱਖ ਸਾਹਿਤ ਹੋਂਦ ਵਿੱਚ ਆਇਆ ਸੀ। ਸਿੱਖ ਜਗਤ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਸ਼ਾ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਤਿਹਾਸ ਸਬੰਧੀ ਪੁਸਤਕਾਂ ਛਾਪ ਕੇ ਪੰਥਕ ਉਸਾਰੀ ਵਿੱਚ ਵਡਮੁੱਲਾ ਯੋਗਦਾਨ ਪਾਇਆ ਸੀ। ਪ੍ਰੰਤੂ ਇਹ ਕੌਮੀ ਖ਼ੇਦ ਵਾਲੀ ਗੱਲ ਹੈ ਕਿ 1969 ਦੇ ਮੁਕਾਬਲੇ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਸਮੇਂ ਪ੍ਰਕਾਸ਼ਿਤ ਹੋਇਆ ਸਾਹਿਤ, ਪਹਿਲਾਂ 1969 ਨਾਲੋਂ ਕਈ ਗੁਣਾਂ ਘੱਟ ਪ੍ਰਕਾਸ਼ਿਤ ਹੋਇਆ, ਜਦ ਕਿ ਆਧੁਨਿਕ ਯੁੱਗ ਦੀਆਂ ਪ੍ਰਿੰਟਿੰਗ ਸਹੂਲਤਾਂ ਨੇ ਇਹ ਕਾਰਜ ਕਿਤੇ ਸੌਖਾ ਤੇ ਉੱਤਮ ਪੱਧਰ ਦੀ ਛਪਾਈ ਕਰਨ ਵਿਚ ਕਰਾਂਤੀ ਲਿਆ ਦਿੱਤੀ ਹੋਈ ਹੈ।

ਅੱਜ ਸਿੱਖ ਜਗਤ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਮਨਾਏ ਜਾਣ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਹਨਾਂ ਸਭ ਸਮਾਗਮਾਂ ਨਾਲ ਕੌਮ ਵਿੱਚ ਇੱਕ ਸਰਬਪੱਖੀ ਤਬਦੀਲੀ ਆਉਂਦੀ ਹੈ । ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ 1675 ਈਸਵੀ ਵਿੱਚ ਹੋਈ। ਇਸ ਸ਼ਹਾਦਤ ਦਾ ਭਾਰਤ ਅਤੇ ਹੋਰ ਧਰਮਾਂ ਦੇ ਇਤਿਹਾਸ ਵਿੱਚ ਇੱਕ ਵਿਸ਼ੇਸ਼ ਪ੍ਰਭਾਵ ਇਹ ਹੈ ਕਿ ਇਸ ਦਾ ਸੰਦੇਸ਼ ਸੰਸਾਰ ਵਾਸੀਆਂ ਵੱਲੋਂ ਸਦੀਵ ਕਾਲ ਤੱਕ ਪਹਿਚਾਨਿਆ ਜਾਣ ਲੱਗ ਪਿਆ ਹੈ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਸੀਸ ਦਾ ਬਲੀਦਾਨ ਦੇ ਕੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੁੱਲ ਸੰਸਾਰ ਨੂੰ ਜਾਗਰਿਤ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਰਉਪਕਾਰੀ ਜੀਵਨ, ਯਾਤਰਾਵਾਂ, ਚੋਜਾਂ, ਨਿਸ਼ਾਨੀਆਂ ਅਤੇ ਉਪਦੇਸਾਂ ਬਾਰੇ ਬਹੁਤ ਸਾਰਾ ਸਾਹਿਤ ਰਚਿਆ ਗਿਆ। ਇਥੇ ਅਸੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਲਿਖੀਆਂ ਗਈਆਂ ਲਿਖਤਾਂ ਬਾਰੇ ਸੰਖੇਪ ਵਿਚਾਰ ਚਰਚਾ ਕਰਾਂਗੇ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਪਰਉਪਕਾਰਾਂ, ਉਪਦੇਸ਼ ਅਤੇ ਮਹਾਨ ਬਲੀਦਾਨ ਬਾਰੇ ਸਾਡੇ ਮੁਢਲੇ ਸਰੋਤਾਂ ਵਿੱਚ ਸ਼ਾਮਿਲ ਮੌਲਿਕ ਕਾਵਿ ਰਚਨਾਵਾਂ ਹਨ ਜੋ ਸਿੱਖ ਪੰਥ ਦੇ ਮਹਾਨ ਕਵੀਆਂ ਨੇ ਲਿਖੀਆਂ ਹਨ। ਇਹਨਾਂ ਵਿੱਚ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਾਵਿ ਚੂੜਾਮਨ ਭਾਈ ਸੰਤੋਖ ਸਿੰਘ : ਮਹਿਮਾ ਪ੍ਰਕਾਸ਼ ਕ੍ਰਿਤ ਭਾਈ ਸਰੂਪ ਦਾਸ ਭੱਲਾ : ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ : ਸ੍ਰੀ ਗੁਰੂ ਤੇਗ ਬਹਾਦਰ ਬਿਲਾਸ ਕ੍ਰਿਤ ਭਗਵਾਨ ਦਾਸ ਉਦਾਸੀ : ਧਰਮ ਧੁਜਾ ਅਰਥਾਤ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਨਜ਼ਾਰਾ ਕ੍ਰਿਤ ਕਵੀ ਬਖਸ਼ੀਸ਼ ਸਿੰਘ ਨਾਭਾ : ਕੁਰਬਾਨੀ ਦਾ ਸ਼ਹਿਨਸ਼ਾਹ ਅਰਥਾਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਕ੍ਰਿਤ ਕਵੀ ਹੈਡਮਾਸਟਰ ਭਗਤ ਸਿੰਘ ਬਾਬਾ ਬਕਾਲਾ : ਨਿਰੰਜਨੀ ਜੋਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕ੍ਰਿਤ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ : ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ ਕ੍ਰਿਤ ਸੰਤ ਪ੍ਰੇਮ ਸਿੰਘ ਸੰਤ ਰੇਣ : ਗੁਰ ਬਿਲਾਸ ਪਾਤਸ਼ਾਹੀ ਦਸਵੀਂ ਕ੍ਰਿਤ ਭਾਈ ਕੋਇਰ ਸਿੰਘ : ਗੁਰ ਬਿਲਾਸ ਪਾਤਸ਼ਾਹੀ ਦਸਵੀਂ ਕ੍ਰਿਤ ਭਾਈ ਸੁੱਖਾ ਸਿੰਘ ਆਦਿ ਆਦਿ।

ਪਿਛਲੀ ਡੇਢ ਸਦੀ ਵਿੱਚ ਪੁਰਾਣੇ ਲਿਖਾਰੀਆਂ ਦੀਆਂ ਲਿਖਤਾਂ ਸਾਡੇ ਪਾਸ ਮੌਜੂਦ ਹਨ । ਇਹ ਲਿਖਤਾਂ ਆਧੁਨਿਕ ਯੁੱਗ

ਦੀ ਨਵੀਂ ਵਾਰਤਕ ਵਿਆਖਿਆ ਪ੍ਰਣਾਲੀ ਦੀ ਥਾਂ ਪੁਰਾਣੀ ਵਾਰਤਕ ਜਾਂ ਗੁਰੂ ਤੇਗ ਬਹਾਦਰ ਸਾਹਿਬ ਪ੍ਰਤੀ ਭਗਤੀ ਭਾਵਨਾ ਵਾਲੀ ਸ਼ਰਧਾਮਈ ਸ਼ਬਦਾਵਲੀ ਵਿੱਚ ਲਿਖੀਆਂ ਗਈਆਂ ਹਨ। ਇਹਨਾਂ ਵਿੱਚ-ਸਾਖੀ ਪੋਥੀ ਸ੍ਰੀ ਗੁਰੂ ਤੇਗ ਬਹਾਦਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਾਲਵਾ ਦੇਸ ਰਟਨ-ਪ੍ਰਕਾਸ਼ਕ ਖਾਲਸਾ ਸਮਾਚਾਰ ਅੰਮ੍ਰਿਤਸਰ (1950) : ਜਨਮ ਸਾਖੀ ਗੁਰੂ ਤੇਗ ਬਹਾਦਰ ਕ੍ਰਿਤ ਭਾਈ ਨਰਾਇਣ ਸਿੰਘ (1950) : ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਕ੍ਰਿਤ ਲਾਲ ਸਿੰਘ ਸਮੁੰਦਰ (1927) : ਜੀਵਨ ਸ੍ਰੀ ਗੁਰੂ ਤੇਗ ਬਹਾਦਰ ਕ੍ਰਿਤ ਕੇਸਰ ਸਿੰਘ ਮੁਲਤਾਨੀ (1914) : ਗੁਰੂ ਤੇਗ ਬਹਾਦਰ ਕ੍ਰਿਤ ਧਨਵੰਤ ਸਿੰਘ ਸੀਤਲ (1949): ਗੁਰੂ ਤੇਗ ਬਹਾਦਰ ਜੀ ਦਾ ਜੀਵਨ ਬਿਰਤਾਂਤ - ਖ਼ਾਲਸਾ ਟਰੈਕਟ ਸੁਸਾਇਟੀ ਅੰਮ੍ਰਿਤਸਰ (1896) : ਗੁਰੂ ਲਾਧੋ ਰੇ ਕ੍ਰਿਤ ਭਾਈ ਇੰਦਰ ਸਿੰਘ (1929) : ਪ੍ਰੇਮ ਪਟੋਲਾ ਕਿਰਤ ਇੰਦਰ ਸਿੰਘ ਜੌਹਰ (1922): ਸ੍ਰੀ ਗੁਰੂ ਤੇਗ ਬਹਾਦਰ ਕ੍ਰਿਤ ਭਾਈ ਦਿੱਤ ਸਿੰਘ ਗਿਆਨੀ (1908) : ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹੀਦੀ ਕ੍ਰਿਤ ਵੈਦ ਸੰਤ ਨਿਧਾਨ ਸਿੰਘ ਆਲਮ (1925): ਤੇਗ ਦੇ ਧਨੀ ਗੁਰੂ ਤੇਗ ਬਹਾਦਰ ਜੀ ਦਾ ਬਲਿਦਾਨ (ਉਰਦੂ) ਕ੍ਰਿਤ ਭਗਵਾਨ ਦਾਸ ਨਾਗਪਾਲ ਗੁਜਰਾਂਵਾਲਾ (1901) : ਬਾਬੇ ਬਕਾਲੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਗਟ ਹੋਣ ਦਾ ਪ੍ਰਸੰਗ ਕ੍ਰਿਤ ਭਾਈ ਹਰੀ ਸਿੰਘ ਕਵੀਸ਼ਰ (1920) : ਸੱਚਾ ਸਤਿਗੁਰ ਕ੍ਰਿਤ ਚਰਨ ਸਿੰਘ ਸੇਵਕ ਕੋਟਲੀ ਬਾਵਾ ਦਾਸ! (1910) : ਧਰਮ ਧੁਜਾ ਅਰਥਾਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਨਜ਼ਾਰਾ ਕ੍ਰਿਤ ਕਵੀ ਬਖਸ਼ੀਸ਼ ਸਿੰਘ ਨਾਭਾ (1938) : ਉਸਤਤੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਕ੍ਰਿਤ ਭਾਈ ਦੇਵਾ ਸਿੰਘ ਸਠਿਆਲਾ (1925) ਅਤੇ ਕੀਨੋ ਬਡੋ ਕਲੂ ਮਹਿ ਸਾਕਾ ਕ੍ਰਿਤ ਕੇਵਲ ਸਿੰਘ ਨਿਰਦੋਸ਼ (1928) ਆਦਿ ਆਦਿ।

ਆਧੁਨਿਕ ਦੌਰ ਵਿੱਚ 1975 ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 300 ਸਾਲਾ ਸ਼ਹੀਦੀ ਸਮਾਗਮ ਸਮੇਂ ਸਿੱਖ ਜਗਤ ਦੇ ਲਿਖਾਰੀਆਂ ਵੱਲੋਂ ਵਿਅਕਤੀਗਤ ਅਤੇ ਜਥੇਬੰਦਕ ਤੌਰ ਤੇ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਵਿਸ਼ੇਸ਼ ਪੁਸਤਕਾਂ ਦੀ ਸਿਰਜਣਾ ਕੀਤੀ ਗਈ। ਇਹਨਾਂ ਦੀ ਪ੍ਰਕਾਸ਼ਨਾ ਨਾਲ ਗੁਰੂ ਤੇਗ ਬਹਾਦਰ ਜੀ ਬਾਰੇ ਮੁਕੰਮਲ ਗਿਆਨਮਈ ਇਤਿਹਾਸਿਕ ਖੋਜ ਹੋਈ ਤੇ ਅਨੇਕਾਂ ਸ਼ੰਕਿਆਂ ਦੀ ਨਵਿਰਤੀ ਵੀ ਹੋਈ। ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਰਾਹੀਂ ਵਿਦਵਾਨਾਂ ਨੇ ਮੁੱਲਵਾਨ ਪੁਸਤਕਾਂ ਸਿੱਖ ਜਗਤ ਦੀ ਝੋਲੀ ਵਿੱਚ ਪਾਈਆਂ। ਇਸ ਦੌਰ ਵਿੱਚ ਲਿਖੀਆਂ ਗਈਆਂ ਮਹੱਤਵਪੂਰਨ ਪੁਸਤਕਾਂ ਦੇ ਕੁਝ ਨਾਮ ਇਸ ਤਰ੍ਹਾਂ ਹਨ - ਗੁਰੂ ਤੇਗ ਬਹਾਦਰ ਦਰਸ਼ਨ : ਕ੍ਰਿਤ ਹਰਦੀਪ ਸਿੰਘ (ਭਾਸਾ ਵਿਭਾਗ): ਸ੍ਰੀ ਗੁਰੂ ਤੇਗ ਬਹਾਦਰ ਫ਼ਾਰਸੀ ਸਰੋਤ ਕ੍ਰਿਤ ਪਿਆਰ ਸਿੰਘ (1976) : ਗੁਰੂ ਤੇਗ ਬਹਾਦਰ ਯਾਤਰਾ ਅਸਥਾਨ ਪਰੰਪਰਾਵਾਂ ਤੇ ਚਿੰਨ੍ਹ ਕ੍ਰਿਤ ਡਾਕਟਰ ਫੌਜਾ ਸਿੰਘ (1976) : ਗੁਰੂ ਤੇਗ ਬਹਾਦਰ ਯਾਦਗਾਰੀ ਲੇਖ ਕ੍ਰਿਤ ਪ੍ਰੀਤਮ ਸਿੰਘ (1976) : ਜੀਵਨ ਬਿਰਤਾਂਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕ੍ਰਿਤ ਪ੍ਰੋ. ਸਾਹਿਬ ਸਿੰਘ (1968) : ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ ਕ੍ਰਿਤ ਸੋਹਣ ਸਿੰਘ ਸੀਤਲ (1975) : ਧਰਮ ਦੀ ਚਾਦਰ ਕ੍ਰਿਤ ਜੋਗਿੰਦਰ ਸਿੰਘ ਪਰਵਾਨਾ : ਗੁਰੂ ਤੇਗ ਬਹਾਦਰ ਜੀਵਨ ਅਤੇ ਸਿੱਖਿਆ ਕ੍ਰਿਤ ਡਾ. ਤਾਰਨ ਸਿੰਘ ਪਟਿਆਲਾ (1976) : ਸੰਖੇਪ ਜੀਵਨ ਗੁਰੂ ਤੇਗ ਬਹਾਦਰ ਸਾਹਿਬ ਕ੍ਰਿਤ ਡਾ. ਤਰਲੋਚਨ ਸਿੰਘ ਲੁਧਿਆਣਾ (1973): ਤੇਗ ਬਹਾਦਰ ਸਿਮਰੀਐ ਕ੍ਰਿਤ ਪ੍ਰੋ. ਪਿਆਰਾ ਸਿੰਘ ਪਦਮ (1975) : ਹੁਕਮਨਾਮੇ ਸ੍ਰੀ ਗੁਰੂ ਤੇਗ ਬਹਾਦਰ ਪੰਜਾਬੀ ਯੂਨੀਵਰਸਿਟੀ ਪਟਿਆਲਾ (1976) : ਅਮਰ ਬਲੀਦਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਕ੍ਰਿਤ ਬਲਜੀਤ ਕੌਰ ਤੁਲਸੀ (1979) : ਗੁਰੂ ਤੇਗ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ ਕ੍ਰਿਤ ਮਨੋਹਰ ਸਿੰਘ (1975) : ਗੁਰੂ ਤੇਗ ਬਹਾਦਰ ਸਾਹਿਬ ਜੀਵਨ ਅਤੇ ਸਿਰਜਣਾ ਕ੍ਰਿਤ ਮੋਹਨਜੀਤ ਤੇ ਸੁਭਿੰਦਰਜੀਤ ਸਾਗਰ (1976): ਗੁਰੂ ਤੇਗ ਬਹਾਦਰ ਸਿਮਰਤੀ ਅੰਕ (ਪਰਖ) ਸੰ. ਐੱਸ ਐਸ ਕੋਹਲੀ (1975) : ਜਨਮ ਸਾਖੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕ੍ਰਿਤ ਪ੍ਰਿਥੀਪਾਲ ਸਿੰਘ ਅਠੋਲਾ: ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਕ੍ਰਿਤ ਪ੍ਰਿੰ. ਸਤਬੀਰ ਸਿੰਘ: ਗੁਰੂ ਤੇਗ ਬਹਾਦਰ ਸ਼ਹੀਦੀ ਅੰਕ (2)-ਸਿੰਘ ਸਭਾ ਪੱਤ੍ਰਿਕਾ (1975) : ਧਰਮ ਹੇਤ ਸਾਕਾ ਜਿਨ ਕੀਆ ਕ੍ਰਿਤ ਸੁਦਰਸ਼ਨ ਸਿੰਘ (1975):

ਬਾਣੀ ਗੁਰੂ ਤੇਗ ਬਹਾਦਰ ਕ੍ਰਿਤ ਬਿਕਰਮ ਸਿੰਘ ਘੁੰਮਣ (1975) : ਮਹਾਂ ਸੀਸ ਦਾਨੀ ਗੁਰੂ ਤੇਗ ਬਹਾਦਰ ਜੀ ਕ੍ਰਿਤ ਗਿਆਨੀ ਹਿੰਮਤ ਸਿੰਘ ਰਮਤਾ (1975) : ਗੁਰੂ ਤੇਗ ਬਹਾਦਰ- ਜੀਵਨ, ਸਮਾਂ ਅਤੇ ਬਾਣੀ ਕ੍ਰਿਤ ਸੁਰਿੰਦਰ ਸਿੰਘ ਕੋਹਲੀ (1975) : ਗੁਰੂ ਤੇਗ ਬਹਾਦਰ - ਧਰਮ ਹੇਤ ਸਾਕਾ ਜਿਨ ਕੀਆ ਕ੍ਰਿਤ ਦਾਨ ਸਿੰਘ ਕੋਮਲ (1975) : ਗੁਰੂ ਤੇਗ ਬਹਾਦਰ ਸਿਮ?ਰਤੀ ਗ੍ਰੰਥ ਕ੍ਰਿਤ ਪ੍ਰਿਥੀਪਾਲ ਸਿੰਘ ਕਪੂਰ (1975) : ਗੁਰੂ ਤੇਗ ਬਹਾਦਰ ਬਾਣੀ- ਤੁਕ ਤਤਕਰਾ ਅਤੇ ਸ਼ਬਦ ਅਨੁਕ੍ਰਮਣਿਕਾ- ਪ੍ਰੋ. ਬਲਦੇਵ ਸਿੰਘ ਬੱਲੂਆਣਾ (1975) : ਗੁਰੂ ਤੇਗ ਬਹਾਦਰ ਬਾਣੀ ਅਧਿਐਨ ਕ੍ਰਿਤ ਮਹਿੰਦਰ ਕੌਰ ਗਿੱਲ (1976) : ਤੇਗ ਬਹਾਦਰ ਸਿਮਰੀਐ ਕ੍ਰਿਤ ਸੇਵਾ ਸਿੰਘ ਸੇਵਕ (1975) : ਹਿੰਦ ਦੀ ਚਾਦਰ ਕ੍ਰਿਤ ਡਾ. ਹਰਚਰਨ ਸਿੰਘ (1975) : ਗੁਰੂ ਤੇਗ ਬਹਾਦਰ ਸ਼ਖਸ਼ੀਅਤ ਅਤੇ ਸ਼ਹਾਦਤ ਕ੍ਰਿਤ ਜੋਗਿੰਦਰ ਸਿੰਘ ਨਵੀਂ ਦਿੱਲੀ (1975) ਅਤੇ ਗੁਰੂ ਤੇਗ ਬਹਾਦਰ ਮਾਰਗ- ਸੁਖਦਿਆਲ ਸਿੰਘ ਪਟਿਆਲਾ : ਗੁਰੂ ਤੇਗ ਬਹਾਦਰ-ਵਿਰਸਾ ਤੇ ਵਿਰਾਸਤ ਕ੍ਰਿਤ ਡਾ. ਬਲਵੰਤ ਸਿੰਘ ਢਿੱਲੋਂ : ਸ਼ਹੀਦੀ ਮਾਰਗ ਸ੍ਰੀ ਗੁਰੂ ਤੇਗ ਬਹਦਾਰ ਸਾਹਿਬ ਜੀ ਕ੍ਰਿਤ ਜਸਵੰਤ ਸਿੰਘ ਸਿੱਧੂ (2010), ਆਦਿ ਆਦਿ।

ਗੁਰੂ ਤੇਗ ਬਹਾਦਰ ਜੀ- ਗੁਰਮੁਖੀ ਸਰੋਤ ਪੁਸਤਕ ਡਾ. ਪਰਮਵੀਰ ਸਿੰਘ ਤੇ ਡਾ. ਕੁਲਵਿੰਦਰ ਸਿੰਘ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਵਰਤਮਾਨ ਸਮਿਆਂ ਵਿੱਚ ਲਿਖੀ ਗਈ ਬਹੁਤ ਮੁੱਲਵਾਨ ਪੁਸਤਕ ਹੈ ਇਸ ਵਿੱਚ ਗੁਰੂ ਤੇਗ ਬਹਾਦਰ ਜੀ ਬਾਰੇ ਪੁਰਾਤਨ ਸਰੋਤਾਂ ਬਾਰੇ ਪੂਰਨ ਵਿਸਥਾਰ ਵਿੱਚ ਦੱਸਿਆ ਗਿਆ ਹੈ। ਵਿਦਵਾਨ ਜੋੜੀ ਨੇ ਹੱਥ ਲਿਖਤ, ਪੱਥਰ ਛਾਪ ਪ੍ਰਕਾਸ਼ਤ ਤੇ ਸੰਪਾਦਿਤ ਸਰੋਤਾਂ ਬਾਰੇ ਸਟੀਕ ਜਾਣਕਾਰੀ ਦਿੱਤੀ ਹੈ। ਇਸ ਪੁਸਤਕ ਦੇ ਅਧਿਐਨ ਬਗ਼ੈਰ ਗੁਰੂ ਤੇਗ ਬਹਾਦਰ ਜੀ ਬਾਰੇ ਰਚੇ ਗਏ ਸਾਹਿਤ ਦਾ ਅਧਿਐਨ ਅਧੂਰਾ ਹੋਵੇਗਾ। ਪਾਠਕਾਂ ਨੂੰ ਇਸ ਪੁਸਤਕ ਦਾ ਅਧਿਐਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਪਾਠਕਾਂ ਦੀ ਦਿਲਚਸਪੀ ਲਈ ਇਸ ਪੁਸਤਕ ਵਿੱਚ ਦਰਜ ਸਰੋਤਾਂ ਵਿੱਚੋਂ ਕੁਝ ਸਰੋਤਾਂ ਦੀ ਦੱਸ ਪਾਈ ਜਾਂਦੀ ਹੈ :- ਸ੍ਰੀ ਗੁਰਬੰਸ ਚੰਦ੍ਰੋਦਯ ਗ੍ਰੰਥ ਕ੍ਰਿਤ ਬਾਬਾ ਅਮੀਰ ਦਾਸ (ਹੱਥ ਲਿਖਤ 1843 ਈ) : ਚਤੁਰਜੁਗੀ ਗ੍ਰੰਥ ਕ੍ਰਿਤ ਟੇਕ ਸਿੰਘ (ਹੱਥ ਲਿਖਤ 1845ਈ) : ਗੁਰ ਪ੍ਰਣਾਲੀ ਕ੍ਰਿਤ ਗਿਆਨੀ ਗੁਰਮੁਖ ਸਿੰਘ (ਹੱਥ ਲਿਖਤ 1860 ਈ) : ਪਾਤਕ ਪਤਨ ਪੰਚਾਸਿਕਾ ਕ੍ਰਿਤ ਸੁਮੇਰ ਸਿੰਘ (ਹੱਥ ਲਿਖਤ 1869 ਈ) : ਭਗਤਿ ਪ੍ਰੇਮ ਪ੍ਰਕਾਸ਼ ਕ੍ਰਿਤ ਸੰਤ ਸ਼ਾਮ ਸਿੰਘ (ਹੱਥ ਲਿਖਤ) : ਗੁਰਮਤਿ ਪੰਚਾਂਗ ਕ੍ਰਿਤ ਭਾਈ ਨਿਹਾਲ ਸਿੰਘ (ਪੱਥਰ ਛਾਪ 1884 ਈ) : ਸ੍ਰੀ ਗੁਰ ਕੀਰਤ ਕਬਿਤਾਵਲੀ ਕ੍ਰਿਤ ਸੁਮੇਰ ਸਿੰਘ (ਪੱਥਰ ਛਾਪ 1886 ਈ) : ਅਤੇ ਪ੍ਰਕਾਸ਼ਤ ਸਰੋਤ ਹਨ :- ਜੋਤ ਬਿਗਾਸ ਕ੍ਰਿਤ ਭਾਈ ਨੰਦ ਲਾਲ : ਸ੍ਰੀ ਗੁਰ ਸੋਭਾ ਕਵੀ ਸੈਨਾਪਤਿ (1711ਈ) : ਸ੍ਰੀ ਭਗੌਤੀ ਜੀ ਪਾਤਸ਼ਾਹੀ ਦਸਵੀਂ ਕੀ ਕ੍ਰਿਤ ਭਾਈ ਗੁਰਦਾਸ (ਦੂਜਾ) : ਸੰਛੇਪ ਦਸ ਗੁਰ ਕਥਾ ਕ੍ਰਿਤ ਕਵੀ ਕੰਕਣ (1716 ਈ) : ਸਿੱਖਾਂ ਦੀ ਭਗਤਮਾਲਾ ਕ੍ਰਿਤ ਭਾਈ ਮਨੀ ਸਿੰਘ (1737 ਈ) : ਪਰਚੀਆਂ ਸੇਵਾਦਾਸ ਉਦਾਸੀ (1733 ਈ) : ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਕ੍ਰਿਤ ਕੇਸਰ ਸਿੰਘ (1751ਈ) : ਗੁਰ ਰਤਨਾਵਲੀ ਕ੍ਰਿਤ ਤੋਲਾ ਸਿੰਘ ਭੋਲਾ (1776 ਈ) : ਗੁਰੂ ਕੀਆਂ ਸਾਖੀਆਂ ਕ੍ਰਿਤ ਸਰੂਪ ਸਿੰਘ ਕੋਸ਼ਿਸ਼ (1790 ਈ) : ਸਿੰਘ ਸਾਗਰ ਕ੍ਰਿਤ ਵੀਰ ਸਿੰਘ ਬੱਲ (1827ਈ) : ਸ਼ਹੀਦ ਬਿਲਾਸ ਭਾਈ ਮਨੀ ਸਿੰਘ ਕ੍ਰਿਤ ਸੇਵਾ ਸਿੰਘ : ਅਤੇ ਤਵਾਰੀਖ਼ ਗੁਰੂ ਖ਼ਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ ਆਦਿ।

ਇਹਨਾਂ ਸਾਲਾਂ ਵਿੱਚ ਜਦੋਂ 2025 ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੰਥਕ ਸੇਵਕਾਂ ਵੱਲੋਂ ਆਪਣੀ ਸ਼ਰਧਾ ਭਾਵਨਾ ਨਾਲ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ ਤਾਂ ਅਨੇਕਾਂ ਪੁਸਤਕਾਂ ਹੋਂਦ ਵਿੱਚ ਆਈਆਂ ਹਨ । ਇਹ ਵੀ ਜ਼ਿਕਰਯੋਗ ਹੈ ਕਿ ਪ੍ਰਿੰਟਿੰਗ ਪ੍ਰੋਫੈਸ਼ਨ ਵਿੱਚ ਭਾਰੀ ਵਿਕਾਸ ਆਉਣ ਨਾਲ ਪੁਸਤਕਾਂ ਦੀ ਛਪਾਈ ਤੇ ਜਿਲਦਬੰਦੀ ਬਹੁਤ ਸੁੰਦਰ ਹੋ ਰਹੀ ਹੈ। ਬਾਬਾ ਬਕਾਲੇ ਵਾਲਾ (ਕਾਵਿ ਜਨਮ ਸਾਖੀਆਂ ਦਾ ਸੰਗ੍ਰਹਿ) ਸੰਪਾ. ਡਾ. ਗੁਰਦੇਵ ਸਿੰਘ ਸਿੱਧੂ ਮੋਹਾਲੀ : ਹੁਣੇ ਜਿਹੇ ਹੀ ਛਪੀਆ ਕੁਝ ਕੁ ਮਹੱਤਵਪੂਰਨ ਪੁਸਤਕਾਂ ਦੇ ਨਾਮ ਇਸ ਤਰ੍ਹਾਂ ਹਨ-- ਪ੍ਰਗਟ ਭਏ ਗੁਰੂ ਤੇਗ ਬਹਾਦਰ ਕ੍ਰਿਤ ਭੁਪਿੰਦਰ ਸਿੰਘ (ਗੁ: ਰਾਮਪੁਰ ਖੇੜਾ) : ਸੀਸ ਦੀਆ ਪਰ ਸੀ ਨ ਉਚਰੀ ਕ੍ਰਿਤ ਡਾ. ਸਰਬਜੀਤ ਕੌਰ ਸੰਧਾਵਾਲੀਆ :

ਗੁਰੂ ਤੇਗ ਬਹਾਦਰ ਜੀ ਜੀਵਨ ਮਹਿਮਾ ਅਤੇ ਚਰਨ ਛੋਹ ਅਸਥਾਨ ਕ੍ਰਿਤ ਡਾ. ਪਰਮਵੀਰ ਸਿੰਘ (ਸਿੱਖ ਵਿਸ਼ਵਕੋਸ਼) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਿੱਖ ਇਨਕਲਾਬ ਕ੍ਰਿਤ ਮਹਿੰਦਰ ਸਿੰਘ ਜੋਸ਼ ਅਤੇ ਅਮਰ ਸ਼ਹੀਦ ਸੀ ਗੁਰੂ ਤੇਗ ਬਹਾਦਰ ਕ੍ਰਿਤ ਸੁੰਦਰ ਸਿੰਘ ਗਿਆਨੀ : ਆਦਿ ਆਦਿ।

ਗੁਰੂ ਤੇਗ ਬਹਾਦਰ ਸਾਹਿਬ ਜੀ ਸਬੰਧੀ ਅੰਗਰੇਜ਼ੀ ਵਿੱਚ ਵੀ ਲਿਖੀਆਂ ਗਈਆਂ ਬਹੁਤ ਸਾਰੀਆਂ ਪੁਸਤਕਾਂ ਨਾਲ ਪਾਠਕਾਂ ਦੇ ਘੇਰੇ ਵਿੱਚ ਵਾਧਾ ਹੋਇਆ ਹੈ। ਇਸ ਤਰ੍ਹਾਂ ਅੰਗਰੇਜ਼ੀ ਵਿੱਚ ਲਿਖੀਆਂ ਗਈਆਂ ਸੈਂਕੜੇ ਪੁਸਤਕਾਂ ਵਿੱਚੋਂ ਕੁਝ ਕੁ ਦੇ ਨਾਮ ਪਾਠਕਾਂ ਨਾਲ ਇੱਥੇ ਸਾਂਝੇ ਕੀਤੇ ਜਾਂਦੇ ਹਨ, Travels of Guru Teg Bahadur and Guru Gobind Singh by Attar Singh Sardar chief of Badaur (Punjabi to English) : Life and Teachings of Guru Teg Bahadur and Ancedots from Sikh History by Prof. Puran Singh (1908) : Guru Teg Bahadur Sahib Divine Sources by Ranbir Singh (1915) : The Life of Guru Teg Bahadur by M. A. Macauliffe (1903): Tragic Poem on the Martyrdom of Guru Teg Bahadur Sahib (1896) by Pishaura Singh: Guru Teg Bahadur by Raja Sir Daljit Singh. (1900) : Guru Tegh Bahadur- Background and Supreme Sarifice by Gurbachan Singh Talib: Guru Teg Bahadur commemorative volume by Guru Teg Bahadur tercentenary Committee Amritsar (1975); Martyrdom Of Guru Teg Bahadur by Dr. Ganda Singh (1976) Guru Teg Bahadur-Life, Travels and Message by Dr. Dharam Singh Patiala (Sikh Encyclopaedia) and Dr. Paramvir Singh Patiala.

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੁਹ ਪ੍ਰਾਪਤ ਇਤਿਹਾਸਿਕ ਸਥਾਨਾਂ ਨਾਲ ਸੰਬੰਧਿਤ ਪੁਸਤਕਾਂ ਵੀ ਗੁਰੂ ਜੀ ਦੇ ਜੀਵਨ ਸਮਾਚਾਰ ਅਤੇ ਮੌਜੂਦਾ ਪੰਥਕ ਹਾਲਾਤ ਬਾਰੇ ਠੋਸ ਜਾਣਕਾਰੀ ਮੁਹੱਈਆ ਕਰਦੀਆਂ ਹਨ। ਇਸ ਸਬੰਧੀ ਕੁਝ ਕੁ ਪੁਸਤਕਾਂ ਇਸ ਤਰ੍ਹਾਂ ਹਨ-- ਸੀਸ ਮਾਰਗ ਕ੍ਰਿਤ ਜਸਵੰਤ ਸਿੰਘ ਸੰਧੂ ਪਟਿਆਲਾ : ਗੁਰੂ ਤੇਗ ਬਹਾਦਰ ਸਾਹਿਬ ਜੀ ਜੀਵਨ ਮਹਿਮਾ ਅਤੇ ਚਰਨ ਛੁਹ ਅਸਥਾਨ ਕ੍ਰਿਤ ਡਾ. ਪਰਮਵੀਰ ਸਿੰਘ (ਸਿੱਖ ਵਿਸ਼ਵਕੋਸ਼) ਪਟਿਆਲਾ : ਇਸੇ ਸੰਦਰਭ ਵਿੱਚ ਡਾ. ਫੌਜਾ ਸਿੰਘ ਦੀ ਪੁਸਤਕ: ਗੁਰਦੁਆਰਾ ਰਕਾਬਗੰਜ ਦਿੱਲੀ ਦੇ ਖਤਰਨਾਕ ਹਾਲਾਤ ਕ੍ਰਿਤ ਹਰਚੰਦ ਸਿੰਘ ਲਾਇਲਪੁਰੀ: ਰਿਪੋਰਟ ਗੁਰਦੁਆਰਾ ਸੀਸਗੰਜ ਪੜਤਾਲ ਕਮੇਟੀ (1930) : ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਬੜੀ ਸੰਗਤ ਬਨਾਰਸ ਦਾ ਬਿਰਤਾਂਤ: ਗੁਰਦੁਆਰਾ ਸੀਸ ਗੰਜ ਦਾ ਇਤਿਹਾਸ ਕ੍ਰਿਤ ਭਜਨ ਸਿੰਘ ਗਿਆਨੀ : ਦਿੱਲੀ ਦੇ 10 ਇਤਿਹਾਸਕ ਗੁਰਦੁਆਰੇ ਕ੍ਰਿਤ ਬਲਵੀਰ ਸਿੰਘ ਮਾਧੋਪੁਰੀ, A Guide to Sikh Shrines and Historical Places in Delhi by Fauja Singh and Bajwa: Report on the Firing into the Gurdwara Sis Ganj Sahib (1980) Guru Tegh Bahadur and Asam Pradesh by Arjun Singh.

ਗੁਰੂ ਤੇਗ ਬਹਾਦਰ ਸਾਹਿਬ ਬਾਰੇ ਕਾਵਿ ਤੇ ਵਾਰਤਕ ਰਚਨਾਵਾਂ ਬੇਅੰਤ ਗਿਣਤੀ ਵਿੱਚ ਮਿਲਦੀਆਂ। ਭਾਸ਼ਾ ਵਿਭਾਗ ਪੰਜਾਬ ਦੇ ਮਾਸਕ ਪੱਤਰ ਪੰਜਾਬੀ ਦੁਨੀਆ ਦੇ ਵਿਸ਼ੇਸ਼ ਅੰਕ ਦੇ ਨਾਲ ਸੈਮੀਨਰਾਂ ਵਿਚ ਪੜੇ ਗਏ ਖੋਜ ਪੱਤਰਾਂ ਤੋਂ ਇਲਾਵਾ 20 ਕੁ ਦੇ ਕਰੀਬ ਵਿਦਵਾਨਾਂ ਦੇ ਗੁਰੂ ਤੇਗ ਬਹਾਦਰ ਸਬੰਧੀ ਲੇਖ ਵੱਖ ਵੱਖ ਸਮੇਂ ਦੇ ਛਪੇ ਹੋਏ ਮਿਲਦੇ ਹਨ। ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮਾਸਕ ਪੱਤਰ ਗੁਰਮਤਿ ਪ੍ਰਕਾਸ਼ ਵਿਚ 122 ਤੋ ਵੱਧ ਵਿਦਵਾਨਾਂ ਦੀਆਂ ਰਚਨਾਵਾਂ ਛਪੀਆਂ ਹੋਈਆਂ ਹਨ। ਪੀ.ਐੱਚ.ਡੀ. ਅਤੇ ਐੱਮ.ਫਿਲ. ਦੇ ਕਾਰਜਾਂ ਦਾ ਲੇਖਾ ਜੋਖਾ ਕਰਨਾ ਅਜੇ ਬਾਕੀ ਹੈ। ਅੰਗਰੇਜ਼ੀ ਤੋਂ ਬਿਨਾਂ ਹਿੰਦੀ ਤੇ ਅਸਾਮੀ ਭਾਸ਼ਾ ਵਿੱਚ ਵੀ ਸਾਹਿਤ ਉਪਲਬਧ ਹੈ। ਉਰਦੂ ਭਾਸ਼ਾ ਵਿੱਚ ਰਚੇ ਗਏ ਸਾਹਿਤ ਦਾ ਮੁਲਾਂਕਣ ਕਰਨਾ ਵੱਖਰੀ ਪੰਥਕ ਜ਼ਿੰਮੇਵਾਰੀ ਹੈ। ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇੱਥੇ ਅਸੀਂ ਕੁਝ ਕੁ ਮਹੱਤਵਪੂਰਨ ਪੁਸਤਕਾਂ ਦਾ ਹੀ ਵੇਰਵਾ ਦਿੱਤਾ ਹੈ ਜਦ ਕਿ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਹੋਰ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ ਹਨ। ਉਨ੍ਹਾਂ ਸਾਰੀਆਂ ਪੁਸਤਕਾਂ ਤੱਕ ਪਹੁੰਚ ਕਰਨ ਲਈ ਜਥੇਬੰਦਕ ਯਤਨਾਂ ਦੀ ਅਤਿਅੰਤ ਲੋੜ ਹੈ।

***

# ਸਾਹਿਤ ਦਾ ਨੋਬਲ ਹੰਗਰੀ ਦੇ ਲੇਖਕ ਨੂੰ

## ਲਾਸਜ਼ਲੋ ਕ੍ਰਾਸਜ਼ਨਾਹੋਰਕਾਈ ਨੇ 2025 ਦਾ ਨੋਬਲ ਸਾਹਿਤ ਪੁਰਸਕਾਰ ਜਿੱਤਿਆ



**ਡਾ. ਕ੍ਰਿਸ਼ਨ ਕੁਮਾਰ ਰੱਤੂ**

**ਲਾਸਜ਼ਲੋ 5 ਜਨਵਰੀ 1954 ਨੂੰ ਹੰਗਰੀ ਦੇ ਛੋਟੇ ਜਿਹੇ ਸ਼ਹਿਰ ਗੁਯਿਲਾ (Gyula) ਵਿਚ ਇਕ ਮੱਧ-ਵਰਗ ਦੇ ਪਰਿਵਾਰ 'ਚ ਪੈਦਾ ਹੋਏ। ਉਨ੍ਹਾਂ ਦੇ ਪਿਤਾ ਵਕੀਲ ਸਨ ਜਿਨ੍ਹਾਂ...**

ਨੋਬਲ ਸਾਹਿਤ ਪੁਰਸਕਾਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਜਿਸ ਦੇ ਨਾਂ ਦੀ ਸਾਲਾਂ ਤੋਂ ਉਡੀਕ ਸੀ, ਇਸ ਵਾਰ ਉਸੇ ਹੰਗਰੀ ਦੇ ਲੇਖਕ ਲਾਸਜ਼ਲੋ ਕਾਸਜ਼ਨਾਹੋਰਕਾਈ ਨੂੰ ਇਹ ਸਨਮਾਨ ਪ੍ਰਦਾਨ ਕੀਤਾ ਗਿਆ ਹੈ। ਉਹ ਵਿਸ਼ਵ ਸਾਹਿਤ 'ਚ ਆਪਣੇ ਸ਼ਬਦਾਂ-ਦ੍ਰਿਸ਼ਟੀ ਰਾਹੀਂ ਪ੍ਰਗਟਾਵੇ ਦੇ ਵਿਲੱਖਣ ਰਸ਼ ਪੇਸ਼ ਕਰਦੇ ਆਏ ਹਨ। ਇਹ ਪੁਰਸਕਾਰ ਉਨ੍ਹਾਂ ਦੀ ਸਮੋਹਿਕ ਅਤੇ ਦੂਰਦਰਸ਼ੀ ਕਹਾਣੀ-ਧਾਰਾ ਲਈ ਦਿੱਤਾ ਗਿਆ ਹੈ ਜੋ ਪ੍ਰਲਯਕਾਲੀ ਭਿਆਨਕਤਾ ਵਿੱਚੋਂ ਕਲਾ ਅਤੇ ਮਨੁੱਖੀ ਅਨੁਭਵ ਨੂੰ ਸਾਫ਼ਗੋਈ ਨਾਲ ਪ੍ਰਗਟ ਕਰਦੀ ਹੈ।

ਅਜੋਕੇ ਯੁੱਗ ਵਿਚ ਮਨੁੱਖੀ ਪ੍ਰਗਟਾਵੇ ਦੇ ਕਿੰਨੇ ਚਿਹਰੇ ਹੋ ਸਕਦੇ ਹਨ-ਇਹ ਖੋਜ ਹੀ ਉਨ੍ਹਾਂ ਦੇ ਸਾਹਿਤ ਦਾ ਕੇਂਦਰ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਬੁਲੰਦ ਵਿਵਰਣ ਨਵੇਂ ਮਨੁੱਖ ਦੀ ਆਤਮਿਕ ਯਾਤਰਾ ਨੂੰ ਦਰਸਾਉਂਦਾ ਹੈ। ਇਹੀ ਉਹ ਦ੍ਰਿਸ਼ ਹੈ ਜੋ ਉਨ੍ਹਾਂ ਨੂੰ ਹੋਰ ਲੇਖਕਾਂ ਤੋਂ ਅਲੱਗ ਕਰਦਾ ਹੈ ਅਤੇ ਨੋਬਲ ਤੱਕ ਦੀ ਉਨ੍ਹਾਂ ਦੀ ਯਾਤਰਾ ਦਾ ਸੋਪਾਨ ਬਣਦਾ ਹੈ।

ਉਨ੍ਹਾਂ ਬਾਰੇ ਸਵੀਡਿਸ਼ ਅਕਾਦਮੀ ਨੇ ਕਿਹਾ, "ਲਾਸਜ਼ਲੋ ਕਾਸਜ਼ਨਾਹੋਰਕਾਈ ਦਾ ਸਾਹਿਤ ਲੋਕਧਾਰਾ ਅਤੇ ਸਮਾਜ ਦੀ ਉਸ ਵਿਰਾਸਤ ਦਾ ਵਰਨਨ ਹੈ ਜਿਸ ਵਿਚ ਇਤਿਹਾਸ, ਵਰਤਮਾਨ ਅਤੇ ਭਵਿੱਖ ਦਾ ਉਹ ਸੰਵੇਦਨਸ਼ੀਲ ਸੰਘਰਸ਼ ਦਰਜ ਹੈ ਜੋ ਮਨੁੱਖੀ ਮੁੱਲਾਂ ਦੀ ਸਿਰਜਣਾਤਮਕ ਯਾਤਰਾ ਨੂੰ ਨਵਾਂ ਰਸਤਾ ਦਿਖਾਉਂਦਾ ਹੈ। ਇਹ ਰਚਨਾਵਾਂ ਪ੍ਰਲਯਕਾਰੀ ਡਰ ਦੇ ਵਿਚਕਾਰ ਕਲਾ ਦੀ ਤਾਕਤ ਨੂੰ ਦੁਬਾਰਾ ਸਾਬਿਤ ਕਰਦੀਆਂ ਹਨ।"

ਇਹ ਸ਼ਬਦ ਨਾ ਸਿਰਫ਼ ਉਨ੍ਹਾਂ ਦੇ ਸਾਹਿਤ ਦੀ ਰੂਹ ਨੂੰ ਛੂੰਹਦੇ ਛੂੰਹਦੇ ਹਨ ਸਗੋਂ ਉਨ੍ਹਾਂ ਦੀ ਸ਼ਖ਼ਸੀਅਤ ਭ ਦੀ ਦੀ ਉਸ ਡੂੰਘਾਈ ਨੂੰ ਵੀ ਦਰਸਾਉਂਦੇ ਹਨ ਜੋ ਦੁਨੀਆ ਨੂੰ ਦੇਖਣ ਦਾ ਇਕ ਅਨੋਖਾ ਲੈਨਜ਼ ਪ੍ਰਦਾਨ ਕਰਦੀ ਹੈ। ਇਸ ਹੰਗੇਰੀਅਨ ਲੇਖਕ ਦੀਆਂ ਰਚਨਾਵਾਂ ਮਨੁੱਖੀ ਅਨੁਭਵਾਂ ਦੇ ਸੰਘਰਸ਼ ਨਾਲ ਬੁਣੀਆਂ ਹੋਈਆਂ ਹਨ ਜਿੱਥੇ ਹਰ ਵੇਲੇ ਬਿਪਤਾ ਦਾ ਸਾਇਆ ਰਹਿੰਦਾ ਹੈ ਪਰ ਫਿਰ ਵੀ ਆਸ ਦੀ ਇਕ ਪਤਲੀ ਜਿਹੀ ਕਿਰਨ ਚਮਕਦੀ ਹੈ। ਇਹ ਪੁਰਸਕਾਰ ਸਿਰਫ਼ ਹੰਗਰੀ ਦੇ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਮਜ਼ਬੂਤ ਨਹੀਂ ਕਰਦਾ ਸਗੋਂ ਉਨ੍ਹਾਂ ਲੇਖਕਾਂ ਦੀ ਗੀਤ ਨੂੰ ਵੀ



ਮਜ਼ਬੂਤੀ ਦਿੰਦਾ ਹੈ ਜੋ ਮਨੁੱਖੀ ਹੋਂਦ ਦੀਆਂ ਸੀਮਾਵਾਂ ਨੂੰ ਟਟੋਲਦੇ ਹਨ। ਲਾਸਜ਼ਲ ਦਾ ਜਨਮ 5 ਜਨਵਰੀ 1954 ਨੂੰ ਹੰਗਰੀ ਦੇ ਛੋਟੇ ਜਿਹੇ ਸ਼ਹਿਰ ਗੁਯਿਲਾ (Gyula) ਵਿਚ ਇਕ ਮੱਧ-ਵਰਗ ਦੇ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਵਕੀਲ ਸਨ ਜਿਨ੍ਹਾਂ ਨੇ ਆਪਣੀ ਯਹੂਦੀ ਪਛਾਣ ਨੂੰ ਸਾਲਾਂ ਤੱਕ ਲੁਕਾਈ ਰੱਖਿਆ। ਸ਼ਾਇਦ ਇਹੀ ਬਚਪਨ ਦੀ ਗੁਪਤਤਾ ਉਨ੍ਹਾਂ ਦੇ ਸਾਹਿਤ ਵਿਚ ਉਸ ਰਹੱਸਮਈ ਪਰਤ ਨੂੰ ਜਨਮ ਦਿੰਦੀ ਹੈ ਜੋ ਪਾਠਕਾਂ ਨੂੰ ਅੰਤਹੀਣ ਖੋਜ ਵਿਚ ਖਿੱਚ ਲੈਂਦੀ ਹੈ। ਉਨ੍ਹਾਂ ਨੇ 1972 ਵਿਚ ਲੈਟਿਨ ਵਿਸ਼ੇ ਵਿਚ ਡਿਗਰੀ ਪ੍ਰਾਪਤ ਕੀਤੀ। ਫਿਰ ਕਾਨੂੰਨ ਦੀ ਪੜ੍ਹਾਈ ਸ਼ੁਰੂ ਕੀਤੀ ਪਰ ਜਲਦੀ ਹੀ ਹੰਗਰੀ ਦੀ ਭਾਸ਼ਾ ਅਤੇ ਸਾਹਿਤ ਵੱਲ ਮੁੜ ਗਏ। ਉਨ੍ਹਾਂ ਦਾ ਵਿਅਕਤੀਤਵ ਇਕ ਵਿਰੋਧਾਭਾਸ ਹੈ -ਬਾਹਰੋਂ ਇਕਾਂਤਪ੍ਰਿਆ

ਪਰ ਅੰਦਰੋਂ ਇਕ ਅਣਥੱਕ ਯਾਤਰੀ ਵਾਲਾ। ਕਮਿਊਨਿਸਟ ਹੰਗਰੀ ਦੇ ਦੌਰ ਵਿਚ ਜਦ ਗੁਪਤ ਪੁਲਿਸ ਨੇ ਉਨ੍ਹਾਂ ਦਾ ਪਾਸਪੋਰਟ ਜ਼ਬਤ ਕਰ ਲਿਆ ਸੀ ਤਦ ਯਾਤਰਾ ਅਸੰਭਵ ਸੀ ਪਰ ਲੋਹੇ ਦਾ ਪਰਦਾ ਡਿੱਗਣ ਤੋਂ ਬਾਅਦ (1989), ਉਨ੍ਹਾਂ ਨੇ ਏਸ਼ੀਆ, ਯੂਰਪ ਤੇ ਅਮਰੀਕਾ ਦੀ ਸੈਰ ਕੀਤੀ। ਸੰਨ 1990 ਤੋਂ ਮੰਗੋਲੀਆ ਤੇ ਚੀਨ ਦੀਆਂ ਯਾਤਰਾਵਾਂ ਨੇ ਉਨ੍ਹਾਂ ਦੇ ਸਾਹਿਤ ਨੂੰ ਪੂਰਬੀ ਸੁੰਦਰਤਾ ਅਤੇ ਦਰਸ਼ਨ ਨਾਲ ਭਰਪੂਰ ਕੀਤਾ। ਉਹ ਦੁਨੀਆ ਨੂੰ ਇਸ ਤਰ੍ਹਾਂ ਵੇਖਦੇ ਹਨ ਜਿਵੇਂ ਕੋਈ ਮਹਾਕਾਵਿਕ ਯਾਤਰਾ ਚੱਲ ਰਹੀ ਹੋਵੇ। ਹੰਗਰੀਆਈ ਸਾਹਿਤ ਵਿਚ ਉਨ੍ਹਾਂ ਨੂੰ ਸਮਕਾਲੀ ਮਹਾਨਤਾ ਦਾ ਦਰਜਾ ਮਿਲਿਆ ਹੈ-ਉਨ੍ਹਾਂ ਦੀ ਵਿਸ਼ਵ ਦ੍ਰਿਸ਼ਟੀ ਦੀ ਤੁਲਨਾ ਕਈ ਵਿਸ਼ਲੇਸ਼ਕਾਂ ਨੇ ਗੋਗੋਲ ਦੀ “Dead Souls” ਨਾਲ ਕੀਤੀ ਹੈ। ਉਹ ਇੰਟਰਵਿਊਜ਼ ਵਿਚ ਸੰਕੋਚੀ ਦਿਸਦੇ ਹਨ ਪਰ ਉਨ੍ਹਾਂ ਦੀਆਂ ਗੱਲਾਂ ਵਿਚ ਡੂੰਘੀ ਆਤਮਿਕ ਖੋਜ ਝਲਕਦੀ ਹੈ। ਬੌਧ ਦਰਸ਼ਨ ਅਤੇ ਪੂਰਬੀ ਕਲਾ ਤੋਂ ਪ੍ਰਭਾਵਿਤ ਉਹ ਜੀਵਨ ਨੂੰ ‘ਇਕ ਸੰਸਾਰੀ ਨਾਚ’ ਮੰਨਦੇ ਹਨ। ਜਿੱਥੇ ਸਭ ਕੁਝ ਅਸਥਾਈ ਹੈ। ਉਨ੍ਹਾਂ ਦਾ ਸਾਹਿਤ ਇਸ ਦਰਸ਼ਨ ਦੀ ਪਛਾਣ ਹੈ-ਨਿਰਾਸ਼ਾਵਾਦੀ ਹੋਣ ਦੇ ਬਾਵਜੂਦ ਕਲਾ ਦੀ ਮੁਕਤੀ ’ਤੇ ਵਿਸ਼ਵਾਸ ਰੱਖਣ ਵਾਲਾ। ਸਵੀਡਿਸ਼ ਅਕਾਦਮੀ ਦੀ ਘੋਸ਼ਣਾ ਵਿਚ ਉਨ੍ਹਾਂ ਦੇ ਇਸੇ ਵਿਸ਼ਵਾਸ ਨੂੰ ਉਜਾਗਰ ਕੀਤਾ ਗਿਆ ਕਿ ਪ੍ਰਲਯਕਾਰੀ ਭਿਆਨਕਤਾ ਵਿਚਕਾਰ ਕਲਾ ਦੀ ਸ਼ਕਤੀ ਹੀ ਮਨੁੱਖਤਾ ਦਾ ਸਹਾਰਾ ਹੈ। ਲਾਸਜ਼ਲੋ ਦੀਆਂ ਰਚਨਾਵਾਂ ਹੋਂਦ ਤੇ ਆਤਮਿਕ ਮੁਕਤੀ ਦੇ ਚਰਖੇ ’ਤੇ ਘੁੰਮਦੀਆਂ ਹਨ ਪਰ ਹਰ ਵੇਲੇ ਇਕ ਸੂਖਮ ਆਸ ਦੀ ਚੰਗਿਆੜੀ ਨਾਲ। ਉਨ੍ਹਾਂ ਦਾ ਪਹਿਲਾ ਉਪਨਿਆਸ Satantango (1985)-ਹੰਗਰੀ ਦੇ ਇਕ ਪਿੰਡ ਦੀ ਕਹਾਣੀ ਹੈ ਜਿੱਥੇ ਇਕ ਸੰਪ੍ਰਦਾਇਕ ਢਾਂਚੇ ਦਾ ਪਤਨ ਪਰਲੋ ਵਾਂਗ ਦਿਖਾਇਆ ਗਿਆ ਹੈ।

ਇਹ ਕਿਤਾਬ 2013 ਵਿਚ ਅੰਗਰੇਜ਼ੀ ’ਚ ਅਨੁਵਾਦ ਕੀਤੀ ਗਈ ਅਤੇ Bla Tarr ਦੁਆਰਾ ਫਿਲਮ ਬਣੀ। ਉਨ੍ਹਾਂ ਦਾ ਸ਼ਬਦ-ਸ਼ਿਲਪ ਜੋ ਇਕ ਸਿੰਫਨੀ ਵਾਂਗ ਲੰਬੇ ਵਾਕਾਂ ਵਿਚ ਬੁਣਿਆ ਹੁੰਦਾ ਹੈ, ਪਾਠਕਾਂ ਨੂੰ ਦੁਨੀਆ ਦੀ ਨਾਜ਼ੁਕਤਾ ਦਾ ਅਹਿਸਾਸ ਕਰਾਉਂਦਾ ਹੈ। ਸਵੀਡਿਸ਼ ਅਕਾਦਮੀ ਦੇ ਐਲਾਨ ਵਿਚ ਉਨ੍ਹਾਂ ਦੀ ਪ੍ਰਸ਼ੰਸਾ ਦਰਅਸਲ ਇਸੇ ਸ਼ਿਲਪ ਦੀ ਹੈ ਜੋ ਭਿਆਨਕਤਾ ਦੇ ਵਿਚਕਾਰ ਕਲਾ ਨੂੰ ਇਕ ਉਦਾਰਕ ਰੂਪ ਵਿਚ ਸਥਾਪਤ ਕਰਦੀ ਹੈ। ਲਾਸਜ਼ਲੋ ਕਾਸਜ਼ਨਾਹੋਰਕਾਈ ਵਿਸ਼ਵ ਸਾਹਿਤ ਵਿਚ ਇਕ ਪੁਲ ਦੀ ਤਰ੍ਹਾਂ ਹਨ ਜੋ ਹੰਗਰੀ ਦੀ ਸਥਾਨਕ ਹਕੀਕਤ ਨੂੰ ਪੂਰਬੀ ਦਰਸ਼ਨ (ਬੌਧ, ਚੀਨੀ ਕਲਾ) ਅਤੇ ਪੱਛਮੀ ਪੋਸਟਮੋਡਰਨ ਚਿੰਤਨ ਨਾਲ ਜੋੜਦੇ ਹਨ।

ਉਨ੍ਹਾਂ ਦੀਆਂ ਰਚਨਾਵਾਂ ਮਨੁੱਖੀ ਅਨੁਭਵ ਦੀ ਉਸ ਕਥਾ ਨੂੰ ਦਰਸਾਉਂਦੀਆਂ ਹਨ ਜਿੱਥੇ ਪਿਆਰ, ਸੰਵੇਦਨਾ ਅਤੇ ਮਨੁੱਖਤਾ ਦੀ ਧੜਕਨ ਮਿਲਦੀ ਹੈ। ਲਾਸਜ਼ਲੋ ਦੇ ਸ਼ਬਦ ਦਿਲ ਦੀਆਂ ਗਹਿਰਾਈਆਂ ਵਿੱਚੋਂ ਨਿਕਲਦੇ ਹਨ ਅਤੇ ਜਦੋਂ ਕਾਗਜ਼ ’ਤੇ ਉਤਰਦੇ ਹਨ ਤਾਂ ਸਿਰਫ਼ ਕਹਾਣੀ ਨਹੀਂ ਕਹਿੰਦੇ ਸਗੋਂ ਆਤਮਾ ਨੂੰ ਜੋੜਦੇ ਹਨ, ਸਮੇਂ ਨੂੰ ਠਹਿਰਾਉਂਦੇ ਹਨ ਅਤੇ ਮਨੁੱਖਤਾ ਨੂੰ ਨਵਾਂ ਅਰਥ ਦਿੰਦੇ ਹਨ। ਉਹ ਇਕ ਅਜਿਹਾ ਲੇਖਕ ਹੈ ਜਿਸ ਦੀ ਲਿਖਤ ਮੁਹੱਬਤ ਦਾ ਪ੍ਰਤੀਕ ਹੈ ਜੋ ਸਿਰਫ਼ ਲੇਖਕ ਨਹੀਂ, ਇਕ ਭਾਵਨਾ ਹੈ; ਸੰਵੇਦਨਾ, ਕਰੁਣਾ ਅਤੇ ਮਨੁੱਖਤਾ ਦਾ ਰੂਪਕ। ਉਹ ਸਿਖਾਉਂਦੇ ਹਨ ਕਿ ਮੁਹੱਬਤ ਸਿਰਫ਼ ਸ਼ਬਦ ਨਹੀਂ ਸਗੋਂ ਉਹ ਤਾਕਤ ਹੈ ਜੋ ਦੁਨੀਆ ਨੂੰ ਬਦਲ ਸਕਦੀ ਹੈ। ਹੈ। ਉਨ੍ਹਾਂ ਨੂੰ ਨੂੰ ਨੋਬਲ ਸਾਹਿਤ ਪੁਰਸਕਾਰ ਮਿਲਣਾ ਉਸ ਪ੍ਰਗਟਾਵੇ ਅਤੇ ਸੰਘਰਸ਼ ਦਾ ਸਨਮਾਨ ਹੈ ਜੋ ਸ਼ਬਦਾਂ ਜ਼ਰੀਏ ਨਵੇਂ ਮਨੁੱਖ ਅਤੇ ਨਵੀਂ ਦੁਨੀਆ ਦੀ ਸੰਭਾਵਨਾ ਦੀ ਖੋਜ ਕਰਦਾ ਹੈ ਅਤੇ ਇਹੀ ਉਨ੍ਹਾਂ ਦੀ ਪਛਾਣ ਹੈ।

-(ਲੇਖਕ ਉੱਘਾ ਕਾਲਮ-ਨਵੀਸ ਤੇ ਮੀਡੀਆ ਵਿਸ਼ਲੇਸ਼ਕ ਹੈ)।

-ਮੋਬਾਇਲ : 94787-30156

*(10 ਅਕਤੂਬਰ 2025 ਦੇ ਪੰਜਾਬੀ ਜਾਗਰਣ ਅਖ਼ਬਾਰ ਤੋਂ ਧੰਨਵਾਦ ਸਹਿਤ)*

ਅੱਜ ਉਨ੍ਹਾਂ ਬੁਲਾ ਲਿਆ ਮੈਨੂੰ।
ਫੇਰ ਮਰਨੋਂ ਬਚਾ ਲਿਆ ਮੈਨੂੰ।

ਛੱਡ ਪਿੱਛਾ ਹਯਾਤ[1] ਹੁਣ ਮੇਰਾ,
ਬਹੁਤ ਹੁਣ ਤੇ ਸਤਾ ਲਿਆ ਮੈਨੂੰ।

ਮੈਂ ਬੜਾ ਰਿੰਦ[2] ਸਾਂ ਸਹੀਂ ਕਹਿਨਾ,
ਪੀਣ ਦੇ ਸ਼ੌਕ ਖਾ ਲਿਆ ਮੈਨੂੰ।

ਇਸ਼ਕ ਰਾਹੇ ਨਾ ਮੈਂ ਕਦੇ ਤੁਰਦਾ,
ਓਸ ਉਂਗਲ ’ਤੇ ਲਾ ਲਿਆ ਮੈਨੂੰ।

1. ਹਯਾਤ--ਜ਼ਿੰਦਗੀ, ਜੀਵਨ
2. ਰਿੰਦ--ਨਿਪੁੰਨ, ਕਾਰੀਗਰ

-ਅਮਰ ਨਾਥ ਕੌਸਤੁਭ

# .ਗਦਰੀ ਬਾਬੇ ਕੌਣ ਸਨ ?

ਇੰਜੀ. ਸੀਤਲ ਸਿੰਘ ਸੰਘਾ

ਅੱਜ ਕੱਲ੍ਹ ਇਹ ਚਰਚਾ ਬੜੇ ਜ਼ੋਰ-ਸ਼ੋਰ ਨਾਲ ਚਲ ਰਹੀ ਹੈ ਕਿ ਗਦਰੀ ਬਾਬੇ ਕੌਣ ਸਨ? ਇਸ ਤੋਂ ਭਾਵ ਇਹ ਹੈ ਕਿ ਉਹ ਸਿੱਖ ਸਨ ਜਾਂ ਕਾਮਰੇਡ ਸਨ ਜਾਂ ਕੋਈ ਹੋਰ। ਸਾਡੇ ਖ਼ਿਆਲ ਵਿਚ ਇਹ ਇਕ ਬੇਲੋੜਾ ਵਿਵਾਦ ਹੈ ਜੋ ਸੰਪ੍ਰਦਾਇਕ-ਧਿਰਾ ਵਲੋਂ ਪੈਦਾ ਕੀਤਾ ਜਾ ਰਿਹਾ ਹੈ। ਗਦਰੀ ਬਾਬੇ ਸਾਡੇ ਕੌਮੀ ਸ਼ਹੀਦ ਹਨ। ਲੇਕਿਨ ਕੁਝ ਲੋਕਾਂ ਲਈ ਕੌਮ ਦਾ ਸੰਕਲਪ ਬੜਾ ਸੰਕੁਚਿਤ ਹੈ। ਅਜਿਹੇ ਲੋਕ ਕੌਮ ਨੂੰ ਕਿਸੇ ਧਰਮ-ਵਿਸ਼ੇਸ਼ ਨਾਲ ਜੋੜ ਕੇ ਹੀ ਪ੍ਰਚਾਰਿਤ ਕਰ ਰਹੇ ਹਨ। ਪਰ ਸਾਡੇ ਲਈ ਕੌਮ ਦਾ ਸੰਕਲਪ ਭਾਰਤੀਅਤਾ ਜਾਂ ਹਿੰਦੋਸਤਾਨੀਅਤ ਵਾਲਾ ਹੈ ਨਾ ਕਿ ਕਿਸੇ ਧਰਮ-ਵਿਸ਼ੇਸ਼ ਵਾਲਾ।

ਆਜ਼ਾਦੀ ਦੀ ਲੜਾਈ ਵਿਚ ਭਾਰਤ ਦੇ ਹਿੰਦੂਆਂ, ਸਿੱਖਾਂ ਅਤੇ ਮੁਸਲਿਮ ਲੋਕਾਂ ਨੇ ਆਪੋ ਆਪਣੇ ਢੰਗ ਨਾਲ ਹਿੱਸਾ ਪਾਇਆ। ਬੜਾ ਸਪੱਸ਼ਟ ਹੈ ਕਿ ਇਹ ਨਾ ਤਾਂ ਕੋਈ ਧਰਮ-ਯੁੱਧ ਸੀ ਤੇ ਨਾ ਹੀ ਕਿਸੇ ਧਾਰਮਿਕ-ਘਟਨਾ ਦੇ ਪ੍ਰਤਿਕਰਮ ਵਜੋਂ ਹੋਂਦ ਵਿਚ ਆਇਆ ਸੀ। ਇਹ ਨਿਰੋਲ ਆਜ਼ਾਦੀ ਦੀ ਲੜਾਈ ਸੀ ਜਿਸ ਵਿਚ ਉਪਰੋਕਤ ਵਰਜਿਤ ਧਰਮਾਂ ਦੇ ਲੋਕਾਂ ਆਪੋ ਆਪਣਾ ਯੋਗਦਾਨ ਦੇ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗਿਣਤੀ ਵੱਧ ਘੱਟ ਹੋ ਸਕਦੀ ਹੈ ਪਰ ਇਸ ਲੜਾਈ ਨੂੰ ਕੇਵਲ ਇਸ ਕਰਕੇ ਇਕ ਧਰਮ-ਵਿਸ਼ੇਸ਼ ਦੀ ਝੋਲੀ ਪਾ ਦੇਣਾ ਕਿ ਉਸ ਧਰਮ-ਵਿਸ਼ੇਸ਼ ਦੇ ਆਜ਼ਾਦੀ ਘੁਲਾਟੀਆਂ ਦੀ ਗਿਣਤੀ ਵੱਧ ਸੀ, ਇਹ ਉਨ੍ਹਾਂ ਗਦਰੀ ਬਾਬਿਆਂ ਨਾਲ ਅਸੀਂ ਇਨਸਾਫ਼ ਨਹੀਂ ਕਰ ਰਹੇ ਹੋਵਾਂਗੇ।

ਧਰਮ ਤੇ ਧਾਰਮਿਕ-ਗਤੀਵਿਧੀਆਂ ਜਾਂ ਮਾਨਤਾਵਾਂ ਕਿਸੇ ਦਾ ਨਿੱਜੀ ਮਸਲਾ ਹੋ ਸਕਦਾ ਹੈ। ਕੋਈ ਪੰਜ-ਕਕਾਰ ਧਾਰੀ ਜਾਂ ਜਨੇਊ ਧਾਰੀ ਜਾਂ ਟੋਪੀ ਧਾਰੀ ਹੋ ਸਕਦਾ ਹੈ ਪਰ ਦੇਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਉਹ ਆਪਣੇ ਧਰਮ-ਵਿਸ਼ੇਸ਼ ਦੀ ਲੜਾਈ ਲੜ ਰਿਹਾ ਹੈ ਜਾਂ ਕਿਸੇ ਸਰਭ-ਸਾਂਝੇ ਉਦੇਸ਼ ਲਈ ਲੜਾਈ ਦੇ ਰਿਹਾ ਹੈ। ਆਜ਼ਾਦੀ ਦੀ ਲੜਾਈ 'ਤੇ ਨਜ਼ਰ ਮਾਰੀਏ ਤਾਂ ਇਹ ਸਮੁੱਚੇ ਭਾਰਤ-ਵਰਸ਼ ਦੀ ਲੜਾਈ ਹੈ। ਕੁਝ ਲੋਕ ਇਸ ਲੜਾਈ ਨੂੰ ਇਸ ਆਧਾਰ 'ਤੇ ਸਿੱਖ-ਸੰਘਰਸ਼ ਗਰਦਾਨਦੇ ਹਨ ਕਿਉਂਕਿ ਬਾਬਾ ਸੋਹਣ ਸਿੰਘ ਭਕਨਾ ਤੇ ਹੋਰ ਆਜ਼ਾਦੀ ਘੁਲਾਟੀਏ ਅੰਮ੍ਰਿਤਧਾਰੀ ਸਨ ਜਾਂ ਕਹਿ ਲਉ ਕਿ ਸਿੱਖ ਸਨ। ਪਰ ਉਸ ਸਮੇਂ ਤਾਂ ਅਜਿਹੇ ਸਿੱਖਾਂ ਦੀ ਵੀ ਇਕ ਜਮਾਤੂ ਸੀ ਜੋ ਅੰਗਰੇਜ਼ਾਂ ਦੀ ਪਿੱਠੂ ਸੀ ਤੇ ਸਰਦਾਰ ਬਹਾਦਰ ਵਰਗੇ ਖ਼ਿਤਾਬ ਅੰਗਰੇਜ਼ਾਂ ਤੋਂ ਲੈਂਦੀ ਸੀ। ਅਜਿਹੇ ਸਿੱਖਾਂ ਦੀ ਅੰਗਰੇਜ਼ ਭਗਤੀ ਚਰਮ ਸੀਮਾ 'ਤੇ ਸੀ। ਕੀ ਇਸ ਆਧਾਰ 'ਤੇ ਸਮੁੱਚੀ-ਸਿੱਖ ਕੌਮ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ? ਬਿਲਕੁਲ ਨਹੀਂ। ਇਸੇ ਤਰ੍ਹਾਂ ਆਜ਼ਾਦੀ ਦੀ ਲੜਾਈ ਵਿਚ ਸਿੱਖਾਂ ਦੇ ਪਾਏ ਯੋਗਦਾਨ ਨੂੰ ਨਤਮਸਤਿਕ ਹੋਇਆ ਜਾ ਸਕਦਾ ਹੈ, ਹੋਣਾ ਚਾਹੀਦਾ ਹੈ ਪਰ ਜਿੰਨਾਂ ਸਿੱਖਾਂ ਨੂੰ ਉਨ੍ਹਾਂ ਦੀ ਹਿੰਦੂ ਅਤੇ ਮੁਸਲਿਮ ਆਜ਼ਾਦੀ ਘੁਲਾਟੀਆਂ ਨੂੰ ਵੀ। ਪਰ ਇਸ ਨੂੰ ਨਿਰਾ ਸਿੱਖ-ਸੰਘਰਸ਼ ਕਹਿਣਾ ਠੀਕ ਨਹੀਂ ਹੋਵੇਗਾ, ਨਾ ਹੀ ਹਿੰਦੂ-ਸੰਘਰਸ਼ ਤੇ ਨਾ ਹੀ ਮੁਸਲਿਮ-ਸੰਘਰਸ਼। ਇਹ ਹਰ ਹਾਲ ਮੁਲਕ ਦੀ ਆਜ਼ਾਦੀ ਲਈ ਲੜਿਆ ਗਿਆ ਇਕ ਸਾਂਝਾ ਸੰਘਰਸ਼ ਸੀ।

ਗਦਰ ਲਹਿਰ ਨੂੰ ਸਿੱਖ ਲਹਿਰ ਮੰਨਣ ਵਾਲੇ ਵਿਚਾਰਵਾਨਾਂ ਜਿਨ੍ਹਾਂ ਵਿਚ ਹਰਜੋਤ ਉਘਰਾਏ, ਪਰਮਬੀਰ ਸਿੰਘ ਗਿੱਲ ਅਤੇ ਅਜਮੇਰ ਸਿੰਘ ਸ਼ਾਮਲ ਹਨ, ਦੀ ਸਮੱਸਿਆ ਇਹ ਹੈ ਕਿ ਇਹ ਗਦਰ ਲਹਿਰ ਨੂੰ 1913-14 ਦੇ ਆਸ-ਪਾਸ ਵਾਪਰੀ ਇਕ ਘਟਨਾ ਹੀ ਬਿਆਨ ਕਰਦੇ ਹਨ। ਅਜਿਹਾ ਬਹੁਤ ਸਾਰੇ ਖੱਬੀ-ਪੱਖੀ ਚਿੰਤਕਾਂ ਦਾ ਮੰਨਣਾ ਹੈ ਜੋ ਆਪਣੀ ਥਾਂ ਠੀਕ ਵੀ ਜਾਪਦਾ ਹੈ ਕਿਉਂਕਿ ਗਦਰ ਲਹਿਰ ਤਾਂ ਇਕ ਨਿਰੰਤਰ ਚੱਲਿਆ ਸੰਘਰਸ਼ ਹੈ ਜੋ ਅੱਗੇ ਜਾ ਕੇ ਕਿਰਤੀ ਪਾਰਟੀ ਦੇ ਸਿਧਾਂਤਕ-ਚੋਖਟੇ ਨੂੰ ਅਪਣਾ ਲੈਂਦੀ ਹੈ। ਇਸ ਤਰ੍ਹਾਂ ਕੁਝ ਚਿੰਤਕ ਅਜਿਹੇ ਵੀ ਹਨ ਜੋ ਗਦਰ ਲਹਿਰ ਦੀਆਂ ਜੜ੍ਹਾਂ ਸਿੱਖ ਇਤਿਹਾਸ ਵਿਚੋਂ ਲੱਭਦੇ ਹਨ ਪਰ ਇਸ ਨੂੰ ਇਕ ਧਰਮ ਨਿਰਪੱਖ ਲਹਿਰ ਹੀ ਮੰਨਦੇ ਹਨ। ਹਰੀਸ਼ ਪੁਰੀ, ਗੁਰਚਰਨ ਸਹਿੰਸਰਾ ਤੇ ਸੋਹਣ ਸਿੰਘ ਜੋਸ਼ ਵਰਗੇ ਇਤਿਹਾਸਕਾਰ ਗਦਰ ਲਹਿਰ ਨੂੰ ਇਕ ਰਾਸ਼ਟਰਵਾਦੀ ਲਹਿਰ ਮੰਨਦੇ ਹਨ।

ਅਜਮੇਰ ਸਿੰਘ ਜੋ ਗਦਰ ਲਹਿਰ ਨੂੰ ਇਕ ਸਿੱਖ ਲਹਿਰ ਸਥਾਪਤ ਕਰਨ ਲਈ ਬਜਿਦ ਹੈ ਆਪਣੀ ਪੁਸਤਕ 'ਗ਼ਦਰੀ ਬਾਬੇ ਕੌਣ ਸਨ? ਅਨਮਤੀਆਂ ਦੇ ਕੂੜ ਦਾਅਵਿਆਂ ਦਾ ਖੰਡਨ' ਵਿਚ ਇੰਨਾਂ ਉਲਾਰਵਾਦੀ ਹੋ ਗਿਆ ਹੈ ਕਿ ਉਸ ਨੇ ਸੰਵਾਦ ਦੀ ਸੰਭਾਵਨਾ ਨੂੰ ਹੀ ਖਤਮ ਕਰ ਦਿੱਤਾ ਹੈ ਕਿਉਂਕਿ ਉਸ ਦੀ ਬਿਰਤੀ ਆਰੰਭ ਤੋਂ ਹੀ ਇਸ ਲਹਿਰ ਸਬੰਧੀ ਖੱਬੇ ਪੱਖੀਆਂ ਦੀਆਂ ਧਾਰਨਾਵਾਂ ਦਾ ਖੰਡਨ ਕਰਨ ਦੀ ਹੈ। ਖੰਡਨ ਦੀ ਬਿਰਤੀ ਕਿਉਂਕਿ ਰੱਦਣ ਦੀ ਬਿਰਤੀ ਹੁੰਦੀ ਹੈ, ਇਸ ਲਈ ਸੰਵਾਦ ਦੀ ਸੰਭਾਵਨਾ ਹੀ ਖਤਮ ਹੋ ਜਾਂਦੀ ਹੈ। ਇਹ 'ਰੱਬ ਹੈ' ਜਾਂ 'ਰੱਬ ਨਹੀਂ ਹੈ' ਵਰਗੀ ਇਕ

ਪਾਸੜ ਤੇ ਉਲਾਰੂ ਬਹਿਸ ਹੈ ਜੋ ਕਦੇ ਵੀ ਕਿਸੇ ਸਟੀਕ ਤੇ ਠੋਸ ਨਿਰਣੇ 'ਤੇ ਨਹੀਂ ਪਹੁੰਚ ਸਕਦੀ। ਗਦਰ ਲਹਿਰ ਨੂੰ ਸਿੱਖ ਲਹਿਰ ਗਰਦਾਨਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਇਹ ਇਕ ਧਰਮ-ਨਿਰਪੱਖ ਲਹਿਰ ਸੀ। ਇਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਸਮੁੱਚ ਵਿਚ ਦੇਖੀਏ ਤਾਂ ਇਹ ਲਹਿਰ ਧਰਮ-ਨਿਰਪੇਖ ਹੀ ਰਹਿੰਦੀ ਹੈ।

ਬਾਬਾ ਸੋਹਣ ਸਿੰਘ ਭਕਨਾ ਵਰਗਾ ਆਜ਼ਾਦੀ-ਘੁਲਾਟੀਆਂ ਜਿਸ ਨੇ ਭਾਵੇਂ ਅੰਮ੍ਰਿਤਪਾਨ ਕੀਤਾ ਹੋਇਆ ਸੀ ਪਰ ਉਹ ਧਾਰਮਿਕ ਕਰਮ-ਕਾਂਡ ਤੋਂ ਕਿਤੇ ਉਪਰ ਰਹਿ ਕੇ ਆਪਣਾ ਜੀਵਨ ਬਸਰ ਕਰ ਰਿਹਾ ਸੀ। ਡਾ. ਸ਼ਿਵ ਕੁਮਾਰ ਗੁਪਤਾ ਨੇ ਜੋਪੁਸਤਕ 'ਬਾਬਾ ਸੋਹਣ ਸਿੰਘ ਭਕਨਾ-ਜੀਵਨ ਤੇ ਵਿਚਾਰਧਾਰਾ' ਲਿਖੀ ਹੈ ਪੜ੍ਹ ਕੇ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਆਪਣੀ ਪਤਨੀ ਦੀ ਮੌਤ ਉਪਰੰਤ ਕਿਸੇ ਕਿਸਮ ਦੀ ਕੋਈ ਧਾਰਮਿਕ ਰੀਤ-ਰਸਮ ਨਹੀਂ ਕੀਤੀ ਸਗੋਂ ਉਨ੍ਹਾਂ ਨੇ ਆਪਣੇ ਫੁੱਲ ਵੀ 'ਜਿੱਥੇ ਸਾੜੋ ਉਥੇ ਦੱਬਣ' ਦੀ ਹਦਾਇਤ ਹੀ ਕੀਤੀ ਸੀ। ਇਹ ਇੱਛਾ ਉਨ੍ਹਾਂ ਨੇ ਆਪਣੀ ਵਸੀਅਤ ਵਿਚ ਵੀ ਪ੍ਰਗਟ ਕੀਤੀ ਸੀ। ਉਨ੍ਹਾਂ ਦਾ ਸੰਸਕਾਰ ਗਦਰ ਪਾਰਟੀ ਦੀ ਯਾਦਗਾਰ ਅੱਗੇ ਹੋਇਆ ਤੇ ਉੱਥੇ ਹੀ ਉਨ੍ਹਾਂ ਦੇ ਫੁੱਲ ਦੱਬ ਦਿੱਤੇ ਗਏ।

ਬਾਬਾ ਸੋਹਣ ਸਿੰਘ ਭਕਨਾ ਆਪਣੀ ਸਵੈ-ਜੀਵਨੀ 'ਮੇਰੀ ਰਾਮ ਕਹਾਣੀ' ਵਿਚ ਲਿਖਦੇ ਹਨ ਕਿ ਉਨ੍ਹਾਂ ਨੂੰ ਕਿਸੇ ਖ਼ਾਸ ਫਿਰਕੇ ਜਾਂ ਮਜ੍ਹਬ ਨਾਲ ਕੋਈ ਖ਼ਾਸ ਲਿਹਾਜ਼ ਨਹੀਂ ਨਹੀਂ ਹੈ। ਉਹ ਖ਼ਾਲਸ ਹਿੰਦੁਸਤਾਨੀ ਤੇ ਹਿੰਦੀ ਕੌਮ ਦਾ ਸੇਵਕ ਹੈ। ਉਹ ਸਭ ਕਿਸਮ ਦੀਆਂ ਮਜ੍ਹਬੀ ਧੜੇਬੰਦੀਆਂ ਤੋਂ ਨਿਰਲੇਪ ਹੈ। ਉਹ ਲਿਖਦੇ ਹਨ ਕਿ ਉਹ ਸੱਚੇ ਧਰਮ ਨੂੰ ਮੰਨਦੇ ਹਨ ਜੋ ਸਦਾਚਾਰ ਹੈ ਤੇ ਮਨੁੱਖੀ ਆਜ਼ਾਦੀ ਤੇ ਬਰਾਬਰੀ ਦਾ ਹਾਮੀ ਹੈ। ਉਹ ਲਿਖਦੇ ਹਨ ਕਿ ਸੱਚਾ ਧਰਮੀ ਤੇ ਨੀਤੀਵੇਤਾ ਸਭ ਕਿਸਮ ਦੀਆਂ ਫਿਰਕੇਬੰਦੀਆਂ ਤੋਂ ਉੱਚਾ ਹੁੰਦਾ ਹੈ ਤੇ ਸਾਰੀ ਮਖ਼ਲੂਨ ਨੂੰ ਸੱਚਾ ਪ੍ਰੇਮ ਕਰਦਾ ਹੈ।

ਇਹ ਵਿਚਾਰ ਵੀ ਗੌਲਣਯੋਗ ਹੈ ਕਿ ਅੰਗਰੇਜ਼ਾਂ ਦੇ ਖਿਲਾਫ਼ ਜੰਗ ਧਾਰਮਿਕ ਭਾਵਨਾਵਾਂ ਦੇ ਆਹਤ ਹੋਣ ਕਾਰਨ ਸ਼ੁਰੂ ਨਹੀਂ ਸੀ ਹੋਣੀ ਸਗੋਂ ਇਹ ਸੰਪੂਰਨ ਸਵਰਾਜ ਹਾਸਲ ਕਰਨ ਦੀ ਜੰਗ ਸੀ। ਜੇਕਰ ਓਪਰੀ ਨਜ਼ਰੇ ਇਸ ਸਾਰੇ ਪ੍ਰਕਰਣ ਉਪਰ ਨਜ਼ਰ ਮਾਰੀਏ ਤਾਂ ਕੁਝ ਅਜਿਹੇ ਗਦਰੀ ਜ਼ਰੂਰ ਦਿਸਦੇ ਹਨ ਜਿਨ੍ਹਾਂ ਦੀ ਜੀਵਨ-ਜਾਂਚ ਸਿੱਖੀ ਦੇ ਅਸੂਲਾਂ ਮੁਤਾਬਕ ਢਲੀ ਹੋਈ ਸੀ ਪਰ ਇਹ ਉਨ੍ਹਾਂ ਦੀ ਆਪਣਾ ਜੀਵਨ-ਜਾਂਚ ਹੈ ਜੋ ਅਤਿ-ਨਿੱਜੀ ਹੈ। ਲਹਿਰ ਦੇ ਸਿਧਾਂਤਕ ਚੌਖਟੇ ਵਿਚ ਇਸ ਜੀਵਨ-ਜਾਂਚ ਦਾ ਕੋਈ ਦਖ਼ਲ ਨਹੀਂ ਹੈ। ਇਹ ਗਦਰੀ ਲਹਿਰ ਉਪਰ ਆਪਣੀ ਸਿੱਖ ਵਿਚਾਰਧਾਰਾ ਥੋਪਦੇ ਕਿਧਰੇ ਵੀ ਨਜ਼ਰ ਨਹੀਂ ਆਉਂਦੇ। ਉਨ੍ਹਾਂ ਦੀ ਇਕੋ ਇਕ ਧਾਰਨਾ ਤੇ ਉਦੇਸ਼ ਮੁਲਕ ਦੀ ਆਜ਼ਾਦੀ ਸੀ ਨਾ ਕਿ ਆਪਣੇ ਧਰਮ ਦਾ ਪ੍ਰਚਾਰ। ਇਸ ਪਵਿੱਤਰ ਧਾਰਨਾਂ ਦਾ ਸਭਤੋਂ ਵੱਡਾ ਅਨੁਯਾਈ ਭਾਈ ਰਣਧੀਰ ਸਿੰਘ ਨਾਰੰਗਵਾਲ ਤੇ ਉਨ੍ਹਾਂ ਦਾ ਜੱਥਾ ਬਣਦਾ ਹੈ। ਬਾਈ ਰਣਧੀਰ ਸਿੰਘ ਸਿੱਖ ਧਰਮ ਦੇ ਸ਼ਰਧਾਵਾਨ ਅਨੁਯਾਈ, ਸਾਬਤ-ਸੂਰਤ ਪੱਕੇ ਸਿੱਖ ਸਨ। ਆਪਣੇ ਜੇਲ੍ਹ-ਜੀਵਨ ਵਿਚ ਵੀ ਉਹ ਸਿੱਖ ਧਰਮ ਦੀਆਂ ਰਵਾਇਤਾਂ ਅਤੇ ਪੂਜਾ-ਵਿਧੀਆ ਨੂੰ ਪੂਰੀ ਰਹਿਤ-ਮਰਿਯਾਦਾ ਅਨੁਸਾਰ ਨਿਭਾਉਂਦੇ ਹਨ। ਸੁਆਲ ਉਠਦਾ ਹੈ ਕਿ ਉਨ੍ਹਾਂ ਗਦਰ ਵਿਚ ਹਿੱਸਾ ਕਿਉਂ ਲਿਆ? ਇਸ ਕਰਨੇ ਕਿ ਅੰਗਰੇਜ਼ਾਂ ਨੇ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਦੀ ਕੰਧ ਢਾਹ ਦਿੱਤੀ ਸੀ। ਉਹ ਇਸ ਘਟਨਾ ਤੋਂ ਬੜੇ ਦੁਖੀ ਸਨ। ਇਸ ਲਈ ਉਨ੍ਹਾਂ ਨੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਤੇ ਉਹ ਆਪਣੇ ਜਥੇ ਸਮੇਤ ਅੰਗਰੇਜ਼ਾਂ ਖਿਲਾਫ਼ ਹੋ ਰਹੇ ਗਦਰ ਵਿਚ ਸ਼ਾਮਲ ਹੋ ਗਏ। ਗੁਰਦੁਆਰਾ ਸਾਹਿਬ ਦੀ ਕੰਧ ਢਾਹੁਣ ਦੀ ਘਟਨਾ ਗਦਰ ਲਹਿਰ ਨੂੰ ਨਿਰਸੰਦੇਹ ਕੁਝ ਸ਼ਕਤੀ ਪ੍ਰਦਾਨ ਕਰਦੀ ਹੈ ਪਰ ਗਦਰ ਦੇ ਉਥਾਨਦਾ ਕਾਰਣ ਇਹ ਘਟਨਾ ਕਿਸੇ ਤਰ੍ਹਾਂ ਵੀ ਨਹੀਂ ਬਣਦੀ। "ਰਣਧੀਰ ਸਿੰਘ ਨਾਰੰਗਵਾਲ ਜਿਸ ਨੇ ਗੁਰਦੁਆਰਾ ਰਕਾਬਗੰਜ ਦੇ ਮਸਲੇ ਉੱਤੇ ਅੰਦੋਲਨ ਦੀ ਅਗਵਾਈ ਕੀਤੀ ਸੀ, ਗ਼ਦਰ ਦੇ ਵਿਚਾਰ ਗ੍ਰਹਿਣ ਕਰਨ ਵਾਲਾ ਪੰਜਾਬ ਦੇ ਪੰਜਾਬੀਆਂ ਵਿਚੋਂ ਇਕ ਮਹੱਤਵਪੂਰਨ ਵਿਅਕਤੀ ਸੀ।" (ਹਰੀਸ਼ ਨੇ ਪੁਰੀ, ਗਦਰ ਲਹਿਰਾਂ ਵਿਚਾਰਧਾਰਾ, ਜਥੇਬੰਦੀ, ਰਣਨੀਤੀ, ਪੰਨਾ- 144)

ਭਾਈ ਨਿਧਾਨ ਸਿੰਘ ਚੁੱਘਾ ਵੀ ਇਕ ਸ਼ਰਧਾਵਾਨ ਸਿੱਖ ਸਨ, ਇਸ ਤੱਥ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਲੇਕਿਨ ਉਹ ਆਪਣੀਆਂ ਸਿੱਖੀ ਪ੍ਰਤਿ ਬਣਦੀਆਂ ਭਾਵਨਾਵਾਂ ਤੇ ਫਰਜ਼ਾਂ ਤੋਂ ਉਪਰ ਉੱਠ ਕੇ ਦੇਸ਼ ਦੀ ਆਜ਼ਾਦੀ ਨੂੰ ਪਹਿਲ ਦਿੰਦੇ ਸਨ। ਬਾਬਾ ਸੋਹਣ ਸਿੰਘ ਭਕਨਾ 'ਮੇਰੀ ਰਾਮ ਕਹਾਣੀ' ਵਿਚ ਲਿਖਦੇ ਹਨ ਕਿ ਭਾਈ ਨਿਧਾਨ ਸਿੰਘ ਚੁੱਘਾ ਨੂੰ ਸਟਾਕਟਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ ਪਰ ਉਨ੍ਹਾਂ ਨੇ ਪ੍ਰਧਾਨ ਬਣਨ ਤੋਂ ਇਸ ਲਈ ਨਾਂਹ ਕਰ ਦਿੱਤੀ ਕਿ ਉਹ ਤਾਂ ਆਜ਼ਾਦੀ ਦੀ ਲੜਾਈ ਵਿਚ ਆਪਣਾ ਯੋਗਦਾਨ ਪਾਉਣਾ ਚਾਹੁੰਦਾ ਹੈ। ਜੋ ਵਿਦਵਾਨ ਗਦਰ ਲਹਿਰ ਨੂੰ ਸਿੱਖ ਲਹਿਰ ਗਰਦਾਨਣ ਲਈ ਬਜ਼ਿੰਦ ਹਨ ਉਨ੍ਹਾਂ ਦੇ ਸਮਝਣ ਲਈ ਇਹ ਇਕ ਘਟਨਾ ਹੀ ਕਾਫੀ

ਹੈ ਕਿ ਕਿਵੇਂ ਇਕ ਸਿੱਖ ਦੇਸ਼ ਭਗਤ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਅਸਵੀਕਾਰ ਕਰਦਾ ਹੈ ਤੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਸ਼ਾਮਿਲ ਹੋਣ ਨੂੰ ਪਹਿਲ ਦਿੰਦਾ ਹੈ। ਇਸੇ ਤਰ੍ਹਾਂ ਬਹੁਤ ਸਾਰੇ ਆਜ਼ਾਦੀ ਘੁਲਾਟੀਏ ਅਜਿਹੇ ਵੀ ਸਨ ਜੋ ਅਕੀਦੇ ਵਜੋਂ ਹਿੰਦੂ ਸਨ, ਮੁਸਲਮਾਨ ਸਨ। ਗਦਰ ਲਹਿਰ ਵਿਚ ਰਹਿ ਕੇ ਜੋ ਕੋਈ ਹਿੰਦੂ ਰਹੁ-ਰੀਤਾਂ ਵਾਲਾ ਜੀਵਨ ਜਿਉਂਦਾ ਹੈ ਤਾਂ ਇਸ ਨਾਲ ਗਦਰ ਲਹਿਰ ਹਿੰਦੂ ਲਹਿਰ ਨਹੀਂ ਬਣ ਜਾਂਦੀ। ਅਜਿਹਾ ਹੀ ਮੁਸਲਿਮ ਗਦਰੀਆਂ ਦੇ ਸਬੰਧ ਵਿਚ ਵੀ ਸੋਚਿਆ ਜਾ ਸਕਦਾ ਹੈ।

ਇਹ ਤੱਥ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਸਭ ਧਰਮਾਂ ਦੇ ਗਦਰੀਆਂ ਨੇ ਕੋਮਿਊਨਿਸਟ ਕੌਮਾਂਤਰੀ ਵਿਚਾਰਧਾਰਾ ਨੂੰ ਅਪਣਾ ਲਿਆ ਹੋਇਆ ਸੀ। ਸਿੱਖ ਗਦਰੀਆਂ ਬਾਰੇ ਵੀ ਬਾਬਾ ਸੋਹਣ ਸਿੰਘ ਭਕਨਾ ਦੇ ਹੇਠ ਲਿਖੇ ਬਿਆਨ ਤੋਂ ਸਾਫ਼ ਤੇ ਸਪੱਸ਼ਟ ਹੋ ਜਾਂਦਾ ਹੈ। ਉਹ ਕਹਿੰਦੇ ਹਨ :

"ਮੈਂ ਦੇਸ਼, ਕੌਮ ਤੇ ਮਨੁੱਖ ਜਾਤੀ ਦਾ ਧੰਨਵਾਦੀ ਹਾਂ। ਮੇਰਾ ਸਾਰਾ ਜੀਵਨ ਉਹਨਾਂ ਦੀ ਸੇਵਾ ਵਿਚ ਲੰਘਿਆ ਹੈ। ਆਰੰਭ ਵਿਚ ਮੈਂ ਕੌਮੀ ਜਜ਼ਬੇ ਤੋਂ ਸਰਸ਼ਾਰ ਹੋ ਕੇ ਦੇਸ਼ ਦੀ ਆਜ਼ਾਦੀ ਲਈ ਜੁੱਟਿਆ ਸਾਂ। ਇਸ ਦੇ ਲਈ ਮੈਨੂੰ ਨਾਮਧਾਰੀ ਤਹਿਰੀਕ ਤੇ ਕਾਂਗਰਸ ਤੋਂ ਬੜੀ ਪ੍ਰੇਰਨਾ ਮਿਲੀ ਸੀ। ਉਮਰ ਕੈਦ ਹੋਣ ਉੱਤੇ ਮੈਂ ਜੇਲ੍ਹ ਦੇ ਅੰਦਰ ਹੀ 'ਰੂਸੀ ਇਨਕਲਾਬ' ਲਿਆਂਦੀ। ਰੂਸੀ ਇਨਕਲਾਬ ਦੇ ਪ੍ਰਭਾਵ ਹੇਠਾਂ ਮੈਂ ਪੂਰਨ ਤੌਰ 'ਤੇ ਕੌਮਾਂਤਰੀ ਵਿਚਾਰਧਾਰਾ ਅਪਨਾ ਲਈ। ਇਸ ਦੇ ਲਈ ਮੈਂ ਉਨ੍ਹਾਂ ਸਾਥੀਆਂ ਦਾ ਬਹੁਤ ਮਸ਼ਕੂਰ ਹਾਂ ਜਿਨ੍ਹਾਂ ਨੇ ਸਟੱਡੀ ਸਰਕਲਾਂ ਤੇ ਬਹਿਸ ਮੁਬਾਹਸਿਆਂ ਰਾਹੀਂ ਮੈਨੂੰ ਮਾਰਕਸਵਾਦ ਤੋਂ ਜਾਣੂ ਕਰਵਾਇਆ ਤੇ ਇਸ ਨਾਲ ਲੈੱਸ ਕਰਨ ਦੀ ਕੋਸ਼ਿਸ਼ ਕੀਤੀ। ਮੈਨੂੰ ਗਾਂਧੀਵਾਦ ਨਾਲ ਸਖ਼ਤ ਵਿਰੋਧ ਹੈ ਕਿਉਂਕਿ ਇਹ ਦੇਸ਼ ਦੇ ਮਸਲਿਆਂ ਨੂੰ ਹੱਲ ਨਹੀਂ ਕਰ ਸਕਿਆ ਹੈ। ਇਸ ਸਾਰੇ ਕੰਮ ਵਿਚ ਮੈਨੂੰ ਕਮਿਊਨਿਸਟ ਪਾਰਟੀ ਤੋਂ ਬੜੀ ਮਦਦ ਮਿਲੀ ਤੇ ਮੈਂ ਹਮੇਸ਼ਾ ਇਸ ਨੂੰ ਇੱਜ਼ਤ ਦੀ ਨਿਗਾਹ ਨਾਲ ਦੇਖਿਆ ਹੈ।" (ਸੋਹਨ ਸਿੰਘ ਜੋਸ਼, ਇਕ ਇਨਕਲਾਬ ਇਕ ਜੀਵਨੀ, ਪੰਨਾ-75-76)

ਹੈਰਾਨੀ ਦੀ ਗੱਲ ਹੈ ਕਿ ਗਦਰ ਲਹਿਰ ਨੂੰ ਸਿੱਖ ਸਪਿਰਟ ਦੀ ਲਹਿਰ ਮੰਨਣ ਵਾਲੇ, ਬਾਬਾ ਭਗਤ ਸਿੰਘ ਬਿਲਗਾ ਅਤੇ ਕਾਮਰੇਡ ਗੰਦਰਵ ਕੋਛੜ ਨੂੰ ਗਦਰੀ ਬਾਬੇ ਮੰਨਣ ਲਈ ਤਿਆਰ ਨਹੀਂ ਹਨ। ਅਜਮੇਰ ਸਿੰਘ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਉਪਰੋਕਤ ਦੋਹਾਂ ਦੇਸ਼ ਭਗਤਾਂ ਨੂੰ ਤਕਨੀਕੀ ਤੌਰ 'ਤੇ ਗਦਰੀ ਬਾਬੇ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਉਹ 1914 ਵਾਲੇ ਗਦਰੀ ਬਾਬਿਆਂ ਤੋਂ ਪਿੱਛੋਂ ਜਾ ਕੇ ਆਜ਼ਾਦੀ ਦੇ ਸੰਗਰਾਮ ਵਿਚ ਸ਼ਾਮਿਲ ਹੋਏ ਸਨ। ਇਹ ਕੈਸਾ ਤਰਕ ਹੈ? ਸਮਝ ਵਿਚ ਨਹੀਂ ਆਉਂਦਾ। ਕੀ ਇਸ ਦਾ ਅਰਥ ਇਹ ਲਿਆ ਜਾਵੇ ਕਿ 1914 ਤੋਂ ਬਾਅਦ ਗਦਰ ਲਹਿਰ ਸਮਾਪਤ ਹੋ ਗਈ ਸੀ। ਇਹ ਕਿਹੜੀ ਤਕਨੀਕ ਹੈ ਜੋ ਸਾਡੇ ਇਸ ਵਿਦਵਾਨ ਲੇਖਕ ਨੇ ਆਪ ਹੀ ਘੜ੍ਹ ਲਈ ਹੈ। ਕੀ ਇਸ ਦਾ ਅਰਥ ਇਹ ਲਿਆ ਜਾਵੇ ਕਿ 1914 ਤੋਂ ਬਾਅਦ ਦੇ ਆਜ਼ਾਦੀ ਘੁਲਾਈਏ ਦੇਸ਼ ਭਗਤ ਜਾਂ ਗਦਰੀ ਬਾਬੇ ਨਹੀਂ ਸਨ। ਜਿੱਥੋਂ ਤੱਕ ਦੇਸ਼ ਭਗਤ ਯਾਦਗਾਰ ਹਾਲ ਦੇ ਸੰਚਾਲਨ ਦਾ ਮਸਲਾ ਹੈ ਜਿਸ ਨੂੰ ਉਹ 'ਨਾਸਤਿਕਾਂ ਦੇ ਕਬਜੇ' ਵਿਚ ਦਸਦਾ ਹੈ ਉਸ ਦੀ ਇਹ ਧਾਰਨਾਂ ਵੀ ਠੀਕ ਨਹੀਂ ਹੈ ਕਿਉਂਕਿ ਦੇਸ਼ ਭਗਤ ਯਾਦਗਾਰ ਹਾਲ ਕੋਈ ਧਾਰਮਿਕ ਇਦਾਰਾ ਨਹੀਂ ਹੈ ਜਿੱਥੇ ਧਾਰਮਿਕ ਖਿਆਲਾਂ ਵਾਲੇ ਲੋਕਾਂ ਦਾ ਹੋਣਾ ਜ਼ਰੂਰੀ ਹੈ। ਇਹ ਦੇਸ਼ ਭਗਤ ਗਦਰੀ ਬਾਬਿਆਂ ਦੀ ਯਾਦ ਨੂੰ ਸੰਭਾਲੀ ਰੱਖਣ ਤੇ ਸਰਮਾਏਦਾਰੀ ਖਿਲਾਫ਼ ਵਿਚਾਰਧਾਰਕ ਸੰਘਰਸ਼ ਵਿੱਢ ਕੇ ਜ਼ਾਲਮ ਸਰਕਾਰਾਂ ਤੋਂ ਆਮ ਲੋਕਾਂ ਦੀ ਰਾਖੀ ਦਾ ਅਹਿਦ ਲੈ ਕੇ ਤੁਰਿਆ ਹੋਇਆ ਇਦਾਰਾ ਹੈ ਜੋ ਜਮਹੂਰੀ ਕਦਰਾਂ-ਕੀਮਤਾਂ ਅਨੁਸਾਰ ਚੱਲ ਰਿਹਾ ਹੈ।

ਕਮੇਟੀ ਦੀ ਬਾਕਾਇਦਾ ਜਮਹੂਰੀ ਢੰਗ ਨਾਲ ਚੋਣ ਹੁੰਦੀ ਹੈ। ਕੋਈ ਵੀ ਵਿਅਕਤੀ ਭਾਵੇਂ ਉਹ ਕਿਸੇ ਵੀ ਧਰਮ/ਜਾਤ/ਗੋਤ ਤੋਂ ਕਿਉਂ ਨਾ ਹੋਵੇ, ਆਸਤਕ ਹੋਵੇ ਜਾਂ ਨਾਸਤਕ, ਚੋਣ ਪ੍ਰਕਿਰਿਆ ਵਿਚ ਹਿੱਸਾ ਲੈ ਕੇ ਕਮੇਟੀ ਦਾ ਮੈਂਬਰ ਜਾਂ ਅਹੁਦੇਦਾਰ ਬਣ ਸਕਦਾ ਹੈ। ਇੱਥੇ ਅਹੁਦੇਦਾਰ ਜਾਂ ਮੈਂਬਰ ਕਿਸੇ ਦੀ ਜੇਬ 'ਚੋਂ ਨਹੀਂ ਨਿਕਲਦੇ।

ਜਿੱਥੋਂ ਤੱਕ ਗਦਰੀ ਬਾਬਿਆਂ ਦੇ ਸਿੱਖ ਜਾਂ ਕਾਮਰੇਡ ਹੋਣ ਦਾ ਸੁਆਲ ਹੈ ਤਾਂ ਇਸ ਪ੍ਰਸ਼ਨ ਨਾਲ ਬਾਬਸਤਾ ਹੁੰਦਿਆਂ ਪ੍ਰੋ. ਵਰਿਆਮ ਸਿੰਘ ਸੰਧੂ ਲਿਖਦੇ ਹਨ ਕਿ ਬੇਸ਼ੱਕ ਮੁੱਢਲੇ ਗਦਰੀ ਸਿੱਖ ਸਨ ਪਰ ਆਜ਼ਾਦੀ ਦੇ ਸੰਗਰਮ ਵਿਚ ਕੁੱਦਣ ਤੋਂ ਬਾਅਦ ਉਹ ਅੰਤਰ-ਰਾਸ਼ਟਰੀ ਸੋਸ਼ਲਿਸਟ ਫਲਸਫ਼ੇ ਦੇ ਧਾਰਨੀ ਵੀ ਬਣ ਗਏ ਸਨ। ਬਹੁਤ ਸਾਰੇ ਸਿੱਖ ਆਗੂ ਤਾਂ ਕੈਨੇਡਾ ਦੀ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਦੇ ਮੈਂਬਰ ਵੀ ਬਣ ਚੁੱਕੇ ਸਨ। ਕੁਝ ਸਿੱਖ ਗਦਰੀਆਂ ਨੇ ਹੁਸੈਨ ਰਹੀਮ ਤੇ ਜੀ.ਵੀ. ਕੁਮਾਰ ਵਰਗੇ ਸੋਸ਼ਲਿਸਟਾਂ ਨਾਲ

ਰਲ ਕੇ ਵੈਨਕੂਵਰ ਵਿਚ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਦੀ ਇਕ ਬਰਾਂਚ ਵੀ ਬਣਾ ਲਈ ਸੀ। ਇਹ ਘਟਨਾਵਾਂ ਸਾਬਤ ਕਰਦੀਆਂ ਹਨ ਕੈਨੇਡਾ ਦੇ ਸਿੱਖ ਜਿੱਥੇ ਸਿੱਖਾਂ ਵਜੋਂ ਵਿਚਰ ਰਹੇ ਸਨ, ਉੱਥੇ ਉਨ੍ਹਾਂ ਦੇ ਜਿਹਨ ਵਿਚ ਪੂਰਾ ਹਿੰਦੋਸਤਾਨ ਸੀ ਤੇ ਉਨ੍ਹਾਂ ਵਿਚ ਆਪਣੀ ਪਸੰਦ ਦਾ ਸੋਸ਼ਲਿਸਟ ਸਮਾਜ ਉਸਾਰਨ ਦੀ ਤਾਂਘ ਵੀ ਸੀ। ਉਨ੍ਹਾਂ ਦੀ ਹਿੰਦੋਸਤਾਨੀਅਤ, ਅੰਤਰ-ਰਾਸ਼ਟਰੀਅਤਾ ਅਤੇ ਸਿੱਖੀ ਵਿਚ ਕੋਈ ਅੰਤਰ-ਵਿਰੋਧ ਨਹੀਂ ਸੀ।

ਉਪਰੋਕਤ ਚਰਚਾ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਸਮੁੱਚੀ ਆਜ਼ਾਦੀ ਦੇ ਸੰਘਰਸ਼ ਦੀ ਲਹਿਰ ਨੂੰ ਇਕ ਧਾਰਮਿਕ ਸੰਘਰਸ਼ ਵਜੋਂ ਵੇਖਣਾ ਨਾ ਤਾਂ ਕਿਸੇ ਤਰ੍ਹਾਂ ਤਰਕਸੰਗਤ ਹੈ ਅਤੇ ਨਾ ਹੀ ਇਸ ਲਹਿਰ ਨਾਲ ਇਹ ਇਨਸਾਫ਼ ਹੈ। ਕਾਮਰੇਡ ਲੈਨਿਨ ਅਨੁਸਾਰ ਧਰਮ ਵਿਅਕਤੀ ਦਾ ਇਕ ਨਿੱਜੀ ਮਸਲਾ ਹੈ। ਇਹ ਕਿਸੇ ਤਰ੍ਹਾਂ ਵੀ ਪਾਰਟੀ ਦਾ ਹਿੱਸਾ ਨਹੀਂ ਹੋ ਸਕਦਾ। ਕਮਿਊਨਿਜ਼ਮ ਇਕ ਪਦਾਰਥਕ ਫ਼ਲਸਫਾਂ ਹੈ, ਕ੍ਰਾਂਤੀਕਾਰੀ ਸਿਧਾਂਤ ਹੈ ਜਿਸ ਨੂੰ ਕੋਈ ਧਾਰਮਿਕ ਮਨੁੱਖ ਵੀ ਅਪਣਾ ਸਕਦਾ ਹੈ ਕਿਉਂਕਿ ਧਾਰਮਿਕਤਾ ਜਾਂ ਅਧਿਆਤਮਿਕਤਾ ਆਪਣੀ ਨਿੱਜੀ ਮਾਨਸਿਕ ਸ਼ਾਂਤੀ ਲਈ ਹੈ ਤੇ ਕਮਿਊਨਿਜ਼ਮ ਸਮਾਜਕ ਤਬਦੀਲੀ ਦਾ ਇਕ ਫਲਸਫਾ ਹੈ। ਸਭ ਧਰਮਾਂ ਦੇ ਲੋਕ ਇਸ ਫਲਸਫ਼ੇ ਨੂੰ ਅਪਣਾ ਕੇ ਸਮਾਜਿਕ ਤੇ ਰਾਜਨੀਤਕ ਤਬਦੀਲੀ ਵਿਚ ਆਪਣਾ ਬਣਦਾ ਯੋਗਦਾਨ ਪਾ ਸਕਦੇ ਹਨ। ਅਵਤਾਰ ਪਾਸ਼ ਦੇ ਲਫ਼ਜ਼ਾਂ ਨਾਲ ਅਸੀਂ ਆਪਣੀ ਚਰਚਾ ਨੂੰ ਇੱਥੇ ਹੀ ਰੋਕਦੇ ਹਾਂ :

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ
ਮਜ਼ਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ
ਦੁਨੀਆ ’ਤੇ ਇਕੋ ਹੀ ਜਮਾਤ ਹੋਵੇਗੀ
ਰੋਜ਼ ਹੀ ਦਿਵਾਲੀ ਵਾਲੀ ਰਾਤ ਹੋਵੇਗੀ
ਰੱਜ ਰੱਜ ਖਾਣਗੇ ਕਮਾਊ ਹਾਣੀਆਂ
ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ।

# ਗੁਰੂ ਨਾਨਕ ਦੇਵ ਜੀ ਦੇ 556ਵੇਂ ਗੁਰਪੁਰਬ ਨੂੰ ਸਮਰਪਿਤ

## ਡਾ. ਰਾਮ ਮੂਰਤੀ ਦੀਆਂ ਦੋ ਗ਼ਜ਼ਲਾਂ

### ਗ਼ਜ਼ਲ

ਭਾਗੋ ਨੂੰ ਜਾ ਕੇ ਟੋਕੀਂ ਨਾਨਕ ਨੂੰ ਸਮਝਣਾ ਜੇ
ਲਾਲੋ ਦੇ ਕੋਲ ਬੈਠੀਂ ਨਾਨਕ ਨੂੰ ਸਮਝਣਾ ਜੇ

ਬਾਬਰ ਦੇ ਨਾਲ ਮੱਥਾ ਲਾਉਣਾ ਹੈ ਤੈਨੂੰ ਪੈਣਾ
ਰਾਜੇ ਨੂੰ ਸ਼ੀਂਹ ਆਖੀਂ ਨਾਨਕ ਨੂੰ ਸਮਝਣਾ ਜੇ

ਸੱਜਣ ਜਹੇ ਠੱਗਾਂ ਤੋਂ ਲੋਕਾਂ ਨੂੰ ਬਚਾਵੀਂ
ਕਰਦੇ ਜੋ ਲੁੱਟ ਰੋਕੀਂ ਨਾਨਕ ਨੂੰ ਸਮਝਣਾ ਜੇ

ਧਰ ਲਈਂ ਤਲੀ ਤੇ ਆਪਣਾ ਸਿਰ ਪ੍ਰੇਮ ਦੀ ਗਲੀ ਜਾ
ਤੂੰ ਬੇਸਿਰਾ ਹੀ ਜੂਝੀਂ ਨਾਨਕ ਨੂੰ ਸਮਝਣਾ ਜੇ

ਨਾਨਕ ਦੇ ਘਰ ਦਾ ਕੂਕਰ ਹੈ ਮੂਰਤੀ ਵਿਚਾਰਾ
ਉਸ ਦੇ ਗੁਨਾਹ ਨਾ ਵੇਖੀਂ ਨਾਨਕ ਨੂੰ ਸਮਝਣਾ ਜੇ।

### ਗ਼ਜ਼ਲ

ਏਕ ਓਂਕਾਰ ਦਾ ਵੱਖਰ ਦਿਲ ਵਿੱਚ ਰੱਖ ਲਿਆ ਏ
ਮੈਂ ਨਾਨਕ ਦੀ ਲੋ ਵਿੱਚ ਜੀਣਾ ਸਿੱਖ ਲਿਆ ਏ

ਨਾ ਕੋ ਬੈਰੀ ਨਹੀਂ ਬੇਗਾਨਾ ਮੇਰੇ ਲਈ
ਗੁਰੂ ਨਾਨਕ ਤੋਂ ਇਸ ਵਰਦਾਨ ਦਾ ਭਿੱਖ ਲਿਆ ਏ

ਖਤ੍ਰੀ ਬ੍ਰਾਹਮਣ ਸੂਦ ਵੈਸ਼ ਸਭ ਲੋਕਾਂ ਲਈ
ਉਪਦੇਸ਼ ਗੁਰੂ ਦਾ ਸਾਂਝਾ ਕਰ ਪ੍ਰਤੱਖ ਲਿਆ ਏ

ਪ੍ਰੇਮ ਗਲੀ ਵਿੱਚ ਸਿਰ ਹੀ ਦੇਣਾ ਪੈਂਦਾ ਏ
ਸੂਹੇ ਅਖਰੀਂ ਮਨ ਮਸਤਿਕ ਵਿਚ ਲਿੱਖ ਲਿਆ ਏ

ਮੈਂ ਖੜ੍ਹਦਾ ਹਾਂ ਨਾਲ ਨਿਤਾਣੇ ਲੋਕਾਂ ਦੇ
ਨਾ ਕਦੇ ਜ਼ਾਲਿਮ ਜ਼ਾਬਰ ਦਾ ਨਾ ਪੱਖ ਲਿਆ ਏ

ਨਿੰਦਾ ਚੁਗਲੀ ਛੱਡ ਕੇ ਚੁਪ ਨੂੰ ਸਾਧ ਲਿਆ ਹੈ
ਬਹੁਤਾ ਬੋਲਣ ਦਾ ਹੁਣ ਮੈਂ ਛੱਡ ਝੱਖ ਲਿਆ ਏ

ਸਾਦਾ ਖਾਣਾ ਸਾਦਾ ਬਾਣਾ ਪਾਈਦਾ
ਇਛਾਵਾਂ ਦੇ ਦੈਂਤ ਨੂੰ ਆਪਾਂ ਭੱਖ ਲਿਆ ਏ।

# ਆਪ ਮੁਹਾਰੇ ਉੱਤਰੀ ਕਵਿਤਾ ਨੂੰ ਮੈਂ ਇਸ਼ਕ ਕਰਦਾ ਹਾਂ।

-ਜੁਗਿੰਦਰ ਸੰਧੂ



ਮੈਂ ਕਵਿਤਾ ਨਹੀਂ ਲਿਖਦਾ, ਨਾ ਇਸ ਪਾਸੇ ਆਪਣੀ ਕਲਮ ਨੂੰ ਕਦੀ ਖੁਦ ਤੋਰਦਾ ਹਾਂ, ਇਹ ਤਾਂ ਕਵਿਤਾ ਹੀ ਹੈ ਜੋ ਮੈਨੂੰ ਅਤੇ ਮੇਰੀ ਕਲਮ ਨੂੰ ਆਪਣੇ ਰਾਹ ਤੋਰ ਲੈਂਦੀ ਹੈ। ਇਸ ਰਾਹ ਤੋਂ ਲੰਘ ਕੇ ਜਿਹੜੀ ਕਵਿਤਾ ਬਣਦੀ ਹੈ, ਜੋ ਤਸਵੀਰ ਉੱਭਰਦੀ ਹੈ, ਜਿਹੜੇ ਖਿਆਲ ਆਪ-ਮੁਹਾਰੇ ਆਪਣਾ ਰੰਗ-ਰੂਪ ਧਾਰ ਕੇ ਕਾਂਗਜ਼ ਦੀ ਛਾਤੀ 'ਤੇ ਸਿਰ ਧਰ ਲੈਂਦੇ ਹਨ, ਮੈਂ ਉਨ੍ਹਾਂ ਦੀ ਆਮਦ ਨੂੰ ਪ੍ਰਵਾਨ ਕਰਦਾ ਹਾਂ। ਕਵਿਤਾ ਦਾ ਉਹ ਕੱਦ-ਬੁੱਤ, ਨੈਣ-ਨਕਸ਼ ਅਤੇ ਸਮੁੱਚਾ ਅਕਸ ਮੇਰੇ ਜਿਹਨ 'ਚੋਂ ਵਾਰ-ਵਾਰ ਜ਼ਲਵਾਗਾਰ ਹੁੰਦਾ ਰਹਿੰਦਾ ਹੈ। ਮੈਂ ਉਸ ਕਵਿਤਾ ਨੂੰ ਮਾਣਦਾ ਹਾਂ, ਪਿਆਰ ਕਰਦਾ ਹਾਂ, ਸਤਿਕਾਰਦਾ ਹਾਂ ਅਤੇ ਭਰਪੂਰ ਮੋਹ-ਸਨੇਹ ਉਸ ਤੋਂ ਨਿਛਾਵਰ ਕਰਦਾ ਹਾਂ। ਮੈਨੂੰ ਨਹੀਂ ਪਤਾ ਇਸ ਤਰ੍ਹਾਂ ਆਪੇ ਹੀ ਮੇਰੇ ਵਿਹੜੇ ਆਣ ਉੱਤਰੀ ਅਜਿਹੀ ਕਾਵਿ-ਮੂਰਤ ਬਾਰੇ ਪਾਠਕ, ਆਲੋਚਕ, ਲੇਖਕ, ਵੱਡੇ ਸ਼ਾਇਰ, ਸਾਹਿਤਕਾਰ ਕੀ ਸੋਚਦੇ ਹੋਣਗੇ ਜਾਂ ਨਹੀਂ ਸੋਚਦੇ ਹੋਣਗੇ ਪਰ ਮੈਨੂੰ ਤਾਂ ਇਸ ਤਰ੍ਹਾਂ ਦੀ ਕਵਿਤਾ ਨਾਲ ਇਸ਼ਕ ਹੋ ਜਾਂਦਾ ਹੈ। ਮੇਰੇ ਦਿਲ ਦਿਮਾਗ ਨੂੰ ਪ੍ਰਭਾਵਿਤ ਕਰਨ ਵਾਲੀ ਕਵਿਤਾ ਦਾ ਜਲਵਾ ਮੇਰੇ ਸਿਰ ਚੜ੍ਹ ਬੋਲਦਾ ਹੈ ਅਤੇ ਜਦੋਂ ਉਹ ਮੇਰੀ ਕਲਮ 'ਤੇ ਸਵਾਰ ਹੋ ਕੇ ਕਾਗਜ਼ ਦੇ ਪਲੰਘ 'ਤੇ ਆਣ ਪਲਸੇਟੇ ਮਾਰਦੀ ਹੈ ਤਾਂ ਮੈਂ ਦਿਨ-ਰਾਤ ਉਸ ਦੇ ਨਕਸਾਂ ਨੂੰ ਨਿਹਾਰਦਾ-ਪੜ੍ਹਦਾ ਰਹਿੰਦਾ ਹੈ। ਉਹ ਮੇਰੇ ਵਿੱਚ ਘੁਲ-ਮਿਲ ਜਾਂਦੀ ਹੈ। ਮੈਂ ਅਕਸਰ ਉਸ ਨੂੰ ਗੁਣਗੁਣਾਉਂਦਾ ਫਿਰਦਾ ਹਾਂ।

ਸੁਣ ਨੀ ਜਿੰਦੇ
ਕੋਈ ਗੀਤ ਅਵੱਲੜਾ ਗਾ।
ਲੱਭ ਲਾਟਾਂ ਦੇ ਅੱਖਰ ਨੀ,
ਭਾਂਬੜ ਜਿਹੇ ਸ਼ਬਦ ਬਣਾ।
ਗਮ ਦੇ ਉੱਚੇ ਬੋਹਲਾਂ ਨੂੰ
ਤੂੰ ਸ਼ਬਦਾਂ ਦੀ ਅੱਗ ਲਾ।

ਅੱਖਾਂ ਸਮਾਜਕ, ਧਾਰਮਕ, ਰਾਜਨੀਤਕ, ਪਰਿਵਾਰਕ ਪੱਧਰ 'ਤੇ ਵਾਪਰਦੇ ਘਟਨਾਚੱਕਰਾਂ ਦੇ ਦ੍ਰਿਸ਼ ਦੇਖਦੀਆਂ ਹਨ। ਆਪਣੀ ਸਮਝ ਅਨੁਸਾਰ ਦਿਲ ਉਨ੍ਹਾਂ ਘਟਨਾਚੱਕਰਾਂ ਦੇ ਪ੍ਰਭਾਵ ਕਬੂਲਦਾ ਹੈ ਅਤੇ ਫਿਰ ਦਿਮਾਗ ਉਸ ਨੂੰ ਰਿੜਕਦਾ ਹੈ। ਵਾਰ-ਵਾਰ ਉਨ੍ਹਾਂ ਖਿਆਲਾਂ ਦੀ ਭੰਨ-ਤੋੜ ਕਰਕੇ ਵੇਖਦਾ ਹੈ ਅਤੇ ਕਈ ਵਾਰ ਇਸ ਮੈਸ਼ਨ ਵਿਚੋਂ ਕਾਵਿ-ਮੂਰਤ ਉਪਜ ਪੈਂਦੀ ਹੈ। ਇਹ ਕਵਿਤਾ ਵੱਖ-ਵੱਖ ਰੂਪ ਲੈ ਕੇ ਪ੍ਰਗਟ ਹੁੰਦੀ ਹੈ। ਜਿਸ ਤਰ੍ਹਾਂ ਦੇ ਵਿਸ਼ੇ ਹੁੰਦੇ ਹਨ, ਉਸੇ ਤਰ੍ਹਾਂ ਦਾ ਰੂਪ ਜ਼ਾਹਰ ਹੁੰਦਾ ਹੈ।

ਬਹੁਤੀ ਵਾਰ ਮੇਰਾ ਮਨ ਸੋਚਦਾ ਹੈ ਕਿ ਮੈਂ ਧਰਤੀ ਦੀ ਸਾਰੀ ਪੀੜ ਹਰ ਲਵਾਂ, ਸੰਸਾਰ ਦਾ ਦਾ ਸਾਰਾ ਜ਼ਹਿਰ ਪੀ ਜਾਵਾਂ, ਪਰ ਅਜਿਹਾ ਹੋ ਨਹੀਂ ਸਕਦਾ। ਮੈਂ ਕੋਈ ਦੇਵ-ਪੁਰਸ਼ ਨਹੀਂ, ਜੋ ਸਭ ਪੀੜਤ ਜੀਵਾਂ ਦੇ ਗਮ ਸਮੇਟ ਲਵਾਂ। ਮਨੁੱਖੀ-ਮਨ ਦੀ ਆਪਣੀ ਸਮਰੱਥਾ ਅਤੇ ਸ਼ਕਤੀ ਹੁੰਦੀ ਹੈ। ਕੁਝ ਲੋਕ ਅਣਮਨੁੱਖੀ ਵਰਤਾਰਿਆਂ ਖ਼ਿਲਾਫ਼ ਤਲਵਾਰ ਲੈ ਕੇ ਲੜਦੇ ਹਨ, ਕੁਝ ਆਵਾਜ਼ ਬੁਲੰਦ ਕਰਦੇ ਹਨ, ਜ਼ੁਲਮਾਂ ਦੇ ਖ਼ਿਲਾਫ਼ ਹੋਕਾ ਦਿੰਦੇ ਹਨ। ਧੱਕੇਸ਼ਾਹੀ, ਮਾਰਧਾੜ ਲੁੱਟ ਖੋਹ, ਸ਼ੋਸ਼ਣਬਾਜ਼ੀ,ਠੱਗੀ, ਬੇਈਮਾਨੀ, ਰਜਵਾੜਾਸ਼ਾਹੀ ਪ੍ਰਵਿਰਤੀ, ਪਸ਼ੂਬਿਰਤੀ, ਸੱਤਾ ਪੱਖ ਦੀ ਹਨੇਰਗਰਦੀ ਅਤੇ ਕਿਸੇ ਵੀ ਤਰ੍ਹਾਂ ਦੇ ਜ਼ਬਰ-ਜ਼ੁਲਮ ਤੋਂ ਨਾਬਰ ਹੋਏ ਚੇਤੰਨ ਵਿਅਕਤੀ ਆਪੇ-ਆਪਣੇ ਢੰਗ ਨਾਲ ਇਨ੍ਹਾਂ ਸਭ ਅਣਮਨੁੱਖੀ ਵਰਤਾਰਿਆਂ ਖ਼ਿਲਾਫ ਜੂਝਦੇ ਹਨ।

ਲੇਖਕਾਂ ਦਾ ਧਰਮ ਹੈ ਕਿ ਉਹ ਆਪਣੀ ਕਲਮ ਨਾਲ ਮਾਨਵੀ ਪੀੜਾ ਦਾ ਕਾਰਣ ਬਣਨ ਵਾਲੇ ਕਾਲਖੀ-ਚਿਹਰਿਆਂ, ਤਸ਼ੱਦਦ ਵਰਤਾਉਂਦੇ ਹੱਥਾਂ, ਸਮਾਜ 'ਚ ਅੰਨ੍ਹੀ-ਲੁੱਟ ਮਚਾਉਣ ਵਾਲਿਆਂ, ਦੇਸ਼ ਦੀ ਅਸਮਿਤ ਨਾਲ ਖਿਲਵਾੜ ਕਰਨ ਵਾਲਿਆਂ, ਨਾਰੀ ਨੂੰ ਨੋਚਣ ਅਤੇ ਮਾਰ ਮੁਕਾਉਣ ਵਾਲੇ ਹੈਵਾਨਾਂ, ਰੱਤ ਪੀਣੇ ਸਾਜ਼ਸ਼ੀ ਟੋਲਿਆਂ, ਪਾਰਟੀਬਾਜ਼ਾਂ ਦੀ ਅਮਾਨਵੀ ਸੋਚ ਅਤੇ ਪ੍ਰਵਿਰਤੀ ਨੂੰ ਬੇਨਕਾਬ ਕਰਨ ਲਈ, ਹਨੇਰੇ ਨੂੰ ਹੂੰਝਣ ਲਈ ਲੋਅ ਵੰਡਣ ਵਰਗੀ ਸਿਰਜਣਾ ਕਰਨ।

ਜਦੋਂ ਵੀ ਦੁਖਾਂਤ ਵਾਪਰਦਾ ਹੈ ਤਾਂ ਸਾਡੀ ਸੋਚ ਨੂੰ

ਝੰਜੋੜਦਾ ਹੈ, ਫਿਰ ਇਹ ਸੁਆਲ ਖੜ੍ਹਾ ਹੁੰਦਾ ਹੈ ਕਿ ਇਸ ਪ੍ਰਤੀ ਸਮਾਜ ਨੂੰ ਜਾਣੂੰ ਕਰਵਾਉਂਣਾ ਹੀ ਕਾਫੀ ਨਹੀਂ, ਸਗੋਂ ਇਸ ਦਾ ਹੱਲ ਵੀ ਤਲਾਸ਼ਣਾ ਪਵੇਗਾ। ਕਿੱਥੇ ਵਿਗਾੜ ਹੈ, ਕੌਣ ਤਰਾਸਦੀਆਂ ਲਈ ਜ਼ਿੰਮੇਵਾਰ ਹੈ। ਭਾਵੇਂ ਸਮਾਜ ਵਿਰੋਧੀ ਲੋਕ ਹੋਣ, ਪ੍ਰਸ਼ਾਸਨ ਹੋਵੇ, ਰਾਜ ਪ੍ਰਬੰਧ ਹੋਵੇ, ਸੱਤਾਧਾਰੀ ਹੁਕਮਰਾਨ ਹੋਣ, ਲੇਖਕ ਨੂੰ ਉਨ੍ਹਾਂ ਵੱਲ ਉਂਗਲ ਕਰਨੀ ਪਵੇਗੀ। ਜਦੋਂ ਗੁਨਾਹਗਾਰਾਂ, ਅਪਰਾਧੀਆਂ ਦੁਖਾਂਤ-ਤ੍ਰਾਸਦੀ ਲਈ ਜ਼ਿੰਮੇਵਾਰਾਂ, ਲੋਟੂਆਂ ਦੀ ਸਨਾਖਤ ਹੋ ਜਾਵੇਗੀ ਤਾਂ ਕਲਮ ਉਨ੍ਹਾਂ ਨੂੰ ਲੋਕਾਂ ਸਾਹਵੇ ਬੇਨਕਾਬ ਕਰ ਦੇਵੇਗੀ। ਲੇਖਕ ਨੂੰ ਲੋਕਾਂ ਦੇ ਏਕੇ ਲਈ ਵੀ ਉਸਾਰੂ ਯੋਗਦਾਨ ਪਾਉਣਾ ਪਵੇਗਾ, ਤਾਂ ਉਹ ਹਨੇਰਗਰਦਾਂ ਵਿਰੁੱਧ ਮੈਦਾਨ 'ਚ ਨਿੱਤਰ ਸਕਦੇ ਹਨ।

ਊਣਤਾਈ, ਖਾਮੀ ਛੋਟੀ ਹੋਵੇ ਜਾਂ ਵੱਡੀ, ਅਪਰਾਧ ਨਿੱਕਾ ਹੋਵੇ ਜਾਂ ਮੋਟਾ, ਜੇ ਉਹ ਮਨੁੱਖੀ ਜਮਾਤ, ਸਮਾਜ 'ਤੇ ਬੁਰਾ ਅਤੇ ਮਾਰੂ ਅਸਰ ਪਾਉਂਦਾ ਹੈ ਤਾਂ ਲੇਖਕ ਨੂੰ ਸ਼ਾਇਰ ਨੂੰ ਉਸ ਵਿਰੁੱਧ ਕਲਮ ਚੁੱਕਣੀ ਹੀ ਪਵੇਗੀ। ਇਹ ਲੇਖਕ ਦਾ ਧਰਮ ਬਣਦਾ ਹੈ। ਜੇ ਉਹ ਸਮਾਜ ਦੇ ਕੁਹਜ ਵੱਲੋਂ, ਪੀੜਾ ਵੱਲੋਂ, ਲੁੱਟ-ਖੋਹ ਵੱਲੋਂ ਅੱਖਾਂ ਮੀਟ ਕੇ ਇਨਾਮੀ-ਸਿਰਜਣਾ ਕਰਦਾ ਹੈ, ਸੱਤਾਧਾਰੀਆਂ ਦੇ ਸੋਹਲੇ ਗਾਉਂਦਾ ਹੈ, ਤਖ਼ਤ ਨੂੰ ਸਲਾਮ ਕਰਦਾ ਹੈ, ਅਹੁਦਿਆਂ, ਪਦਵੀਆਂ, ਐਵਾਰਡਾਂ ਦੀ ਲਾਲਸਾ ਰੱਖਦਾ ਹੈ ਤਾਂ ਉਹ ਕਿੰਨਾ ਵੱਡਾ ਸ਼ਾਇਰ/ਲੇਖਕ ਕਿਉਂ ਨਾ ਹੋਵੇ, ਉਹ ਕਲਮ ਦਾ ਧਰਮ ਨਿਭਾਉਣ ਵਿੱਚ ਅਸਫਲ ਸਮਝਿਆ ਜਾਵੇਗਾ। ਅਜਿਹਾ ਲੇਖਕ ਕਿਸੇ ਤਰ੍ਹਾਂ ਵੀ ਲੋਕ-ਕਚਿਹਰੀ 'ਚ ਪ੍ਰਵਾਨ ਨਹੀਂ ਹੋਵੇਗਾ ਅਤੇ ਨਾ ਮਾਨਵਤਾ ਦੇ ਪਿਆਰ-ਸਤਿਕਾਰ ਦਾ ਪਾਤਰ ਹੋਵੇਗਾ।

ਇਸ ਧਰਤੀ 'ਤੇ ਕਈ ਵਾਰ ਅਜਿਹੇ ਮਹਾਂਪਾਪ ਹੁੰਦੇ ਹਨ, ਅਜਹਿ ਅਤਿ-ਦੁਖਦਾਈ ਘਟਨਾਚੱਕਰ ਵਾਪਰਦੇ ਹਨ ਕਿ ਮੇਰੀ ਸੋਚ ਉਨ੍ਹਾਂ ਵਿੱਚ ਖੁੱਭ ਜਾਂਦੀ ਹੈ। ਜਦੋਂ ਕਿਸੇ ਨੰਨ੍ਹੀ ਬਾਲੜੀ, ਮਾਸੂਮ ਔਰਤ ਜਾਂ ਕਿਸੇ ਵੀ ਨਾਰੀ ਨਾਲ ਬਲਾਤਕਾਰ ਹੁੰਦਾ ਹੈ, ਫਿਰ ਉਸ ਦੇ ਜਿਸਮ ਨੂੰ ਨੋਚ-ਨੋਚ ਕੇ ਉਸ ਨੂੰ ਮਾਰ ਮੁਕਾਇਆ ਜਾਂਦਾ ਹੈ ਤਾਂ ਮੇਰਾ ਮਨ ਕੁਰਲਾ ਉੱਠਦਾ ਹੈ, ਅੱਖਾਂ ਵਹਿ ਤੁਰਦੀਆਂ ਹਨ ਅਤੇ ਦਿਮਾਗ 'ਚ ਉੱਭਰਦੇ ਖਿਆਲਾਂ ਦੇ ਵਰੋਲੇ ਕਲਮ ਨੂੰ ਇਸ ਦਾ ਚਿਤਰਨ (ਮੇਰੀ ਸਮਰੱਥਾ ਅਤੇ ਸਮਝ ਅਨੁਸਾਰ ) ਕਰਨ ਲਈ ਮਜ਼ਬੂਰ ਕਰ ਦਿੰਦੇ ਹਨ।

ਸੱਤਾਧਾਰੀ ਜਦੋਂ ਮਨਮਰਜੀਆਂ ਕਰਦੇ ਹਨ, ਪਾਪਾਂ ਦੇ ਭਾਗੀਆਂ ਨੂੰ ਆਪਣੀ ਬੁੱਕਲ 'ਚ ਲੈ ਲੈਂਦੇ ਹਨ ਅਤੇ ਨਿਰਦੋਸ਼, ਮਿਹਨਤੀ, ਈਮਾਨਦਾਰ ਲੋਕਾਂ 'ਤੇ ਅੱਤਿਆਚਾਰ ਕਰਦੇ ਹਨ, ਉਨ੍ਹਾਂ ਨੂੰ ਦੁੱਖਾਂ-ਭੁੱਖਾਂ 'ਚ ਸੜਦੇ-ਭੁੱਜਦੇ ਵੇਖਦੇ ਰਹਿੰਦੇ ਹਨ ਤਾਂ ਕਲਮ ਬੇਚੈਨ ਹੋ ਜਾਂਦੀ ਹੈ, ਦੌੜ ਪੈਂਦੀ ਹੈ, ਕੌੜਾ ਸੱਚ ਉਘਾੜਣ ਲਈ । ਇਹ ਕਲਮ ਇਸ ਤਰ੍ਹਾਂ ਦੁਖੀਆਂ, ਲਤਾੜੇ ਜਾ ਰਹੇ ਲੋਕਾਂ ਦੇ ਹੱਕ ਵਿੱਚ ਖੜ੍ਹੇ ਹੋਣ ਦਾ ਧਰਮ ਨਿਭਾਉਂਦੀ ਹੈ।

ਇਕ ਹੋਰ ਗੱਲ ਮੈਨੂੰ ਬੜੀ ਰੜਕਦੀ ਹੈ ਕਿ ਜਦੋਂ ਜਾਤ-ਪਾਤ, ਵਿਤਕਰਿਆਂ, ਛੂਤਛਾਤ, ਧਾਰਮਿਕ ਵਖਰੇਵਿਆਂ, ਜਾਂ ਖੇਤਰਵਾਦ, ਵਰਣ-ਵੰਡ ਦੀ ਘਟੀਆ ਸੋਚ ਕਿਤੇ ਉੱਭਰਦੀ ਦਿਖਾਈ ਦਿੰਦੀ ਹੈ ਤਾਂ ਵੀ ਮਨ ਅਸਹਿ-ਪੀੜਾ ਵਿੱਚ ਡੁੱਬ-ਡੁੱਬ ਜਾਂਦਾ ਹੈ। ਵਿਸ਼ੇਸ਼ ਤੌਰ 'ਤੇ ਜਦੋਂ ਹਰ ਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਮੰਨਣ, ਸਿਜਦਾ ਕਰਨ ਵਾਲੇ ਚਿਹਰੇ ਊਚ-ਨੀਚ ਅਤੇ ਜਾਤੀਵਾਦ ਦੇ ਹੱਕ 'ਚ ਟਾਹਰਾਂ ਮਾਰਦੇ ਹਨ ਤਾਂ ਇਹ ਮੇਰੀ ਕਲਮ ਤੋਂ ਬਰਦਾਸ਼ਤ ਨਹੀਂ ਹੁੰਦਾ।

ਮੈਂ ਸ਼ਾਂਤੀ, ਖ਼ੁਸ਼ਹਾਲੀ, ਭਾਈਚਾਰੇ ਦੇ ਹੱਕ 'ਚ ਹਮੇਸ਼ਾ ਗਵਾਹੀ ਭਰਦਾ ਹਾਂ, ਦੁੱਖ-ਸੁੱਖ ਵੇਲੇ ਦੂਜਿਆਂ ਦੇ ਕੰਮ ਆਉਣ ਦੀ ਗੱਲ ਛੇੜਦਾ ਹਾਂ, ਧਰਤੀ ਦੀ ਹਰਿਆਵਲ, ਪਾਣੀ ਦੀ ਸਵੱਛਤਾ ਅਤੇ ਉਤਪਾਦਾਂ ਦੇ ਜ਼ਹਿਰ ਮੁਕਤ ਹੋਣ ਦੀ ਕਾਮਨਾ ਕਰਦਾ ਹਾਂ ਅਤੇ ਚਾਹੁੰਦਾ ਹਾਂ ਕਿ ਇਸ ਲਈ ਸਭ ਨੂੰ ਯਤਨ ਕਰਨੇ ਚਾਹੀਦੇ ਹਨ। ਮਿਹਨਤਕਸ਼ਾਂ ਦਾ ਭਲਾ ਹੋਵੇ, ਸਭੈ ਸਾਂਝੀਵਾਲ ਸਦਾਇਨ, ਪਿਆਰ ਦੇ ਰਾਗ ਗੂੰਜਣ, ਕੋਈ ਭੁੱਖੇ ਢਿੱਡ ਨਾ ਸੌਂਵੇਂ, ਕਿਸੇ ਆਤਮਾ 'ਤੇ ਦਹਿਸ਼ਤ ਦਾ ਸਾਇਆ ਨਾ ਹੋਵੇ, ਕੁੜੀਆਂ-ਚਿੜੀਆਂ ਨਿਰਭੈ ਹੋ ਕੇ ਚਹਿਕਣ, ਪਰਿਵਾਰਾਂ ਵਿੱਚ ਸੰਤੁਸ਼ਟੀ ਅਤੇ ਆਪਸੀ ਪਿਆਰ ਦੇ ਰੰਗ ਖਿੜਣ, ਕਿਸੇ ਦਾ ਹੱਕ ਨਾ ਖੁੱਸੇ, ਹੁਕਮਰਾਨ ਲੋਕ-ਹਿਤੈਸ਼ੀ ਹੋਣ ਅਤੇ ਚੜ੍ਹਦੀ ਚਲਾ ਵਾਲੇ ਹੋਰ ਵੀ ਕਈ ਯਤਨਾਂ-ਕਦਮਾਂ ਦੀ ਲੋਚਾ ਕਰਦੀ ਮੇਰੀ ਕਲਮ ਨੂੰ ਮਾਲਕ ਸ਼ਕਤੀ ਅਤੇ ਸਮਰੱਥਾ ਬਖਸ਼ਣ। ਇਹੀ ਸਭ ਕੁੱਝ ਮੇਰੀ ਸਿਰਜਣਾ ਦਾ ਆਧਾਰ, ਪਾਸਾਰ ਹੈ।

# ਭਾਰਤ ਦੀ ਬਹੁਭਾਸ਼ਾਈ ਡਿਜੀਟਲ ਕ੍ਰਾਂਤੀ-ਭਾਸ਼ਾਈ ਡਿਜੀਟਲ ਪੁਨਰਜਾਗਰਣ : ਮਾਤ ਭਾਸ਼ਾ ਵਿੱਚ ਡਿਜੀਟਲ ਅਧਿਕਾਰ- ਤਕਨਾਲੋਜੀ, ਸੱਭਿਆਚਾਰ ਅਤੇ ਸਮਾਵੇਸ਼ ਦਾ ਇੱਕ ਨਵਾਂ ਯੁੱਗ

ਸੰਵਾਦ ਤੋਂ ਸਮਾਵੇਸ਼ ਤੱਕ-ਸੰਵਿਧਾਨ ਨੇ 22 ਭਾਸ਼ਾਵਾਂ ਨੂੰ ਸੂਚੀਬੱਧ ਕੀਤਾ ਹੈ, ਜਿਨ੍ਹਾਂ ਨੂੰ ਸਰਕਾਰੀ, ਵਿਦਿਅਕ, ਨਿਆਂਇਕ ਅਤੇ ਜਨਤਕ ਭਾਸ਼ਣ ਲਈ ਵਿਸ਼ੇਸ਼ ਸੰਵਿਧਾਨਕ ਮਾਨਤਾ ਪ੍ਰਾਪਤ ਹੈ।

-ਕਿਸ਼ਨ ਸਨਮੁੱਖ ਦਾਸ ਭਾਵਨਾਨੀ

**ਹਰੇਕ ਨਾਗਰਿਕ ਨੂੰ ਆਪਣੀ ਮਾਤ ਭਾਸ਼ਾ ਵਿੱਚ ਡਿਜੀਟਲ ਅਧਿਕਾਰ, ਸੇਵਾਵਾਂ ਤੱਕ ਪਹੁੰਚ ਅਤੇ ਜਾਣਕਾਰੀ ਦੀ ਆਜ਼ਾਦੀ ਨੂੰ ਯਕੀਨੀ ਬਣਾਉਣਾ ਭਾਰਤ ਦੇ ਭਾਸ਼ਾਈ ਡਿਜੀਟਲ ਪੁਨਰਜਾਗਰਣ ਦੀ ਅਸਲ ਨੀਂਹ ਹੈ। -ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ ਗੋਂਡੀਆ** - ਵਿਸ਼ਵ ਪੱਧਰ 'ਤੇ, ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿਸ ਵਿੱਚ ਸਭ ਤੋਂ ਘੱਟ ਉਮਰ ਦੀ ਆਬਾਦੀ ਅਤੇ ਸਭ ਤੋਂ ਵਿਭਿੰਨ ਭਾਸ਼ਾਈ ਪਛਾਣ ਹੈ। ਇੱਥੇ, ਭਾਸ਼ਾ ਸਿਰਫ਼ ਬੋਲਣ ਦਾ ਮਾਧਿਅਮ ਨਹੀਂ ਹੈ, ਸਗੋਂ ਇਤਿਹਾਸ, ਸੱਭਿਆਚਾਰ, ਪਰੰਪਰਾ, ਗਿਆਨ ਅਤੇ ਪਛਾਣ ਦੀ ਇੱਕ ਜੀਵਤ ਵਿਰਾਸਤ ਹੈ। ਭਾਰਤੀਆਂ ਲਈ, ਭਾਸ਼ਾ ਆਤਮਾ ਦੀ ਆਵਾਜ਼ ਹੈ। ਭਾਰਤ ਦਾ ਭਾਸ਼ਾਈ ਦ੍ਰਿਸ਼ ਦੁਨੀਆ ਵਿੱਚ ਸਭ ਤੋਂ ਵਿਲੱਖਣ ਹੈ, ਜਿਸ ਵਿੱਚ 22 ਅਨੁਸੂਚਿਤ ਭਾਸ਼ਾਵਾਂ, 122 ਪ੍ਰਮੁੱਖ ਭਾਸ਼ਾਵਾਂ ਅਤੇ 19,500 ਤੋਂ ਵੱਧ ਉਪਭਾਸ਼ਾਵਾਂ ਹਨ। ਇੰਨੇ ਵਿਸ਼ਾਲ ਭਾਸ਼ਾਈ ਪਸਾਰ ਦੇ ਨਾਲ, ਡਿਜੀਟਲ ਪਰਿਵਰਤਨ ਨੂੰ ਸਮਾਵੇਸ਼ੀ ਬਣਾਉਣਾ ਇੱਕ ਵੱਡੀ ਚੁਣੌਤੀ ਅਤੇ ਇੱਕ ਵੱਡਾ ਮੌਕਾ ਦੋਵੇਂ ਹੈ। ਭਾਸ਼ਾ ਸਿਰਫ਼ ਸੰਚਾਰ ਨਹੀਂ ਹੈ; ਇਹ ਇੱਕ ਸੱਭਿਅਤਾ ਦੀ ਆਤਮਾ ਹੈ। ਭਾਸ਼ਾ ਕਿਸੇ ਵੀ ਮਨੁੱਖੀ ਸਮਾਜ ਦੇ ਭਾਵਨਾਤਮਕ, ਨੈਤਿਕ ਅਤੇ ਸੱਭਿਆਚਾਰਕ ਮੁੱਲਾਂ ਨੂੰ ਸੰਭਾਲਦੀ ਹੈ। ਗਿਆਨ ਪੀੜ੍ਹੀਆਂ ਵਿੱਚ ਵਹਿੰਦਾ ਹੈ। ਇਹ ਇੱਕ ਵਿਅਕਤੀ ਨੂੰ ਉਨ੍ਹਾਂ ਦੀਆਂ ਜੜ੍ਹਾਂ ਨਾਲ ਜੋੜਦਾ ਹੈ, ਉਨ੍ਹਾਂ ਦੀ ਪਛਾਣ ਸਥਾਪਤ ਕਰਦਾ ਹੈ, ਅਤੇ ਉਨ੍ਹਾਂ ਨੂੰ ਸਮਾਜ ਦੇ ਸਰਗਰਮ ਮੈਂਬਰ ਬਣਾਉਂਦਾ ਹੈ। ਕਿਸੇ ਦੇਸ਼ ਦੇ ਡਿਜੀਟਲ ਵਿਕਾਸ ਦਾ ਮੁਲਾਂਕਣ ਉਦੋਂ ਹੀ ਸਾਰਥਕ ਹੁੰਦਾ ਹੈ ਜਦੋਂ ਇਸਦੀ ਤਕਨਾਲੋਜੀ ਕਿਸੇ ਵਿਅਕਤੀ ਦੀ ਮਾਤ ਭਾਸ਼ਾ ਦਾ ਸਤਿਕਾਰ ਕਰਦੀ ਹੈ। ਜਦੋਂ ਵਿਅਕਤੀ ਬਚਪਨ ਤੋਂ ਸਿੱਖੀ ਗਈ ਭਾਸ਼ਾ ਵਿੱਚ ਆਪਣੇ ਅਧਿਕਾਰਾਂ, ਸਿਹਤ, ਸਿੱਖਿਆ ਅਤੇ ਆਰਥਿਕ ਮੌਕਿਆਂ ਨੂੰ ਸਮਝ ਸਕਦੇ ਹਨ, ਤਾਂ ਹੀ ਤਕਨਾਲੋਜੀ ਸੱਚੀ ਸਮਾਵੇਸ਼ ਲਈ ਇੱਕ ਸ਼ਕਤੀ ਬਣ ਜਾਂਦੀ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਅੱਜ 'ਭਾਸ਼ਾ ਟੀਕਾਕਰਨ' ਅਤੇ 'ਭਾਸ਼ਾ ਸਮਾਵੇਸ਼' ਦਾ ਯੁੱਗ ਹੈ, ਅਤੇ ਭਾਰਤ ਨਾ ਸਿਰਫ਼ ਆਪਣੀ ਵਿਸ਼ਾਲ ਭਾਸ਼ਾਈ ਦੌਲਤ ਨੂੰ ਇੱਕ ਚੁਣੌਤੀ ਮੰਨ ਰਿਹਾ ਹੈ, ਸਗੋਂ ਇਸਨੂੰ ਆਪਣੀ ਸਭ ਤੋਂ ਵੱਡੀ ਤਾਕਤ ਬਣਾ ਕੇ ਅੱਗੇ ਵਧ ਰਿਹਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਆਉਣ ਵਾਲੇ ਸਾਲਾਂ ਅਤੇ ਦਹਾਕਿਆਂ ਵਿੱਚ, ਇਹ ਦ੍ਰਿਸ਼ਟੀ ਸਾਕਾਰ ਹੋਵੇਗੀ, ਅਤੇ ਭਾਰਤ ਦਾ ਹਰ ਨਾਗਰਿਕ ਆਪਣੀ ਮਾਤ ਭਾਸ਼ਾ ਅਤੇ ਬੋਲੀ ਵਿੱਚ ਤਕਨਾਲੋਜੀ, ਨਵੀਨਤਾ ਅਤੇ ਸਮਾਜਿਕ ਤਰੱਕੀ ਦਾ ਹਿੱਸਾ ਬਣੇਗਾ। ਅੱਜ, ਭਾਰਤ ਇੱਕ ਡਿਜੀਟਲ ਸੁਪਰਪਾਵਰ ਬਣਨ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇੰਟਰਨੈੱਟ, ਸਮਾਰਟਫੋਨ ਅਤੇ ਸਰਕਾਰ ਦੀ ਡਿਜੀਟਲ ਇੰਡੀਆ ਨੀਤੀ ਨੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ ਜਿੱਥੇ ਹਰ ਨਾਗਰਿਕ ਨੂੰ ਆਪਣੀ ਮਾਤ ਭਾਸ਼ਾ ਵਿੱਚ ਡਿਜੀਟਲ ਅਧਿਕਾਰ, ਸੇਵਾਵਾਂ ਤੱਕ ਪਹੁੰਚ ਅਤੇ ਜਾਣਕਾਰੀ ਦੀ ਆਜ਼ਾਦੀ ਹੈ। ਇਹ ਭਾਰਤ ਦੇ ਭਾਸ਼ਾਈ ਡਿਜੀਟਲ ਪੁਨਰਜਾਗਰਣ ਦੀ ਅਸਲ ਨੀਂਹ ਹੈ। ਭਾਰਤ ਦਾ ਭਾਸ਼ਾਈ ਦ੍ਰਿਸ਼ ਸੱਚਮੁੱਚ ਦੁਨੀਆ ਵਿੱਚ ਵਿਲੱਖਣ ਹੈ। ਭਾਰਤ ਵਿੱਚ ਨਾ ਸਿਰਫ਼ 22 ਅਨੁਸੂਚਿਤ ਭਾਸ਼ਾਵਾਂ ਹਨ, ਸਗੋਂ ਇਸਦੇ ਪੂਰੇ ਭੂਗੋਲਿਕ ਵਿਸਤਾਰ ਵਿੱਚ ਸੈਂਕੜੇ ਕਬਾਇਲੀ ਅਤੇ ਖੇਤਰੀ ਉਪਭਾਸ਼ਾਵਾਂ ਮੌਜੂਦ ਹਨ। ਇਹ ਵਿਭਿੰਨਤਾ ਸਿਰਫ਼ ਸੰਖਿਆਵਾਂ ਦੀ ਗੱਲ ਨਹੀਂ ਹੈ, ਸਗੋਂ ਸਾਡੀ ਸਮਾਜਿਕ, ਸੱਭਿਆਚਾਰਕ, ਭਾਸ਼ਾਈ ਅਤੇ ਰਾਜਨੀਤਿਕ ਗੁੰਝਲਾਂ ਨੂੰ ਦਰਸਾਉਂਦੀ ਹੈ। ਉਦਾਹਰਣ ਵਜੋਂ, ਸੰਵਿਧਾਨ ਵਿੱਚ 22 ਭਾਸ਼ਾਵਾਂ ਨੂੰ ਅਨੁਸੂਚਿਤ ਕੀਤਾ ਗਿਆ ਹੈ, ਜੋ ਦਰਸਾਉਂਦਾ ਹੈ ਕਿ ਉਨ੍ਹਾਂ ਨੂੰ ਸਰਕਾਰੀ, ਵਿਦਿਅਕ, ਨਿਆਂਇਕ ਅਤੇ ਜਨਤਕ ਭਾਸ਼ਣ ਲਈ ਵਿਸ਼ੇਸ਼ ਸੰਵਿਧਾਨਕ ਮਾਨਤਾ ਪ੍ਰਾਪਤ ਹੈ। ਇਸ ਤੋਂ ਇਲਾਵਾ, ਸਥਾਨਕ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਦਾ ਭਾਰਤ ਦੇ ਹਰੇਕ ਰਾਜ ਅਤੇ ਖੇਤਰ ਵਿੱਚ ਆਪਣਾ ਸਥਾਨ ਹੈ, ਸੰਚਾਰ ਪਰੰਪਰਾਵਾਂ ਸੈਂਕੜੇ ਸਾਲ ਪੁਰਾਣੀਆਂ ਹਨ। ਇਹਨਾਂ ਉਪਭਾਸ਼ਾਵਾਂ ਨੂੰ ਸਿਰਫ਼ ਉਪਭਾਸ਼ਾਵਾਂ

ਵਜੋਂ ਹੀ ਨਹੀਂ ਸਗੋਂ ਸਮਾਜਿਕ ਪਛਾਣ, ਸੱਭਿਆਚਾਰਕ ਵਿਰਾਸਤ ਅਤੇ ਪ੍ਰਗਟਾਵੇ ਦੇ ਢੰਗਾਂ ਵਜੋਂ ਸਤਿਕਾਰਿਆ ਜਾਂਦਾ ਹੈ। ਇਸ ਤਰ੍ਹਾਂ, ਭਾਰਤ ਵਿੱਚ ਭਾਸ਼ਾ ਦਾ ਸਵਾਲ ਭਾਸ਼ਾਈ ਢਾਂਚੇ ਤੱਕ ਸੀਮਿਤ ਨਹੀਂ ਹੈ; ਇਹ ਖੇਤਰੀ ਅਤੇ ਨਿੱਜੀ ਪਛਾਣ, ਸਮਾਜਿਕ ਅਤੇ ਰਾਜਨੀਤਿਕ ਸੰਦਰਭ, ਅਤੇ ਤਕਨੀਕੀ ਅਤੇ ਡਿਜੀਟਲ ਸ਼ਮੂਲੀਅਤ ਨੂੰ ਵੀ ਸ਼ਾਮਲ ਕਰਦਾ ਹੈ।

ਦੋਸਤੋ, ਜੇਕਰ ਅਸੀਂ ਇਸ ਵਿਸ਼ੇਸ਼ਤਾ ਨੂੰ ਡਿਜੀਟਲ ਪਰਿਵਰਤਨ, ਭਾਰਤ ਦੀ ਬਹੁ-ਭਾਸ਼ਾਈ ਡਿਜੀਟਲ ਕ੍ਰਾਂਤੀ - ਯਾਨੀ ਕਿ ਸੰਵਾਦ, ਜਾਣਕਾਰੀ, ਸੰਚਾਰ, ਇੰਟਰਫੇਸ ਤਕਨਾਲੋਜੀਆਂ, ਇੰਟਰਨੈਟ- ਅਧਾਰਤ ਸੇਵਾਵਾਂ, ਸਮਾਰਟਫੋਨ ਐਪਲੀਕੇਸ਼ਨ ਪ੍ਰਣਾਲੀਆਂ, ਆਦਿ - ਦੇ ਸੰਦਰਭ ਵਿੱਚ ਵਿਚਾਰੀਏ ਤਾਂ, ਦੂਜੇ ਨੁਕਤੇ ਵਜੋਂ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿਵੇਂ-ਜਿਵੇਂ ਡਿਜੀਟਲ ਪਰਿਵਰਤਨ ਤੇਜ਼ ਹੁੰਦਾ ਹੈ, ਇਸ ਭਾਸ਼ਾਈ ਵਿਭਿੰਨਤਾ ਨੂੰ ਡਿਜੀਟਲ ਬੁਨਿਆਦੀ ਢਾਂਚੇ ਵਿੱਚ ਸ਼ਾਮਲ ਕਰਨਾ ਮਹੱਤਵਪੂਰਨ ਹੋ ਜਾਂਦਾ ਹੈ। ਤਕਨਾਲੋਜੀ ਹੁਣ ਸਿਰਫ਼ ਸੰਚਾਰ ਦਾ ਸਾਧਨ ਨਹੀਂ ਹੈ; ਇਹ ਸ਼ਮੂਲੀਅਤ ਦੀ ਰੀੜ੍ਹ ਦੀ ਹੱਡੀ ਬਣ ਗਈ ਹੈ। ਜੇਕਰ ਤਕਨਾਲੋਜੀ ਡਿਵਾਈਸਾਂ, ਐਪਲੀਕੇਸ਼ਨ ਇੰਟਰਫੇਸਾਂ, ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਸਰਕਾਰੀ ਡਿਜੀਟਲ ਸੇਵਾਵਾਂ ਵਿੱਚ ਸਿਰਫ਼ ਅੰਗਰੇਜ਼ੀ ਜਾਂ ਸਿਰਫ਼ ਇੱਕ ਜਾਂ ਦੋ ਪ੍ਰਮੁੱਖ ਭਾਸ਼ਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਤਾਂ ਇਹ ਭਾਸ਼ਾਈ ਤੌਰ 'ਤੇ ਵਿਭਿੰਨ ਦੇਸ਼ ਵਿੱਚ ਸ਼ਮੂਲੀਅਤ ਲਈ ਇੱਕ ਮਹੱਤਵਪੂਰਨ ਰੁਕਾਵਟ ਪੈਦਾ ਕਰ ਸਕਦਾ ਹੈ। ਭਾਸ਼ਾਈ ਤੌਰ 'ਤੇ ਪਛੜੇ ਭਾਈਚਾਰੇ, ਉਪਭਾਸ਼ਾਵਾਂ ਵਿੱਚ ਰਹਿਣ ਵਾਲੇ ਨਾਗਰਿਕ, ਅਤੇ ਸਥਾਨਕ ਭਾਸ਼ਾ ਬੋਲਣ ਵਾਲੇ ਉਪਭੋਗਤਾ ਡਿਜੀਟਲ ਪਾੜੇ ਦਾ ਸ਼ਿਕਾਰ ਹੋ ਸਕਦੇ ਹਨ। ਇਸ ਲਈ, ਡਿਜੀਟਲ ਪਰਿਵਰਤਨ ਪ੍ਰਕਿਰਿਆ ਵਿੱਚ ਇਹਨਾਂ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਨੂੰ ਤੁਰੰਤ, ਸਮਾਈ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਲ ਕਰਨਾ ਜ਼ਰੂਰੀ ਹੈ। ਜਿਵੇਂ-ਜਿਵੇਂ ਮੋਬਾਈਲ ਇੰਟਰਨੈੱਟ ਪਹੁੰਚ, ਸਮਾਰਟਫੋਨ ਉਪਭੋਗਤਾ, ਸਰਕਾਰੀ ਔਨਲਾਈਨ ਸੇਵਾਵਾਂ, ਅਤੇ ਨਿੱਜੀ ਡਿਵਾਈਸ ਐਪਲੀਕੇਸ਼ਨਾਂ ਵਧਦੀਆਂ ਜਾ ਰਹੀਆਂ ਹਨ, ਭਾਸ਼ਾ ਦੀ ਸ਼ਮੂਲੀਅਤ ਨਾ ਸਿਰਫ਼ ਸਮਾਜਿਕ ਸਦਭਾਵਨਾ ਲਈ, ਸਗੋਂ ਆਰਥਿਕ, ਸੱਭਿਆਚਾਰਕ ਅਤੇ ਡਿਜੀਟਲ ਸਸ਼ਕਤੀਕਰਨ ਲਈ ਵੀ ਜ਼ਰੂਰੀ ਹੋ ਗਈ ਹੈ। ਸਿੱਟੇ ਵਜੋਂ, ਇਹ ਪਛਾਣਿਆ ਜਾਣਾ ਚਾਹੀਦਾ ਹੈ ਕਿ ਡਿਜੀਟਲ ਅਰਥਵਿਵਸਥਾ ਦੇ ਅਸਲ ਲਾਭ ਭਾਸ਼ਾ ਦੇ ਸਾਧਨਾਂ, ਸਥਾਨਕ-ਭਾਸ਼ਾ ਇੰਟਰਫੇਸਾਂ, ਆਵਾਜ਼-ਅਧਾਰਿਤ ਪਰਸਪਰ ਪ੍ਰਭਾਵ, ਅਸਲ-ਸਮੇਂ ਦੇ ਅਨੁਵਾਦ ਅਤੇ ਆਵਾਜ਼-ਸਮਰਥਿਤ ਮੀਡੀਆ ਦੇ ਵਿਕਾਸ ਦੁਆਰਾ ਹੀ ਸਾਰੇ ਨਾਗਰਿਕਾਂ ਤੱਕ ਪਹੁੰਚ ਸਕਦੇ ਹਨ। ਜੇਕਰ ਕੋਈ ਆਪਣੀ ਸਥਾਨਕ ਭਾਸ਼ਾ ਨੂੰ ਨਹੀਂ ਸਮਝ ਸਕਦਾ, ਤਾਂ ਉਹ ਉਸ ਡਿਜੀਟਲ ਪਲੇਟਫਾਰਮ ਦੀ ਪੂਰੀ ਸੰਭਾਵਨਾ ਦਾ ਲਾਭ ਨਹੀਂ ਉਠਾ ਸਕੇਗਾ, ਅਤੇ ਇਹ ਉਹ ਥਾਂ ਹੈ ਜਿੱਥੇ ਸ਼ਮੂਲੀਅਤ ਪਾੜਾ ਅਤੇ ਵਿਕਾਸ ਪਾੜਾ ਟੁੱਟ ਜਾਂਦਾ ਹੈ।

ਦੋਸਤੋ, ਜੇਕਰ ਅਸੀਂ ਇਸ 'ਤੇ ਵਿਚਾਰ ਕਰੀਏ, ਤਾਂ ਭਾਰਤ ਸਰਕਾਰ ਅਤੇ ਤਕਨਾਲੋਜੀ ਖੇਤਰ ਨੇ ਇਸ ਸਮਝ ਦੇ ਆਧਾਰ 'ਤੇ ਸਰਗਰਮ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ, ਆਰਟੀਫੀਸ਼ੀਅਲ ਇੰਟੈਲੀਜੈਂਸ, ਕੁਦਰਤੀ ਭਾਸ਼ਾ ਪ੍ਰੋਸੈਸਿੰਗ, ਮਸ਼ੀਨ ਸਿਖਲਾਈ, ਅਤੇ ਬੋਲੀ ਪਛਾਣ ਵਰਗੀਆਂ ਉੱਨਤ ਤਕਨਾਲੋਜੀਆਂ ਦੀ ਵਰਤੋਂ ਕਰਦੇ ਹੋਏ ਬੁੱਧੀਮਾਨ ਅਤੇ ਸਕੇਲੇਬਲ ਭਾਸ਼ਾ ਹੱਲ ਵਿਕਸਤ ਕਰਨਾ। ਉਦਾਹਰਣ ਵਜੋਂ,ਰਾਜ ਅਤੇ ਕੇਂਦਰੀ ਪੱਧਰ 'ਤੇ ਕਈ ਪਹਿਲਕਦਮੀਆਂ ਨੇ ਜਨਤਕ ਸੇਵਾਵਾਂ, ਸਿੱਖਿਆ, ਖੇਤੀਬਾੜੀ, ਸਿਹਤ ਅਤੇ ਵਿੱਤੀ ਸੇਵਾਵਾਂ ਵਿੱਚ ਭਾਸ਼ਾ ਸਹਾਇਤਾ 'ਤੇ ਧਿਆਨ ਕੇਂਦਰਿਤ ਕੀਤਾ ਹੈ। ਇੱਕ ਮਹੱਤਵਪੂਰਨ ਪਹਿਲਕਦਮੀ "ਭਾਸ਼ਿਨੀ" ਹੈ, ਇੱਕ ਰਾਸ਼ਟਰੀ ਭਾਸ਼ਾ ਅਨੁਵਾਦ ਮਿਸ਼ਨ- ਅਧਾਰਤ ਪਲੇਟਫਾਰਮ ਜੋ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ, ਬਹੁ-ਭਾਸ਼ਾਈ ਮਾਡਲ ਅਤੇ ਇੰਟਰਫੇਸ ਬਣਾ ਰਿਹਾ ਹੈ। ਇਸ ਤੋਂ ਇਲਾਵਾ, ਖੋਜ ਪੱਤਰਾਂ ਨੇ ਦਿਖਾਇਆ ਹੈ ਕਿ ਭਾਰਤੀ-ਭਾਸ਼ਾ-ਵਿਸ਼ੇਸ਼ ਬਹੁ-ਭਾਸ਼ਾਈ ਮਾਡਲ, ਜਿਵੇਂ ਕਿ MURIL, ਵਿਕਸਤ ਕੀਤੇ ਗਏ ਹਨ, ਜਿਸਦਾ ਉਦੇਸ਼ ਭਾਰਤੀ ਭਾਸ਼ਾਵਾਂ ਲਈ ਡੇਟਾ ਸੈੱਟ ਅਤੇ ਨਤੀਜੇ ਵਜੋਂ ਮਾਡਲ ਪ੍ਰਦਾਨ ਕਰਨਾ ਹੈ ਜੋ ਅੰਗਰੇਜ਼ੀ-ਕੇਂਦ੍ਰਿਤ ਮਾਡਲਾਂ ਤੋਂ ਉੱਤਮ ਹਨ। ਇਹਨਾਂ ਤਕਨੀਕੀ ਪਹਿਲਕਦਮੀਆਂ ਦਾ ਉਦੇਸ਼ ਸਹਿਜ ਸੰਚਾਰ, ਅਸਲ-ਸਮੇਂ ਅਨੁਵਾਦ, ਆਵਾਜ਼-ਯੋਗ ਇੰਟਰਫੇਸ, ਅਤੇ ਸਥਾਨਕ ਸਮੱਗਰੀ ਡਿਲੀਵਰੀ ਨੂੰ ਸਮਰੱਥ ਬਣਾ ਕੇ ਡਿਜੀਟਲ ਸੇਵਾਵਾਂ ਤੱਕ ਪਹੁੰਚ ਨੂੰ ਲੋਕਤੰਤਰੀਕਰਨ ਕਰਨਾ ਹੈ। ਇਸਦਾ ਅਰਥ ਹੈ ਨਾ ਸਿਰਫ਼ ਅੰਗਰੇਜ਼ੀ-ਮਾਧਿਅਮ ਉਪਭੋਗਤਾਵਾਂ ਨੂੰ, ਸਗੋਂ ਮਾਤ ਭਾਸ਼ਾ ਉਪਭੋਗਤਾਵਾਂ ਨੂੰ ਵੀ ਇਕੱਠਾ ਕਰਨਾ। ਭਾਰਤ ਇੱਕ ਮਜ਼ਬੂਤ ਤਕਨਾਲੋਜੀ ਈਕੋਸਿਸਟਮ ਬਣਾਉਣ ਵੱਲ ਵਧ ਰਿਹਾ ਹੈ ਜੋ ਭਾਸ਼ਾਈ

ਵਿਭਿੰਨਤਾ ਦਾ ਸਤਿਕਾਰ ਕਰਦਾ ਹੈ, ਜਿੱਥੇ ਹਰ ਨਾਗਰਿਕ, ਆਪਣੀ ਮਾਤ ਭਾਸ਼ਾ ਰਾਹੀਂ, ਡਿਜੀਟਲ ਅਰਥਵਿਵਸਥਾ ਅਤੇ ਸ਼ਾਸਨ ਵਿੱਚ ਹਿੱਸਾ ਲੈ ਸਕਦਾ ਹੈ। ਭਾਸ਼ਾ-ਯੋਗ ਸੇਵਾਵਾਂ, ਇੰਟਰਫੇਸ ਤੈਨਾਤੀ, ਸਥਾਨਕ ਸਮੱਗਰੀ, ਅਤੇ ਆਵਾਜ਼-ਅਧਾਰਤ ਪਰਸਪਰ ਪ੍ਰਭਾਵ ਵਰਗੇ ਸ਼ਕਤੀਸ਼ਾਲੀ ਸਾਧਨ ਅੱਜ ਇੱਕ ਹਕੀਕਤ ਬਣ ਰਹੇ ਹਨ। ਇਹ ਉਹਨਾਂ ਲੋਕਾਂ ਨੂੰ ਵੀ ਡਿਜੀਟਲ ਅਰਥਵਿਵਸਥਾ, ਈ-ਸ਼ਾਸਨ, ਉਦਯੋਗਿਕ ਨਵੀਨਤਾ ਸੇਵਾਵਾਂ, ਆਦਿ ਤੋਂ ਲਾਭ ਉਠਾਉਣ ਦੇ ਯੋਗ ਬਣਾਏਗਾ ਜਿਨ੍ਹਾਂ ਦੀ ਪਹਿਲੀ ਭਾਸ਼ਾ ਉਨ੍ਹਾਂ ਦੀ ਮਾਤ ਭਾਸ਼ਾ ਹੈ। ਇਹ ਯਕੀਨੀ ਬਣਾ ਰਿਹਾ ਹੈ ਕਿ ਭਾਸ਼ਾ ਦੀ ਕਮਜ਼ੋਰੀ ਡਿਜੀਟਲ ਕਮਜ਼ੋਰੀ ਨਾ ਬਣੇ। ਜਦੋਂ ਹਰੇਕ ਰਾਜ, ਆਬਾਦੀ ਅਤੇ ਭਾਸ਼ਾ ਨੂੰ ਮਾਨਤਾ ਦਿੱਤੀ ਜਾਂਦੀ ਹੈ, ਤਾਂ ਇਹ ਨਾ ਸਿਰਫ਼ ਤਕਨੀਕੀ ਸਮਾਵੇਸ਼ ਦਾ ਸਵਾਲ ਹੈ, ਸਗੋਂ ਸਮਾਜਿਕ ਨਿਆਂ ਦਾ ਵੀ ਸਵਾਲ ਹੈ, ਭਾਸ਼ਾ ਦੇ ਅਧਿਕਾਰਾਂ ਅਤੇ ਡਿਜੀਟਲ ਅਧਿਕਾਰਾਂ ਨੂੰ ਜੋੜਨਾ। ਇਸ ਅਰਥ ਵਿੱਚ, ਭਾਸ਼ਾ ਹੁਣ ਸਿਰਫ਼ ਇੱਕ ਮਾਧਿਅਮ ਨਹੀਂ ਹੈ, ਸਗੋਂ ਅਧਿਕਾਰਾਂ ਲਈ ਇੱਕ ਆਧਾਰ ਵੀ ਹੈ, ਅਤੇ ਤਕਨੀਕੀ ਸੰਦਰਭ ਵਿੱਚ ਇਸਦੀ ਪਾਲਣਾ ਅਤੇ ਸਮਰਥਨ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੁਣ ਸਰਕਾਰਾਂ, ਉਦਯੋਗਾਂ ਅਤੇ ਖੋਜ ਭਾਈਚਾਰਿਆਂ ਦੀ ਹੈ।

ਦੋਸਤੋ, ਆਓ ਸਮਝੀਏ ਕਿ ਭਾਸ਼ਾ ਸਿਰਫ਼ ਸੰਚਾਰ ਦਾ ਮਾਧਿਅਮ ਨਹੀਂ ਹੈ; ਇਹ ਇੱਕ ਸਭਿਅਤਾ, ਇਸਦੀ ਸੱਭਿਆਚਾਰ, ਇਸਦੀ ਵਿਰਾਸਤ ਦੀ ਆਤਮਾ ਹੈ। ਜਦੋਂ ਅਸੀਂ ਆਪਣੀ ਮਾਤ ਭਾਸ਼ਾ ਵਿੱਚ ਗੱਲ ਕਰਦੇ ਹਾਂ, ਇਸਨੂੰ ਆਪਣੇ ਰੀਤੀ-ਰਿਵਾਜਾਂ, ਲੋਕ-ਕਥਾਵਾਂ, ਗੀਤਾਂ, ਸਾਹਿਤ, ਅਤੇ ਤਕਨੀਕੀ ਅਤੇ ਸੰਚਾਰ ਸਥਿਤੀਆਂ ਵਿੱਚ ਵਰਤਦੇ ਹਾਂ, ਤਾਂ ਅਸੀਂ ਇੱਕ ਪੂਰੇ ਸਮਾਜਿਕ ਅਤੇ ਮਨੁੱਖੀ ਵਾਤਾਵਰਣ ਨੂੰ ਸਰਗਰਮ ਕਰਦੇ ਹਾਂ। ਭਾਸ਼ਾਈ ਵਿਭਿੰਨਤਾ ਦਾ ਸਤਿਕਾਰ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਹਰੇਕ ਭਾਸ਼ਾ ਇੱਕ ਵਿਲੱਖਣ ਸੰਸਾਰ ਨੂੰ ਘੇਰਦੀ ਹੈ, ਜਿਸ ਵਿੱਚ ਸਥਾਨਕ ਅਨੁਭਵ, ਸਮਾਜਿਕ ਦ੍ਰਿਸ਼ਟੀਕੋਣ, ਸੱਭਿਆਚਾਰਕ ਸੰਵੇਦਨਸ਼ੀਲਤਾ ਅਤੇ ਸੰਚਾਰ ਸ਼ੈਲੀਆਂ ਸ਼ਾਮਲ ਹੁੰਦੀਆਂ ਹਨ। ਜੇਕਰ ਡਿਜੀਟਲ ਯੁੱਗ ਅਜਿਹੀ ਭਾਸ਼ਾਈ ਵਿਭਿੰਨਤਾ ਨੂੰ ਨਜ਼ਰਅੰਦਾਜ਼ ਕਰਦਾ ਹੈ, ਜੇਕਰ ਤਕਨਾਲੋਜੀ ਸਿਰਫ਼ ਕੁਝ ਪ੍ਰਮੁੱਖ ਭਾਸ਼ਾਵਾਂ ਤੱਕ ਸੀਮਤ ਰਹਿੰਦੀ ਹੈ, ਤਾਂ ਨਾ ਸਿਰਫ਼ ਭਾਸ਼ਾ ਤੋਂ ਵਾਂਝੇ ਭਾਈਚਾਰੇ ਪਿੱਛੇ ਰਹਿ ਜਾਣਗੇ, ਸਗੋਂ ਉਨ੍ਹਾਂ ਦੀ ਸੰਚਾਰ ਦੁਨੀਆ, ਉਨ੍ਹਾਂ ਦੀ ਸਮਾਜਿਕ ਪਛਾਣ ਅਤੇ ਉਨ੍ਹਾਂ ਦੀ ਸੱਭਿਆਚਾਰਕ ਵਿਰਾਸਤ ਵੀ ਖਤਰੇ ਵਿੱਚ ਪੈ ਜਾਵੇਗੀ। ਇਸ ਲਈ, ਭਾਸ਼ਾ ਸਹਾਇਤਾ ਸਿਰਫ਼ ਇੱਕ ਤਕਨੀਕੀ ਸਹੂਲਤ ਨਹੀਂ ਹੈ; ਇਹ ਸੱਭਿਅਤਾ ਦੀ ਸੰਭਾਲ, ਸੱਭਿਆਚਾਰਕ ਸੰਸ਼ੋਧਨ ਅਤੇ ਮਨੁੱਖੀ ਸਮਾਨਤਾ ਦਾ ਸਵਾਲ ਵੀ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਭਾਰਤ ਇੱਕ ਦੁਰਲੱਭ ਮੌਕੇ ਦਾ ਸਾਹਮਣਾ ਕਰ ਰਿਹਾ ਹੈ। ਜਦੋਂ ਕਿ ਇਸਦੀ ਭਾਸ਼ਾਈ ਵਿਭਿੰਨਤਾ ਇੱਕ ਮਹੱਤਵਪੂਰਨ ਚੁਣੌਤੀ ਪੇਸ਼ ਕਰਦੀ ਹੈ, ਇਹ ਸਮਾਵੇਸ਼, ਨਵੀਨਤਾ ਅਤੇ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਲਈ ਇੱਕ ਨੀਂਹ ਵਜੋਂ ਵੀ ਕੰਮ ਕਰ ਸਕਦੀ ਹੈ। ਜੇਕਰ ਤਕਨਾਲੋਜੀ ਭਾਈਵਾਲੀ, ਭਾਸ਼ਾ ਡੇਟਾ ਬੁਨਿਆਦੀ ਢਾਂਚਾ, ਖੋਜ ਸਹਿਯੋਗ, ਅਤੇ ਨੀਤੀ ਸਰੋਤ ਸਹੀ ਢੰਗ ਨਾਲ, ਟਿਕਾਊ ਅਤੇ ਰਣਨੀਤਕ ਤੌਰ 'ਤੇ ਵਿਕਸਤ ਕੀਤੇ ਜਾਂਦੇ ਹਨ, ਤਾਂ ਭਾਰਤ ਨਾ ਸਿਰਫ਼ ਆਪਣੇ ਨਾਗਰਿਕਾਂ ਨੂੰ ਡਿਜੀਟਲ ਤੌਰ 'ਤੇ ਸਸ਼ਕਤ ਬਣਾ ਸਕਦਾ ਹੈ, ਸਗੋਂ ਭਾਸ਼ਾ-ਸਮਰਥਿਤ ਤਕਨਾਲੋਜੀ ਮਾਡਲਾਂ ਦੇ ਵਿਕਾਸ ਰਾਹੀਂ ਇੱਕ ਵਿਸ਼ਵਵਿਆਪੀ ਉਦਾਹਰਣ ਵੀ ਕਾਇਮ ਕਰ ਸਕਦਾ ਹੈ। ਇਸ ਦੇ ਬਹੁਤ ਸਾਰੇ ਤੱਤ ਹਨ। ਜੇਕਰ ਭਾਰਤ ਇਨ੍ਹਾਂ ਸਾਰੀਆਂ ਧਾਰਨਾਵਾਂ ਨੂੰ ਸਮੇਂ ਸਿਰ ਅਪਣਾਉਂਦਾ ਹੈ, ਤਾਂ ਇਹ ਯਕੀਨੀ ਬਣਾ ਸਕਦਾ ਹੈ ਕਿ ਆਉਣ ਵਾਲਾ ਡਿਜੀਟਲ ਯੁੱਗ ਸਿਰਫ਼ ਉੱਚ-ਤਕਨੀਕੀ ਯੰਤਰਾਂ ਦਾ ਯੁੱਗ ਨਹੀਂ ਹੈ, ਸਗੋਂ ਇੱਕ ਅਜਿਹਾ ਯੁੱਗ ਹੈ ਜਿੱਥੇ ਹਰ ਨਾਗਰਿਕ, ਖੇਤਰ ਜਾਂ ਉਪਭਾਸ਼ਾ ਦੀ ਪਰਵਾਹ ਕੀਤੇ ਬਿਨਾਂ, ਸਮਰੱਥ, ਸਸ਼ਕਤ, ਸੰਚਾਰੀ ਅਤੇ ਨਵੀਨਤਾਕਾਰੀ ਢੰਗ ਨਾਲ ਆਪਣੀ ਮਾਤ ਭਾਸ਼ਾ ਵਿੱਚ ਰੁੱਝਿਆ ਹੋਇਆ ਬਣ ਸਕਦਾ ਹੈ। ਇਸ ਤਰ੍ਹਾਂ, ਭਾਸ਼ਾ-ਸਮਰਥਿਤ ਤਕਨਾਲੋਜੀ ਨਾ ਸਿਰਫ਼ ਭਾਰਤ ਦੀ ਅੰਦਰੂਨੀ ਖੁਸ਼ਹਾਲੀ ਦਾ ਸਰੋਤ ਬਣੇਗੀ, ਸਗੋਂ ਭਾਰਤ ਨੂੰ ਵਿਸ਼ਵ ਭਾਸ਼ਾ-ਤਕਨਾਲੋਜੀ ਵਿਕਾਸ ਵਿੱਚ ਇੱਕ ਮੁੱਖ ਖਿਡਾਰੀ ਵਜੋਂ ਵੀ ਸਥਾਪਿਤ ਕਰੇਗੀ। ਭਵਿੱਖ ਵਿੱਚ, ਜਦੋਂ ਅਸੀਂ ਦੇਖਦੇ ਹਾਂ ਕਿ ਭਾਰਤ ਦਾ ਭਾਸ਼ਾ-ਸਮਰਥਿਤ ਡਿਜੀਟਲ ਬੁਨਿਆਦੀ ਢਾਂਚਾ ਕਿੰਨਾ ਪ੍ਰਭਾਵਸ਼ਾਲੀ ਸਾਬਤ ਹੁੰਦਾ ਹੈ, ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਅਸੀਂ ਸਿਰਫ਼ ਇੱਕ "ਸੰਮਲਿਤ ਡਿਜੀਟਲ ਭਾਰਤ" ਨੂੰ ਉਤਸ਼ਾਹਿਤ ਨਹੀਂ ਕੀਤਾ, ਸਗੋਂ ਇਸਦੀ ਨੀਂਹ ਵੀ ਰੱਖੀ।

# ਪਿਆਰ ਹੀ ਜ਼ਿੰਦਗੀ ਜਿਊਣ ਦਾ ਇੱਕ ਸਫ਼ਲ ਮਾਰਗ ਹੈ ...

**ਗੁਰਪ੍ਰੀਤ ਸਿੰਘ ਬੀੜ ਕਿਸ਼ਨ**
ਪਿੰਡ ਬੀਜਾ, ਤਹਿ. ਖੰਨਾ, ਜ਼ਿਲ੍ਹਾ - ਲੁਧਿਆਣਾ।
ਮੋਬ. ਨੰ. 99884-66885

ਆਧੁਨਿਕ ਯੁੱਗ ਦੀ ਭੱਜ-ਨੱਠ ਨੇ ਮਨੁੱਖ ਦੀ ਜ਼ਿੰਦਗੀ ਵਿੱਚ ਥਕੇਵਾਂ, ਅਕਾਊ ਤੇ ਨਿਰਾਸ਼ਤਾ ਦਾ ਪਸਾਰਾ ਕਰ ਦਿੱਤਾ ਹੈ, ਜਿਉਂ-ਜਿਉਂ ਮਨੁਖ ਕੋਲ਼ ਸੁੱਖ-ਸਹੂਲਤਾ ਦੀ ਬਹੁਲਤਾ ਹੁੰਦੀ ਜਾ ਰਹੀ ਹੈ, ਤਿਉਂ-ਤਿਉਂ ਉਸ ਦੀਆਂ ਸਮੱਸਿਆਵਾਂ ਦੇ ਘੇਰਾ ਵਿੱਚ ਦਿਨ-ਪ੍ਰਤੀਦਿਨ ਵਾਧਾ ਹੁੰਦਾ ਜਾ ਰਿਹਾ ਹੈ, ਇਸਦਾ ਸਿੱਧਾ ਤੇ ਸਰਲ ਕਾਰਨ ਮਨੁੱਖ ਦਾ ਕੁਦਰਤ ਨਾਲ਼ੋਂ ਟੁੱਟਣਾ ਹੈ, ਭੌਤਿਕ ਚੀਜ਼ਾਂ ਦੀ ਲਾਲਸਾ ਨੇ ਮਨੁੱਖ ਤੋਂ ਖੁਸ਼ੀ-ਹਾਸੇ, ਚਾਅ ਤੇ ਪਿਆਰ ਰੂਪੀ ਰੱਬੀ ਨਿਆਮਤ ਨੂੰ ਖੋਹ ਲਿਆ ਹੈ ਜਿਉਂ-ਜਿਉਂ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਚਲਾ ਗਿਆ, ਉਸਦੀ ਜੀਵਨ ਸ਼ੈਲੀ ਵਿੱਚ ਪਰਿਵਰਤਨ ਆਉਂਦਾ ਚਲਾ ਗਿਆ, ਇਹੋ ਜੀਵਨ ਸ਼ੈਲੀ ਉਸ ਲਈ ਦੁੱਖਾਂ ਦਾ ਘਰ ਬਣ ਗਈ। ਕੁਦਰਤ ਨਾਲੋਂ ਟੁੱਟ ਕੇ ਕਦੇ ਵੀ ਕੋਈ ਮਨੁੱਖ ਸੁਖੀ ਨਹੀਂ ਰਹਿ ਸਕਦਾ।

ਗੁਰੂਬਾਣੀ ਤਾਂ ਮਨੁੱਖ ਨੂੰ ਪਹਿਲਾਂ ਹੀ ਸਮਝਾਉਂਦੀ ਆ ਰਹੀ ਹੈ, ਪਰ ਹਾਉਮੈ ਤੇ ਹੰਕਾਰ ਵਿੱਚ ਗ੍ਰਸਤ ਮਨੁੱਖ ਨੂੰ ਹੀ ਕਦੇ ਸਮਝ ਨਹੀਂ ਆਈ, ਜਿਸ ਨੇ ਵੀ ਸਮਝ ਲਿਆ ਉਸ ਮਨੁੱਖ ਦੇ ਦੁੱਖਾਂ-ਕਲੇਸਾਂ ਦਾ ਅੰਤ ਹੋ ਗਿਆ। ਕੁਦਰਤ ਵਿੱਚ ਹੀ ਮਨੁੱਖ ਦੀਆਂ ਸਭ ਬਿਮਾਰੀਆਂ ਦਾ ਹੱਲ ਛੁੱਪਿਆ ਹੋਇਆ ਹੈ, ਬਸ ਲੋੜ ਹੈ ਮਨੁੱਖ ਨੂੰ ਕਾਦਰ ਦੀ ਉਸ ਕੁਦਰਤ ਨੂੰ ਪਛਾਨਣ ਦੀ, ਜੋ ਪੰਜ ਤੱਤ ਬ੍ਰਹਿਮੰਡ ਵਿੱਚ ਮੌਜੂਦ ਹਨ, ਕਾਦਰ ਨੇ ਉਨ੍ਹਾਂ ਪੰਜ ਤੱਤਾਂ ਤੋਂ ਹੀ ਮਨੁੱਖ ਅਤੇ ਸੰਪੂਰਨ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਮਨੁੱਖ ਇਸ ਸਮਾਜ ਦੇ ਸਭ ਪ੍ਰਾਣੀਆਂ ਤੋਂ ਸਰਬ ਸ਼੍ਰੇਸ਼ਟ ਹੈ। ਇਸ ਵਿੱਚ ਬਲ ਤੇ ਦਿਮਾਗ ਦੋਵੇਂ ਚੀਜ਼ਾਂ ਇਸਨੂੰ ਬਾਕੀ ਪ੍ਰਾਣੀਆਂ ਤੋਂ ਉੱਚਤਮ ਦਰਜੇ ਦਾ ਬਣਾਉਂਦੀਆਂ ਹਨ।

ਪਿਆਰ ਦੀ ਭਾਸ਼ਾ ਪਸ਼ੂ, ਪੰਛੀ ਤੇ ਜਾਨਵਰ ਸਾਰੇ ਹੀ ਚੰਗੀ ਤਰ੍ਹਾਂ ਸਮਝਦੇ ਹਨ, ਕਦੇ ਕਿਸੇ ਜਾਨਵਰ ਨੂੰ ਦੋ ਚਾਰ-ਦਿਨ ਪਿਆਰ ਨਾਲ਼ ਰੋਟੀ ਜਾਂ ਪਾਣੀ ਆਦਿ ਰੱਖਣ ਲੱਗ ਜਾਓ, ਉਹ ਵੀ ਤਹਾਨੂੰ ਪਿਆਰ ਕਰਨ ਲੱਗ ਜਾਂਦਾ ਹੈ। ਇਹੀ ਪਿਆਰ ਦੀ ਪਰਿਭਾਸ਼ਾ ਹੈ, ਕਿ ਇੱਕ ਮਨੁੱਖ ਜੋ ਕਿਸੇ ਦੂਸਰੇ ਨੂੰ ਦਿੰਦਾ ਹੈ, ਬਦਲੇ ਵਿੱਚ ਉਸ ਤੋਂ ਕਿਤੇ ਵੱਧ ਕੇ ਵਾਪਸ ਲੈਂਦਾ ਹੈ, ਚਾਹੇ ਉਹ ਪਿਆਰ ਹੈ ਜਾਂ ਫਿਰ ਨਫ਼ਰਤ। ਜਿਸ ਤਰ੍ਹਾਂ ਇੱਕ ਘਰ ਜੀਆਂ ਤੋਂ ਸੱਖਣਾ ਨਿਰ੍ਹਾ ਉਜਾੜ ਹੁੰਦਾ ਹੈ, ਉਸੇ ਤਰ੍ਹਾਂ ਪਿਆਰ ਤੋਂ ਸੱਖਣੇ ਮਨੁੱਖ ਦੀ ਜ਼ਿੰਦਗੀ ਵੀ ਨਿਰ੍ਹੀ ਨੀਰਸ ਬਣ ਜਾਂਦੀ ਹੈ, ਪਿਆਰ ਨਾਲ਼ ਵੱਡੇ ਤੋਂ ਵੱਡੇ ਮਸਲੇ ਹੱਲ ਹੋ ਜਾਂਦੇ ਹਨ, ਗੱਸੇ ਨਾਲ਼ ਬਣੀ-ਬਣਾਈ ਖੇਡ ਵੀ ਅਕਸਰ ਵਿਗੜ ਜਾਂਦੀ ਹੈ।

ਪਿਆਰ ਦੀ ਪਰਿਭਾਸ਼ਾ ਨੂੰ ਵੱਖ-ਵੱਖ ਮਨੋ-ਵਿਗਿਆਨੀਆਂ ਤੇ ਸਮਾਜ ਸ਼ਾਸਤਰੀਆਂ ਨੇ ਆਪਣੇ-ਆਪਣੇ ਸ਼ਬਦਾਂ ਵਿੱਚ ਪਰਿਭਾਸ਼ਤ ਕੀਤਾ ਹੈ, ਕਿ ਮਨੁੱਖ ਇੱਕ ਸਮਜਿਕ ਪ੍ਰਾਣੀ ਹੈ, ਸਮਾਜ ਤੋਂ ਬਿਨ੍ਹਾਂ ਮਨੁੱਖ ਦੀ ਹੋਂਦ ਉਜਾੜ ਵਿੱਚ ਖੜੇ ਉਸ ਬ੍ਰਿਛ ਵਾਂਗ ਹੁੰਦੀ ਹੈ। ਜਿਸਦੀ ਛਾਂ ਦਾ ਨਾ ਕਿਸੇ ਨੂੰ ਕੋਈ ਫਾਇਦਾ ਹੁੰਦਾ ਹੈ ਅਤੇ ਨਾ ਹੀ ਉਸਦੀ ਫਲ਼ ਅਤੇ ਲੱਕੜੀ ਕਿਸੇ ਕੰਮ ਆਉਂਦੀ ਹੈ, ਉਸਦੇ ਫ਼ਲ , ਛਾਂ ਤੇ ਲੱਕੜ ਤੱਕ ਕਦੇ ਕਿਸੇ ਦੀ ਪਹੁੰਚ ਨਹੀਂ ਹੁੰਦੀ। ਅਜਿਹਾ ਰੁੱਖ ਹਮੇਸ਼ਾ ਉਸ ਰਸਤੇ ਵੱਲ ਤੱਕਦਾ ਰਹਿੰਦਾ ਹੈ, ਕਿ ਕਦ ਕੋਈ ਮਨੁੱਖ ਇੱਧਰ ਨੂੰ ਆਵੇ ਤੇ ਉਸਦੀ ਠੰਡੀ ਛਾਂ, ਫਲ਼ਾਂ ਆਦਿ ਦਾ ਆਨੰਦ ਮਾਣੇ, ਪਰ ਉਸਦੀ ਕਿਸਮਤ ਵਿੱਚ ਇਹ ਸਭ ਕੁਛ ਕਦੇ ਵੀ ਨਹੀਂ ਵਾਪਰਦਾ, ਉਸਨੂੰ ਕਦੇ ਵੀ ਕਿਸੇ ਮਨੁੱਖ ਦੀ ਪਰਛਾਈਂ ਨਸੀਬ ਨਹੀਂ ਹੁੰਦੀ, ਇਥੋਂ ਤੱਕ ਕਿ ਪੰਛੀਂ ਵੀ ਉਸ ਰੁੱਖ ਉੱਤੇ ਆਪਣਾ ਆਲ੍ਹਣਾ ਬਣਾਉਣਾ ਪਸੰਦ ਨਹੀਂ ਕਰਦੇ, ਉਸਦੀਆਂ ਇਛਾਵਾਂ ਨੂੰ ਕਦੇ ਬੂਰ ਨਹੀਂ ਪੈਂਦਾ।

ਜ਼ਿੰਦਗੀ ਦਾ ਪਹੀਆਂ ਸਦਾ ਤੁਰਦਾ ਰਹਿੰਦਾ ਹੈ ਤੇ ਸਦਾ ਤੁਰਦੇ ਰਹਿਣਾ ਵੀ ਚਾਹੀਦਾ ਹੈ, ਜਿਸ ਦਿਨ ਇਹ ਜ਼ਿੰਦਗੀ ਰੂਪੀ ਪਹੀਆ ਰੁਕ ਗਿਆ ਤਾਂ ਸਮਝੋਂ ਮਨੁੱਖੀ ਜੀਵਨ ਦਾ ਅੰਤ ਹੈ, ਜ਼ਿੰਦਗੀ ਦਾ ਇਹ ਪਹੀਆਂ ਵਗਦੇ ਪਾਣੀ ਵਾਂਗ ਵਗਦੇ ਹੀ ਰਹਿਣਾ ਚਾਹੀਦਾ ਹੈ, ਖੜੇ ਤਾਂ ਪਾਣੀ ਵਿੱਚ ਵੀ ਸੜਾਂਦ ਮਾਰਨ ਲੱਗ ਪੈਂਦੀ ਹੈ। ਇਹ ਸਭ ਉਸ ਡਾਢੇ ਦੇ ਹੱਥ ਵਿੱਚ ਹੈ ਕਿ ਇਸ ਮਨੁੱਖ ਜੀਵਨ ਰੂਪੀ ਪਹੀਏ ਨੇ ਕਦੋਂ ਤੱਕ ਰੋੜਨਾ ਹੈ

ਸਮਾਂ ਆਪਣੇ ਨਾਲ਼ ਬਹੁਤ ਕੁਛ ਵਹਾ ਕੇ ਲੈ ਜਾਂਦਾ ਹੈ ਤੇ ਸਮੇਂ ਦੀ ਰੇਤ ਉੱਪਰ ਇਸਦੇ ਸਿਰਫ ਪੈੜਾਂ ਦੇ ਨਿਸ਼ਾਨ ਹੀ ਬਾਕੀ

ਰਹਿ ਜਾਂਦੇ ਹਨ। ਪਿਆਰ ਦੀ ਇਸ ਧਰਤੀ ਵਿੱਚ ਉੱਗੇ ਹੋਏ ਸੂਹੇ ਫੁੱਲ ਮਨੁੱਖ ਨੂੰ ਸਦਾ ਲਈ ਅਮਰ ਬਣਾ ਦਿੰਦੇ ਹਨ। ਪਿਆਰ ਦੀ ਉਪਜ ਜ਼ਿੰਦਗੀ ਵਿੱਚ ਸਕਾਰਾਤਮਿਕ ਸੱਚ ਦਾ ਨਿਰਮਾਣ ਕਰਦੀ ਹੈ ਤੇ ਪਿਆਰ ਤੋਂ ਵਿਰਵਾਂ ਮਨੁੱਖ ਕੌੜ, ਸੜੀਅਲ, ਕ੍ਰੋਧੀ, ਤੇ ਹਰ ਵੇਲ਼ੇ ਨਕਾਰਾਤਮਿਕ ਵਿਚਾਰਾਂ ਦੀ ਵਲਗਣ ਵਿੱਚ ਉਲਝਿਆ ਰਹਿੰਦਾ ਹੈ, ਜਿਸ ਨਾਲ਼ ਉਸਦਾ ਜੀਵਨ ਪੂਰੀ ਤਰ੍ਹਾਂ ਨਕਾਰਤਮਿਕਤਾ ਨਾਲ਼ ਭਰ ਜਾਂਦਾ ਹੈ ਤੇ ਉਸਦਾ ਮਨੁੱਖੀ ਵਿਕਾਸ ਰੁਕ ਜਾਂਦਾ ਹੈ।

ਸਭ ਗੁਰੂਆਂ, ਪੀਰਾਂ, ਰਿਸ਼ੀਆਂ-ਮੁਨੀਆਂ ਨੇ ਪਿਆਰ ਉੱਪਰ ਹੀ ਧਿਆਨ ਕੇਂਦਰਿਤ ਕੀਤਾ ਹੈ, ਕਿ ਮਨੁੱਖ ਜੀਵਨ ਵਿੱਚ ਆਈਆਂ ਵੱਡੀਆਂ ਤੋਂ ਵੱਡੀਆਂ ਸਮੱਸਿਆਵਾਂ ਦਾ ਹੱਲ ਸਿਰਫ਼ ਪਿਆਰ ਵਿੱਚ ਹੀ ਹੈ, ਸ਼ੋਸਲ ਮੀਡੀਆ ਦੇ ਤੇਜ ਪਸਾਰੇ ਨੇ ਜਿੱਥੇ ਜ਼ਿੰਦਗੀ ਨੂੰ ਬਹੁਤ ਅਸਾਨ ਕਰ ਦਿੱਤਾ ਹੈ, ਮਹੀਨਿਆਂ, ਸਾਲਾਂ ਵਿੱਚ ਪ੍ਰਾਪਤ ਹੋਣ ਵਾਲ਼ੀ ਸੂਚਨਾ ਕੁਛ ਪਲਾਂ ਵਿੱਚ ਹੀ ਪ੍ਰਾਪਤ ਹੋ ਜਾਂਦੀ ਹੈ, ਪਰ ਇਸ ਸੂਚਨਾ ਨੂੰ ਪ੍ਰਾਪਤ ਕਰਨ ਲਈ ਕਈ ਵਾਰ ਮਨੁੱਖ ਆਪਣੇ ਲਈ ਮੁਸੀਬਤਾਂ ਵੀ ਖੜੀਆਂ ਕਰਦਾ ਦੇਖਿਆ ਗਿਆ ਹੈ। ਸਹਿਜਤਾ ਦੇ ਮਾਰਗ ਤੋਂ ਅੱਕ ਕੇ ਮਨੁੱਖ ਦੀ ਸੱਚ ਭਟਕ ਚੁੱਕੀ ਹੈ, ਉਹ ਬੜੀ ਤੇਜੀ ਨਾਲ਼ ਨਤੀਜੇ ਪ੍ਰਾਪਤ ਕਰਨ ਦੇ ਚੱਕਰ ਵਿੱਚ ਆਪਣੀ ਜ਼ਿੰਦਗੀ ਦੇ ਉਹ ਸੁਨਹਿਰੀ ਪਲਾਂ ਨੂੰ ਦਾਅ ਤੇ ਲਾ ਦਿੰਦਾ ਹੈ, ਜਿਸ ਨਾਲ਼ ਇੱਕ ਮਜ਼ਬੂਤ ਸਮਾਜ ਤੇ ਪਰਿਵਾਰ ਦੀ ਹੋਂਦ ਖੜੀ ਹੁੰਦੀ ਹੈ।

ਪਿਆਰ ਦੇ ਰੰਗ ਵਿੱਚ ਰੰਗਿਆ ਹੋਇਆ ਮਨੁੱਖ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਵੀ ਜਰ ਜਾਂਦਾ ਹੈ ਤੇ ਉਸ ਦੇ ਅੰਦਰ ਪੈਦਾ ਹੋਇਆ ਆਤਮ ਬਲ ਉਸਨੂੰ ਮਜਬੂਤ ਬਣਾ ਦਿੰਦਾ ਹੈ ਕਿ, ਉਹ ਆਪਣੇ ਇਸ ਖੇਤਰ ਵਿੱਚ ਤਰੱਕੀ ਦੀਆਂ ਨਵੀਆਂ ਇਬਾਰਤਾਂ ਲਿਖਦਾ ਹੋਇਆ ਮੰਜ਼ਲ ਤੇ ਅੱਪੜ ਇੱਕ ਨਵੀਂ ਮਿਸਾਲ ਪੈਦਾ ਕਰ ਦਿੰਦਾ ਹੈ

ਮਨੁੱਖ ਜਿੰਨੀ ਮਰਜੀ ਧੰਨ-ਦੌਲਤ, ਜਾਇਦਾਦ ਇਕੱਠੀ ਕਰ ਲਵੇ, ਪਰ ਪਿਆਰ ਤੋਂ ਸੱਖਣੇ ਮਨੁੱਖ ਲਈ ਵੀ ਇਹ ਧੰਨ-ਦੌਲਤਾਂ ਕੋਈ ਮਾਇਨੇ ਨਹੀਂ ਰੱਖਦੀਆਂ, ਮਨੁੱਖ ਭਾਵੇਂ ਕੱਖਾਂ ਦੀ ਛੰਨ ਵਿੱਚ ਕਿਉਂ ਨਾ ਰਹਿੰਦਾ ਹੋਵੇ ਜੇਕਰ ਉਸ ਕੋਲ਼ ਪਿਆਰ ਹੈ ਤਾਂ ਉਹ ਜ਼ਿੰਦਗੀ ਦਾ ਸਭ ਤੋਂ ਅਮੀਰ ਆਦਮੀ ਹੈ। ਪਿਆਰ ਹੀ ਜੀਵਨ ਦਾ ਅਧਾਰ ਹੈ। ਜਿਸ ਤੋਂ ਜੀਵਨ ਦੀ ਰਚਨਾ ਹੁੰਦੀ ਹੈ - ਪਿਆਰ ਹੀ ਜ਼ਿੰਦਗੀ ਜਿਉਣ ਦਾ ਇੱਕ ਸਫ਼ਲ ਮਾਰਗ ਹੈ, ਪਿਆਰ ਦੇ ਮਾਰਗ ਉੱਪਰ ਚੱਲਦਿਆਂ ਮਨੁੱਖ ਨੂੰ ਛੋਟੀਆਂ-ਛੋਟੀਆਂ ਗੱਲਾਂ 'ਚੋਂ ਖੁਸ਼ੀਆਂ ਨੂੰ ਤਲਾਸ਼ਣ ਦੀ ਜਾਂਚ ਨੂੰ ਸਿੱਖਣਾ ਪਵੇਗਾ। ਜਦੋਂ ਪਿਆਰ ਹੀ ਜਿੰਦਗੀ ਦਾ ਮੂਲ ਅਧਾਰ ਤੇ ਸ੍ਰੋਤ ਹੈ ਤਾਂ ਫਿਰ ਮਨੁੱਖ ਨੂੰ ਬੇਅਰਥ ਦੀਆਂ ਚਿੰਤਾਵਾਂ ਤੋਂ ਮੁਕਤ ਹੁੰਦੇ ਹੋਇਆਂ, ਸਕਾਰਾਤਮਕ ਸਮਾਜ ਦੀ ਸਿਰਜਣਾ ਨੂੰ ਤਰਜੀਹ ਦਿੰਦੇ ਹੋਇਆ ਪਿਆਰ ਦਾ ਪਸਾਰਾ ਕਰਨਾ ਚਾਹੀਦਾ ਹੈ, ਪਿਆਰ ਹੀ ਜ਼ਿੰਦਗੀ ਨੂੰ ਸਫ਼ਲ ਜਿਊਣ ਦਾ ਇਕੋ-ਇੱਕ ਸਾਧਨ ਹੈ।

**ਕਵਿਤਾ**

## ਕੁਦਰਤ

ਕੁਦਰਤ ਪਿਆਰੀਏ ਤੈਥੋਂ ਜਾਵਾਂ ਬਲਿਹਾਰੇ,
ਤੇਰੀ ਉਪਮਾ ਕਰਦੇ ਨੇ ਚੰਨ, ਸੂਰਜ, ਤਾਰੇ।
ਹਰ ਘਟ-ਘਟ ਤੂੰ ਏ ਤੂੰ ਸਰਭ ਗਿਆਤਾ,
ਸਭਨਾਂ ਦਾ ਭਲਾ ਲੋਚਦੀ ਜਿਉਂ ਲੋਚੇ ਮਾਤਾ।
ਪਸ਼ੂ, ਪੰਛੀ, ਜੰਗਲ-ਬੇਲੇ ਸਭ ਤੇਰਾ ਵਾਸਾ,
ਜੀਵਨ ਦੀ ਘਾੜਤ ਘੜਦੀ ਤੂੰ ਬਣਦੀ ਆਸਾ।
ਫਸਲਾਂ ਜਦ ਝੂਮਣ ਗੁਣ ਤੇਰੇ ਗਾਵਣ ,
ਤੇਰੀ ਤੁਕਣੀ ਤੇ ਲੱਖ ਸ਼ੁਕਰ ਮਨਾਵਣ।
ਦਿਨ ਦੀ ਲਾਲੀ ਲੱਗੇ ਕਦੇ ਰਾਤ ਦੀ ਚੁੱਪ ਏ,
ਮਾਘ ਦੀ ਮਿੱਠੀ-ਮਿੱਠੀ ਜਾਪੇ ਸੋਹਣੀ ਧੁੱਪ ਏ।
ਲੂੰਆਂ, ਕੱਕਰ ਆਵਣ ਕਦੇ ਚੜ੍ਹਨ ਘਟਾਵਾਂ,
ਸਭਨਾਂ ਦੀ ਸੁੱਖ ਮੰਗਦੀ ਤੇ ਕਰੇ ਦੁਆਵਾਂ।
ਕੁਦਰਤ ਸੱਚ ਏ ਗੱਲ ਸਮਝ ਤੂੰ ਭਾਈ,
ਏਹਦੇ ਭਾਣੇ ਵਿੱਚ ਏ ਹਰ ਚੀਜ਼ ਸਮਾਈ।
ਕੁਦਰਤ ਜੇ ਰੁੱਸਗੀ ਹੋਉ ਬਹੁਤ ਤਬਾਹੀ,
ਜਲ-ਥਲ ਜਾਂਦੀ ਪਲ ਵਿੱਚ ਇੱਕ ਕਰਾਈ।
ਆਓ ਕੁਦਰਤ ਲਈ ਫ਼ਰਜ ਨਿਭਾਈਏ,
'ਪ੍ਰੀਤ ਬੀੜ ਕਿਸ਼ਨ', ਚੱਲ ਅਮਲ ਕਮਾਈਏ।

**- ਗੁਰਪ੍ਰੀਤ ਸਿੰਘ ਬੀੜ ਕਿਸ਼ਨ**

# ਹਾਇਕੂ

- ਕਸ਼ਮੀਰੀ ਲਾਲ ਚਾਵਲਾ

1) ਧੁੱਪ ਦੇਣ ਨੂੰ
ਰੋਜ਼ ਸੂਰਜ ਆਵੇ
ਕਿਰਨਾਂ ਸੰਗ

2) ਹੁਣ ਤਾਂ ਜਾਗ
ਬੱਦਲ ਬਰਸਦੇ
ਰੁੱਖਾਂ ਤੇ ਫ਼ਲ

3) ਵੱਸੇ ਬੱਦਲ
ਬਰਬਾਦ ਆਲਣੇ
ਰੁੱਖ ਘਾਇਲ

4) ਗਰਮੀ ਨਾਲ
ਮਿਲ ਗਿਆ ਬੋਨਸ
ਹੁੰਮਸ ਵਧੀ

5) ਗੁੰਮ ਲਿਖਤਾਂ
ਮੋਬਾਈਲ ਚੱਲਦੇ
ਕਿਤਾਬਾਂ ਬੰਦ

6) ਰੇਲ ਗੱਡੀ ਦੀ
ਵੱਧਗੀ ਰਫਤਾਰ
ਮੌਤ ਨੇੜੇ ਹੈ

7) ਦੁੱਖ ਨਾ ਸਹੇ
ਚੰਚਲ ਜ਼ਿੰਦਗੀ ਹੈ
ਹਲਕਾ ਹੱਸੇ

8) ਚਲੀ ਪਵਨ
ਪੱਤਿਆਂ ਤੇ ਲੈ ਆਈ
ਨਵਾਂ ਜੋਬਨ

9) ਰਾਤ ਢਲੀ ਹੈ
ਸੁਪਨੇ ਚਿੱਤਰਦਾ
ਨੀਂਦ ਲੈ ਰਿਹਾ

10 )ਅੱਖਾਂ ਦੇ ਹੰਝੂ
ਝੀਲ ਜਿਹੀ ਠਹਿਰ
ਮਨ ਤੇ ਛਾਏ

ਸੰਪਾਦਕ ਅਦਬੀ ਪਰਿਕਰਮਾ, ਮੁਕਤਸਰ-152026
ਮੋ. 91981481479

# ਸ਼ਹਾਦਤ

## ਮਤੀ ਦਾਸ ਤੇ ਸਤੀ ਦਾਸ ਤੇ ਭਾਈ ਦਿਆਲਾ ਜੀ, 350 ਸਾਲਾ ਸ਼ਹੀਦੀ ਦਿਵਸ ਤੇ

ਲਖਵਿੰਦਰ ਸਿੰਘ ਬਾਜਵਾ
ਮੋ : 9416734506
9729608492

ਈਸਾ ਦੇ ਸਨ ਬਾਰਾਂ ਚੇਲੇ,
ਮੁੱਕਰ ਗਏ ਸੂਲੀ ਦੇ ਵੇਲੇ।
ਧੰਨ ਸਨ ਸਿੱਖ ਨੌਵੇਂ ਨਾਨਕ ਦੇ,
ਜਿਹੜੇ ਨਾਲ ਮੌਤ ਦੇ ਖੇਲ੍ਹੇ।
ਮਤੀ ਦਾਸ ਤੇ ਸਤੀ ਦਾਸ ਨੇ,
ਰਚੀ ਅਨੋਖੀ ਵੇਖ ਕਹਾਣੀ।
ਨਾਲ ਗੁਰੂ ਦੇ ਜਾਨ ਵਾਰ ਕੇ,
ਉਹਨਾ ਅਹੁਦਾ ਲਿਆ ਲਾਸਾਨੀ।
ਭਾਈ ਦਿਆਲੇ ਉਬਲ ਦੇਗ ਵਿੱਚ ,
ਪਾਪੀ ਦੇ ਸਿਰ ਪਾਇਆ ਘੱਟਾ।
ਵਾਰੀ ਜਾਨ ਸੂਰਮੇ ਨੇ ਪਰ,
ਨਾ ਅਣਖ ਨੂੰ ਲਾਇਆ ਵੱਟਾ।
ਆਰੇ ਨਾਲ ਚਿਰਾ ਕੇ ਆਪਾ,
ਮਤੀ ਦਾਸ ਨੇ ਸਿਦਕ ਨਿਭਾਇਆ।
ਰੂੰ ਅੰਦਰ ਜਲ ਸਤੀ ਦਾਸ ਨੇ,
ਬੱਸ ਵਾਹਿਗੁਰੂ ਸ਼ਬਦ ਅਲਾਹਿਆ।
ਈਨ ਨਾ ਮੰਨੀ ਜ਼ਾਲਮ ਵਾਲੀ,
ਸਹੇ ਤਸੀਹੇ ਤਨ ਤੇ ਉਹਨਾ।
ਐਪਰ ਆਉਣ ਨਾ ਦਿੱਤੀ ਉੱਕਾ,
ਡਰ ਕਮਜੋਰੀ ਮਨ ਤੇ ਉਹਨਾ।
ਇਸ ਤੋਂ ਪਹਿਲਾਂ ਸੁਣੀ ਨਾ ਡਿੱਠੀ,
ਕਾਇਮ ਮਿਸਾਲ ਸਿਦਕ ਦੀ ਕੀਤੀ,
ਧਰਮ ਹੇਤ ਕੁਰਬਾਨ ਹੋਣ ਦੀ,
ਦੱਸੀ ਪੰਜਵੇਂ ਗੁਰ ਜੋ ਰੀਤੀ।
ਦਿੱਤੀ ਜਾਨ ਝੁਕੇ ਨਾ ਉੱਕਾ,
ਪਾਪ ਜ਼ੁਲਮ ਦੀ ਆਂਧੀ ਅੱਗੇ,
ਵੇਖ ਹਸ਼ਰ ਲੋਕਾਂ ਦੇ ਨੈਣੋਂ,
ਕਹਿਰ ਖੂਨ ਦੇ ਹੰਝੂ ਵੱਗੇ।
ਤੇਗ ਬਹਾਦਰ ਹਿੰਦ ਦੀ ਚਾਦਰ,
ਜੇਕਰ ਹੈ ਕਹਿਲਾਈ ਸਾਰੇ।
ਮਤੀ ਦਾਸ ਤੇ ਸਤੀ ਦਾਸ ਵੀ,
ਉਸ ਚਾਦਰ ਦੇ ਬਣੇ ਕਿਨਾਰੇ।
ਦੇ ਸ਼ਹਾਦਤ ਮਹਾਂ ਮਾਨਵਾਂ,
ਪਾਪ ਜ਼ੁਲਮ ਦੀ ਰੋਕੀ ਆਂਧੀ।
ਮਕਤਲ ਤੋਂ ਸੱਚਖੰਡ ਪਧਾਰੇ,
ਸੱਚ ਧਰਮ ਦੇ ਬਣ ਕੇ ਪਾਂਧੀ।
ਆਓ ਹਿੰਦ ਵਾਸੀਓ ਰਲ ਕੇ,
ਜੱਸ ਸ਼ਹੀਦਾਂ ਵਾਲਾ ਗਾਈਏ।
ਉਹਨਾ ਦੀ ਕਰਨੀ ਦੇ ਤਾਈਂ,
ਬਾਜਵਿਆ ਸਭ ਸੀਸ ਝੁਕਾਈਏ।

ਹਿੰਦੀ ਕਹਾਣੀ

# ਨੀਨਾ ਦੀ ਮੰਮੀ

ਮੂਲ : ਹਰੀਸ਼ ਕੁਮਾਰ 'ਅਮਿਤ'
ਅਨੁ : ਪ੍ਰੋ. ਨਵ ਸੰਗੀਤ ਸਿੰਘ

ਜਦੋਂ ਮੈਂ ਬੱਸ ਤੋਂ ਉਤਰ ਕੇ ਘਰ ਵੱਲ ਤੁਰਨਾ ਸ਼ੁਰੂ ਕੀਤਾ ਤਾਂ ਸ਼ਾਮ ਰਾਤ ਵਿੱਚ ਬਦਲ ਰਹੀ ਸੀ। ਆਪਣੇ ਸੱਜੇ ਹੱਥ ਵਿੱਚ ਬ੍ਰੀਫਕੇਸ ਫੜ ਕੇ ਮੈਂ ਨਪੇ-ਤੁਲੇ ਕਦਮਾਂ ਨਾਲ ਚੱਲ ਰਿਹਾ ਸਾਂ। ਅੱਜ ਮੈਂ ਪੱਕਾ ਇਰਾਦਾ ਕੀਤਾ ਸੀ ਕਿ ਘਰ ਪਹੁੰਚਦੇ ਹੀ ਨੀਨਾ ਦੀ ਮੰਮੀ ਨੂੰ ਘਰੋਂ ਚਲੇ ਜਾਣ ਲਈ ਕਹਿ ਦਿਆਂਗਾ।

ਮੈਂ ਕਈ ਦਿਨਾਂ ਤੋਂ ਸੋਚਾਂ ਵਿੱਚ ਡੁੱਬਿਆ ਹੋਇਆ ਸਾਂ ਕਿ ਨੀਨਾ ਦੀ ਮੰਮੀ ਨੂੰ ਇਹ ਗੱਲ ਕਹਾਂ ਜਾਂ ਨਾ। ਆਖ਼ਰ ਉਹ ਮੇਰੀ ਸੱਸ ਲੱਗਦੀ ਸੀ। ਇੱਕ ਪਾਸੇ ਮੇਰਾ ਦਿਲ ਕਹਿੰਦਾ ਸੀ ਕਿ ਉਹ ਮਜਬੂਰੀ ਵਿੱਚ ਸਾਡੇ ਕੋਲ ਰਹਿਣ ਆਈ ਹੈ, ਇਸ ਲਈ ਸਾਨੂੰ ਉਸਨੂੰ ਸ਼ਰਨਾਰਥੀ ਸਮਝ ਕੇ ਆਸਰਾ ਦੇਣਾ ਚਾਹੀਦਾ ਹੈ। ਪਰ ਦੂਜੇ ਪਾਸੇ ਮੇਰਾ ਮਨ ਮੈਨੂੰ ਸਮਝਾਉਣ ਲੱਗਦਾ ਕਿ ਜੇ ਇਹ ਦੋ-ਚਾਰ ਦਿਨਾਂ ਦੀ ਗੱਲ ਹੁੰਦੀ, ਫਿਰ ਤਾਂ ਠੀਕ ਸੀ। ਪਰ ਉਨ੍ਹਾਂ ਨੂੰ ਸਾਡੇ ਕੋਲ ਆਇਆਂ ਲਗਭਗ ਇੱਕ ਮਹੀਨਾ ਹੋ ਗਿਆ ਸੀ, ਅਤੇ ਅਜੇ ਉਨ੍ਹਾਂ ਦੇ ਆਪਣੇ ਕਿਸੇ ਵੀ ਪੁੱਤਰ ਕੋਲ ਜਾ ਕੇ ਰਹਿਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਸਨ। ਇਸ ਲਈ ਮੈਨੂੰ ਇਸ ਬਾਰੇ ਵਧੇਰੇ ਸੋਚਣਾ ਨਹੀਂ ਚਾਹੀਦਾ ਅਤੇ ਉਨ੍ਹਾਂ ਨੂੰ ਸਖਤ ਸ਼ਬਦਾਂ ਵਿੱਚ ਕਹਿ ਦੇਣਾ ਚਾਹੀਦਾ ਹੈ ਕਿ ਉਹ ਆਪਣੇ ਕਿਸੇ ਬੇਟੇ ਕੋਲ ਚਲੇ ਜਾਣ।

ਕਰੀਬ ਇੱਕ ਮਹੀਨਾ ਪਹਿਲਾਂ ਜਦੋਂ ਉਹ ਸਾਡੇ ਕੋਲ ਰਹਿਣ ਆਏ ਸਨ, ਸਾਡੀ ਤਾਂ ਜਿਵੇਂ ਜ਼ਿੰਦਗੀ ਹੀ ਬਦਲ ਗਈ ਸੀ। ਸਭ ਤੋਂ ਪਹਿਲਾਂ ਤਾਂ ਥਾਂ ਦੀ ਸਮੱਸਿਆ ਸੀ। ਸਾਡੇ ਸਕੂਲ ਜਾਣ ਵਾਲੇ ਦੋਵੇਂ ਬੱਚੇ ਵੱਡੇ ਹੋ ਰਹੇ ਸਨ। ਅਜਿਹੀ ਹਾਲਤ ਵਿੱਚ ਸਾਡਾ ਇੱਕ ਬੈੱਡਰੂਮ ਵਾਲਾ ਫਲੈਟ ਅਕਸਰ ਛੋਟਾ ਲੱਗਦਾ ਸੀ। ਘਰ ਵਿੱਚ ਕਿਸੇ ਹੋਰ ਦੇ ਰਹਿਣ ਲਈ ਜਗ੍ਹਾ ਕੱਢਣੀ ਬੜਾ ਮੁਸ਼ਕਿਲ ਕੰਮ ਸੀ। ਉੱਤੋਂ ਸਰਦੀਆਂ ਦੇ ਦਿਨ ਚੱਲ ਰਹੇ ਸਨ।

ਪਹਿਲਾਂ ਜਦੋਂ ਵੀ ਉਹ ਸਾਡੇ ਘਰ ਕੁਝ ਦਿਨਾਂ ਲਈ ਆਉਂਦੇ ਸਨ, ਤਾਂ ਮੈਨੂੰ ਡਰਾਇੰਗ ਰੂਮ ਵਿੱਚ ਫਰਸ਼ 'ਤੇ ਸੌਣਾ ਪੈਂਦਾ ਸੀ ਤਾਂ ਜੋ ਉਸਦੇ ਲਈ ਬੈੱਡਰੂਮ ਵਿੱਚ ਜਗ੍ਹਾ ਬਣ ਸਕੇ। ਇਸ ਨਾਲ ਮੈਨੂੰ ਬਹੁਤ ਬੇਆਰਾਮੀ ਮਹਿਸੂਸ ਹੁੰਦੀ ਸੀ। ਮੇਰਾ ਪੜ੍ਹਨ-ਲਿਖਣ ਦਾ ਸਾਰਾ ਕੰਮ ਜਿਵੇਂ ਬੰਦ ਹੀ ਹੋ ਜਾਂਦਾ ਸੀ, ਪਰ ਮੇਰੇ ਕੋਲ ਡਰਾਇੰਗ ਰੂਮ ਵਿੱਚ ਫਰਸ਼ 'ਤੇ ਸੌਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਸਵੇਰੇ ਦਫ਼ਤਰ ਜਾਣ ਲਈ ਤਿਆਰ ਹੋਣ ਵਿੱਚ ਵੀ ਬਹੁਤ ਮੁਸ਼ਕਲ ਆਉਂਦੀ ਸੀ, ਕਿਉਂਕਿ ਮੇਰਾ ਰੋਜ਼ਾਨਾ ਦਾ ਬਹੁਤਾ ਸਮਾਨ ਬੈੱਡਰੂਮ ਵਿੱਚ ਹੀ ਪਿਆ ਹੁੰਦਾ ਸੀ, ਜਿੱਥੇ ਨੀਨਾ ਦੀ ਮੰਮੀ ਸੌਂ ਰਹੀ ਹੁੰਦੀ ਸੀ।

ਨੀਨਾ ਦੀ ਮਾਂ ਦੇ ਜ਼ਿੰਦਗੀ ਬਿਤਾਉਣ ਦੇ ਆਪਣੇ ਵੱਖਰੇ ਹੀ ਨਿਯਮ ਸਨ। ਮੈਂ ਸਵੇਰੇ 5:30 ਵਜੇ ਉੱਠ ਜਾਂਦਾ ਸਾਂ ਅਤੇ ਭੱਜ-ਦੌੜ ਕਰਕੇ 8:30 ਵਜੇ ਦੇ ਕਰੀਬ ਘਰੋਂ ਦਫ਼ਤਰ ਲਈ ਨਿਕਲ ਪੈਂਦਾ ਸਾਂ। ਨੀਨਾ ਮੇਰੇ ਤੋਂ ਵੀ ਪਹਿਲਾਂ ਉੱਠ ਜਾਂਦੀ ਸੀ ਅਤੇ ਚਾਹ, ਨਾਸ਼ਤਾ ਅਤੇ ਦੁਪਹਿਰ ਦਾ ਖਾਣਾ ਤਿਆਰ ਕਰਨ ਵਿੱਚ ਜੁਟ ਜਾਂਦੀ ਸੀ। ਥੋੜ੍ਹੀ ਦੇਰ ਬਾਅਦ ਬੱਚੇ ਵੀ ਉੱਠ ਕੇ ਸਕੂਲ ਜਾਣ ਲਈ ਤਿਆਰ ਹੋ ਜਾਂਦੇ ਸਨ, ਪਰ ਨੀਨਾ ਦੀ ਮੰਮੀ 7:00-7:30 ਵਜੇ ਆਰਾਮ ਨਾਲ ਉੱਠਦੀ ਸੀ। ਫਿਰ ਕਿਸੇ ਹੋਰ ਬਾਰੇ ਸੋਚੇ ਬਿਨਾਂ ਉਹ ਬਾਥਰੂਮ ਵਿੱਚ ਚਲੀ ਜਾਂਦੀ ਅਤੇ ਕਾਫੀ ਦੇਰ ਬਾਅਦ ਬਾਹਰ ਆਉਂਦੀ ਸੀ।

ਮੈਨੂੰ ਦਫ਼ਤਰ ਜਾਣ ਦੀ ਕਾਹਲੀ ਹੁੰਦੀ। ਮੈਂ ਨਹਾਉਣਾ ਹੁੰਦਾ, ਪਰ ਬਾਥਰੂਮ ਖਾਲੀ ਨਹੀਂ ਹੁੰਦਾ ਸੀ। ਮੇਰੇ ਮਨ ਵਿੱਚ ਤੂਫ਼ਾਨ ਉੱਠਣ ਲੱਗਦੇ। ਜੇ ਮੈਂ ਨੀਨਾ ਨੂੰ ਦਰਵਾਜ਼ਾ ਖੜਕਾਉਣ ਅਤੇ ਉਨ੍ਹਾਂ ਨੂੰ ਜਲਦੀ ਬਾਹਰ ਆਉਣ ਲਈ ਕਹਿੰਦਾ, ਤਾਂ ਉਹ ਵੀ ਕਹਿਣ ਤੋਂ ਝਿਜਕਦੀ। ਇਸੇ ਕਰਕੇ ਕਈ ਵਾਰ ਮੈਨੂੰ ਨਹਾਉਣ ਦਾ ਵਿਚਾਰ ਛੱਡ ਕੇ ਅਤੇ ਸਿਰਫ਼ ਹੱਥ ਅਤੇ ਮੂੰਹ ਧੋ ਕੇ ਹੀ ਦਫ਼ਤਰ ਜਾਣ ਨੂੰ ਮਜਬੂਰ ਹੋਣਾ ਪੈਂਦਾ ਸੀ।

ਜਦੋਂ ਮੈਂ ਦਫ਼ਤਰ ਜਾਣ ਤੋਂ ਪਹਿਲਾਂ ਨਾਸ਼ਤਾ ਕਰ ਰਿਹਾ ਹੁੰਦਾ ਸੀ ਤਾਂ ਉਹ ਬੈੱਡ ਟੀ ਦੀਆਂ ਚੁਸਕੀਆਂ ਲੈ ਰਹੇ ਹੁੰਦੇ ਸਨ। ਉਨ੍ਹਾਂ ਦਾ ਖਾਣ-ਪੀਣ ਦਾ ਰੁਟੀਨ ਵੀ ਕੁਝ ਅਲੱਗ ਹੀ ਹੁੰਦਾ ਸੀ। ਉਸ ਬੈੱਡ ਟੀ ਤੋਂ ਅੱਧਾ-ਪੌਣਾ ਘੰਟਾ ਬਾਅਦ ਉਹ ਆਮ ਤੌਰ 'ਤੇ ਇੱਕ ਕੱਪ ਚਾਹ ਹੋਰ ਪੀਂਦੇ ਸਨ। ਫਿਰ ਦਸ-ਸਾਢੇ ਦਸ ਵਜੇ ਉਹ ਇੱਕ ਗਲਾਸ ਦੁੱਧ ਪੀਂਦੇ ਸਨ। ਉਨ੍ਹਾਂ ਦਾ ਨਾਸ਼ਤਾ ਬਾਰਾਂ-ਸਾਢੇ ਬਾਰਾਂ ਵਜੇ ਹੁੰਦਾ ਸੀ। ਉਹ ਦੁਪਹਿਰ ਦਾ ਖਾਣਾ ਲਗਭਗ ਚਾਰ ਵਜੇ ਖਾਂਦੇ ਸਨ। ਸੱਤ-ਸਾਢੇ ਸੱਤ ਵਜੇ ਉਹ ਦੋ ਪੀਸ ਸੇਕੀ ਹੋਈ ਬਰੈੱਡ, ਨਮਕ-ਮਿਰਚ ਅਤੇ ਮੱਖਣ ਨਾਲ ਖਾਂਦੀ ਸੀ ਅਤੇ ਨਾਲ ਚਾਹ ਪੀਂਦੀ ਸੀ। ਉਨ੍ਹਾਂ ਦਾ ਰਾਤ ਦਾ ਖਾਣਾ ਲਗਭਗ ਦਸ ਵਜੇ ਹੁੰਦਾ ਸੀ, ਜਦੋਂ ਕਿ ਅਸੀਂ ਰਾਤ ਦਾ ਖਾਣਾ ਸ਼ਾਮ ਨੂੰ ਅੱਠ ਵਜੇ ਹੀ ਖਾਂ ਲੈਂਦੇ ਸਾਂ।

ਅਸੀਂ ਰਾਤ 10 ਵਜੇ ਦੇ ਕਰੀਬ ਸੌਣ ਦੇ ਆਦੀ ਸਾਂ।

ਨੀਨਾ ਦੀ ਮੰਮੀ ਰਾਤ 10:30 ਜਾਂ 11 ਵਜੇ ਤੱਕ ਟੀਵੀ ਚਾਲੂ ਰੱਖਦੀ ਸੀ ਅਤੇ ਕੋਈ ਧਾਰਮਿਕ ਪ੍ਰਵਚਨ ਵਾਲਾ ਪ੍ਰੋਗਰਾਮ ਵੇਖਦੀ ਰਹਿੰਦੀ ਸੀ। ਬੈੱਡਰੂਮ ਵਿੱਚੋਂ ਟੀਵੀ ਦੀ ਆਵਾਜ਼ ਆਉਣ ਕਾਰਨ ਮੈਨੂੰ ਨੀਂਦ ਨਹੀਂ ਆਉਂਦੀ ਸੀ। ਮੈਂ ਆਪਣੀ ਚਿੜਚਿੜੇਪਨ ਨੂੰ ਕਿਸੇ ਤਰ੍ਹਾਂ ਦਬਾਉਣ ਅਤੇ ਸੌਣ ਦੀ ਕੋਸ਼ਿਸ਼ ਕਰਦਾ ਰਹਿੰਦਾ।

ਗੱਲ ਸਿਰਫ਼ ਉਨ੍ਹਾਂ ਦੇ ਸੌਣ-ਜਾਗਣ ਅਤੇ ਖਾਣ-ਪੀਣ ਦੇ ਸਮੇਂ ਦੀ ਹੀ ਨਹੀਂ ਸੀ। ਇਹਨਾਂ ਨਾਲ ਤਾਂ ਕਿਸੇ ਤਰ੍ਹਾਂ ਨਜਿੱਠਿਆ ਜਾ ਸਕਦਾ ਸੀ। ਸਭ ਤੋਂ ਵੱਡੀ ਸਮੱਸਿਆ ਤਾਂ ਇਸ ਗੱਲ ਦੀ ਸੀ ਕਿ ਉਹ ਸਵੇਰ ਤੋਂ ਸ਼ਾਮ ਤੱਕ ਦੂਜਿਆਂ ਨੂੰ ਸਲਾਹਾਂ ਦਿੰਦੇ ਰਹਿੰਦੇ ਸਨ। ਉਹ ਨੀਨਾ ਅਤੇ ਬੱਚਿਆਂ ਨੂੰ ਕਹਿੰਦੇ ਰਹਿੰਦੇ ਕਿ ਇਸ ਚੀਜ਼ ਨੂੰ ਫਲਾਂ ਥਾਂ ਤੇ ਰੱਖੋ; ਇਸ ਸਮੇਂ ਇਹ ਕੰਮ ਕਰੋ ਜਾਂ ਨਾ ਕਰੋ; ਇਸ ਜਗ੍ਹਾ ਨੂੰ ਸਾਫ਼ ਕਰੋ, ਅਤੇ ਹੋਰ ਵੀ ਪਤਾ ਨਹੀਂ ਕੀ-ਕੁਝ।

ਬੈੱਡਰੂਮ ਵਿੱਚ ਪਲੰਘ ਕੋਲ ਇੱਕ ਤਿਪਾਈ 'ਤੇ ਬਹੁਤ ਸਾਰੇ ਪੁਰਾਣੇ ਅਖ਼ਬਾਰ ਅਤੇ ਰਸਾਲੇ ਸਾਫ਼-ਸੁਥਰੇ ਢੰਗ ਨਾਲ ਰੱਖੇ ਹੋਏ ਸਨ, ਜਿਨ੍ਹਾਂ ਨੂੰ ਮੈਂ ਹੁਣ ਤੱਕ ਸਮੇਂ ਦੀ ਘਾਟ ਕਾਰਨ ਨਹੀਂ ਪੜ੍ਹ ਸਕਿਆ ਸੀ। ਜਦੋਂ ਵੀ ਮੇਰੇ ਕੋਲ ਸਮਾਂ ਹੁੰਦਾ, ਮੈਂ ਇਨ੍ਹਾਂ ਰਸਾਲਿਆਂ ਨੂੰ ਪੜ੍ਹਦਾ, ਪਰ ਉਦੋਂ ਤੱਕ ਹੋਰ ਹੋਰ ਨਵੀਆਂ ਪੱਤਰ-ਪੱਤ੍ਰਿਕਾਵਾਂ ਆਉਣ ਨਾਲ ਤਿਪਾਈ ਤੇ ਲੱਗਿਆ ਢੇਰ ਘੱਟ ਨਹੀਂ ਹੁੰਦਾ ਸੀ।

ਨੀਨਾ ਦੀ ਮੰਮੀ ਰਸਾਲਿਆਂ ਅਤੇ ਅਖ਼ਬਾਰਾਂ ਦੇ ਢੇਰ ਤੋਂ ਪਰੇਸ਼ਾਨ ਸੀ। ਜਦੋਂ ਵੀ ਉਹ ਸਾਡੇ ਕੋਲ ਆਉਂਦੇ ਸਨ, ਉਹ ਜ਼ੋਰ ਦਿੰਦੇ ਸਨ ਕਿ ਅਸੀਂ ਇਨ੍ਹਾਂ ਨੂੰ ਕਿਤੇ ਅੰਦਰ ਰੱਖ ਦੇਈਏ। ਉਨ੍ਹਾਂ ਨੂੰ ਇਸ ਤਰ੍ਹਾਂ ਪਿਆ ਰਹਿਣਾ ਚੰਗਾ ਨਹੀਂ ਲੱਗਦਾ ਸੀ। ਇਹ ਸੁਣ ਕੇ ਮੈਨੂੰ ਬਹੁਤ ਖਿਝ ਆਉਂਦੀ। 'ਕਿੱਥੇ ਅੰਦਰ ਰੱਖਾਂ?' ਇੱਕ ਬੈੱਡਰੂਮ ਵਾਲੇ ਫਲੈਟ ਵਿੱਚ ਇੰਨੀ ਥਾਂ ਕਿੱਥੇ ਸੀ ਕਿ ਇਨ੍ਹਾਂ ਰਸਾਲਿਆਂ ਅਤੇ ਮੈਗਜ਼ੀਨਾਂ ਨੂੰ ਕਿਤੇ ਅੰਦਰ ਰੱਖਿਆ ਜਾ ਸਕੇ !

ਅਸੀਂ ਆਮ ਤੌਰ 'ਤੇ ਰਾਤ ਦਾ ਖਾਣਾ ਬੈੱਡਰੂਮ ਵਿੱਚ ਬਿਸਤਰੇ 'ਤੇ ਬੈਠ ਕੇ ਟੀਵੀ ਵੇਖਦੇ ਹੋਏ ਖਾਂਦੇ ਸਾਂ। ਜਦੋਂ ਨੀਨਾ ਦੀ ਮੰਮੀ ਆਉਂਦੀ ਸੀ ਤਾਂ ਮੈਂ ਟੀਵੀ ਦੇਖਣਾ ਬੰਦ ਕਰ ਦਿੰਦਾ ਸਾਂ। ਮੈਂ ਰਾਤ ਦਾ ਖਾਣਾ ਡਰਾਇੰਗ ਰੂਮ ਦੇ ਸੋਫੇ 'ਤੇ ਜਾਂ ਫਰਸ਼ 'ਤੇ ਵਿਛੇ ਆਪਣੇ ਬਿਸਤਰੇ 'ਤੇ ਬੈਠ ਕੇ ਖਾਂਦਾ ਸਾਂ। ਇਸ ਦੌਰਾਨ ਮੈਂ ਬੈੱਡਰੂਮ ਤੋਂ ਆਉਣ ਵਾਲੀਆਂ ਟੀਵੀ ਪ੍ਰੋਗਰਾਮਾਂ ਦੀਆਂ ਆਵਾਜ਼ਾਂ ਨਾਲ ਹੀ ਆਪਣਾ ਦਿਲ ਬਹਿਲਾਉਣ ਦੀ ਕੋਸ਼ਿਸ਼ ਕਰਦਾ ਸਾਂ।

ਪਰ ਸਾਡੇ ਮਨਪਸੰਦ ਟੀਵੀ ਪ੍ਰੋਗਰਾਮ ਵੀ ਅਕਸਰ ਨਹੀਂ ਦੇਖੇ ਜਾ ਸਕਦੇ ਸਨ ਕਿਉਂਕਿ ਨੀਨਾ ਦੀ ਮੰਮੀ ਆਪਣੀ ਪਸੰਦ ਦਾ ਕੋਈ ਧਾਰਮਿਕ ਪ੍ਰੋਗਰਾਮ ਵੇਖਣ ਦੀ ਫ਼ਰਮਾਇਸ਼ ਕਰਦੀ ਸੀ, ਜਿਸਦਾ ਪਾਲਣ ਨੀਨਾ ਅਤੇ ਬੱਚਿਆਂ ਨੂੰ ਕਰਨਾ ਪੈਂਦਾ ਸੀ।

ਨੀਨਾ ਦੀ ਮੰਮੀ ਦੀਆਂ ਟਿੱਪਣੀਆਂ ਤੋਂ ਸਿਰਫ਼ ਮੈਂ ਹੀ ਚਿੜਚਿੜਾ ਅਤੇ ਨਾਰਾਜ਼ ਨਹੀਂ ਸੀ; ਉਨ੍ਹਾਂ ਦਾ ਅਸਰ ਸਪਸ਼ਟ ਤੌਰ 'ਤੇ ਨੀਨਾ 'ਤੇ ਵੀ ਨਜ਼ਰ ਆਉਂਦਾ ਸੀ। ਇਹ ਵੱਖਰੀ ਗੱਲ ਹੈ ਕਿ ਉਹ ਸ਼ਾਇਦ ਮੇਰਾ ਆਪਣੀ ਮਾਂ ਦੇ ਖਿਲਾਫ਼ ਕੁਝ ਕਹਿਣਾ ਬਰਦਾਸ਼ਤ ਨਹੀਂ ਕਰੇਗੀ - ਇਸੇ ਲਈ ਉਹ ਮੈਨੂੰ ਉਨ੍ਹਾਂ ਦੇ ਖਿਲਾਫ਼ ਕੁਝ ਨਹੀਂ ਕਹਿਣ ਦਿੰਦੀ ਸੀ।

ਨੀਨਾ ਦੀ ਮੰਮੀ ਜ਼ਿਆਦਾਤਰ ਆਪਣੇ ਛੋਟੇ ਪੁੱਤਰ ਰਾਹੁਲ ਕੋਲ ਰਹਿੰਦੀ ਸੀ। ਉਹ ਕਦੇ-ਕਦੇ ਆਪਣੇ ਵੱਡੇ ਪੁੱਤਰ ਸੁਨੀਲ ਨੂੰ ਮਿਲਣ ਇੱਕ-ਅੱਧ ਹਫ਼ਤੇ ਲਈ ਜਾਂਦੀ ਸੀ। ਮੈਨੂੰ ਲੱਗਦਾ ਸੀ ਕਿ ਨੀਨਾ ਦੀ ਮੰਮੀ ਦੀ ਸੁਨੀਲ ਦੀ ਪਤਨੀ ਸ਼ਾਲਿਨੀ ਨਾਲ ਜ਼ਿਆਦਾ ਬਣਦੀ ਨਹੀਂ ਸੀ। ਅਜਿਹਾ ਨਹੀਂ ਸੀ ਕਿ ਰਾਹੁਲ ਦੀ ਪਤਨੀ ਦਿਵਿਆ ਨਾਲ ਨੀਨਾ ਦੀ ਮੰਮੀ ਦੀ ਬਹੁਤ ਬਣਦੀ ਸੀ। ਪਰ ਕਿਸੇ ਨਾ ਕਿਸੇ ਤਰ੍ਹਾਂ ਗੱਡੀ ਰਿੜ੍ਹ ਰਹੀ ਸੀ। ਰਾਹੁਲ ਕੋਲ ਰਹਿਣ ਦਾ ਇੱਕ ਕਾਰਨ ਇਹ ਵੀ ਸੀ ਕਿ ਰਾਹੁਲ ਆਪਣੇ ਪਰਿਵਾਰ ਨਾਲ ਉਸ ਘਰ ਵਿੱਚ ਰਹਿ ਰਿਹਾ ਸੀ ਜੋ ਨੀਨਾ ਦੇ ਸਵਰਗਵਾਸੀ ਪਿਤਾ ਦਾ ਸੀ।

ਲਗਭਗ ਦੋ ਮਹੀਨੇ ਪਹਿਲਾਂ ਮੈਂ ਨੀਨਾ ਤੋਂ ਇਹ ਗੱਲ ਸੁਣੀ ਸੀ ਕਿ ਉਸਦੀ ਮੰਮੀ ਦੀ ਰਾਹੁਲ ਅਤੇ ਦਿਵਿਆ ਨਾਲ ਨਿਭ ਨਹੀਂ ਰਹੀ ਸੀ ਅਤੇ ਉਹ ਜ਼ੋਰ ਦੇ ਰਹੇ ਹਨ ਕਿ ਨੀਨਾ ਦੀ ਮੰਮੀ ਸੁਨੀਲ ਨਾਲ ਪੱਕੇ ਤੌਰ 'ਤੇ ਰਹੇ। ਨੀਨਾ ਤੋਂ ਹੀ ਮੈਨੂੰ ਪਤਾ ਲੱਗਾ ਸੀ ਕਿ ਸ਼ਾਲਿਨੀ ਨੇ ਨੀਨਾ ਦੀ ਮੰਮੀ ਨੂੰ ਆਪਣੇ ਕੋਲ ਰੱਖਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

ਇਨ੍ਹਾਂ ਸਾਰੇ ਕਾਰਨਾਂ ਕਰਕੇ ਨੀਨਾ ਦੀ ਮੰਮੀ ਆਖਰਕਾਰ ਸਾਡੇ ਕੋਲ ਰਹਿਣ ਆ ਗਈ। ਹਾਲਾਂਕਿ ਨੀਨਾ ਨੇ ਇਹ ਫੈਸਲਾ ਲੈਣ ਤੋਂ ਪਹਿਲਾਂ ਇੱਕ ਵਾਰ ਵੀ ਮੈਨੂੰ ਇਸ ਬਾਰੇ ਪੁੱਛਣ ਦੀ ਖੇਚਲ ਨਹੀਂ ਕੀਤੀ।

ਮੈਂ ਘਰ ਪਹੁੰਚਣ ਹੀ ਵਾਲਾ ਸੀ। ਚੱਲਦੇ-ਚੱਲਦੇ ਮੈਂ ਫਿਰ ਸੋਚਾਂ ਦੇ ਸਮੁੰਦਰ ਵਿੱਚ ਗੋਤੇ ਖਾਣ ਲੱਗਾ ।

ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਨੀਨਾ ਦੀ ਮੰਮੀ ਦੇ ਆਉਣ ਨਾਲ ਸਾਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਸਾਡੇ ਕੋਲ ਏਨੀ ਥਾਂ ਹੀ ਕਿੱਥੇ ਸੀ ! ਇਸ ਤੋਂ ਇਲਾਵਾ, ਉਨ੍ਹਾਂ ਦੀਆਂ ਆਦਤਾਂ, ਖਾਣ-ਪੀਣ ਅਤੇ ਸੌਣ-ਜਾਗਣ ਆਪਣਾ ਹੀ ਸਮਾਂ ਇਨ੍ਹਾਂ ਮੁਸ਼ਕਿਲਾਂ ਨੂੰ ਹੋਰ ਵਧਾ ਦਿੰਦਾ। ਫਿਰ ਉਨ੍ਹਾਂ ਦੀ

ਟੋਕਾ-ਟਾਕੀ, ਜੋ ਸਵੇਰ ਤੋਂ ਸ਼ਾਮ ਤੱਕ ਚੱਲਦੀ ਰਹਿੰਦੀ ਸੀ, ਸੜੇ ਤੇ ਨਮਕ ਦਾ ਕੰਮ ਕਰਦੀ ਸੀ।

ਇਨ੍ਹਾਂ ਸਾਰੀਆਂ ਗੱਲਾਂ ਨਾਲ ਮੇਰਾ ਸਿਰ ਘੁੰਮਣ ਲੱਗਦਾ। ਘਰ ਦੀ ਹਾਲਤ ਬਾਰੇ ਸੋਚ ਕੇ ਮੇਰਾ ਖੂਨ ਅਕਸਰ ਉਬਾਲੇ ਖਾਣ ਲੱਗ ਪੈਂਦਾ। ਮੇਰਾ ਦਿਲ ਵਾਰ-ਵਾਰ ਨੀਨਾ ਦੀ ਮਾਂ ਨੂੰ ਚਲੇ ਜਾਣ ਲਈ ਕਹਿਣਾ ਚਾਹੁੰਦਾ ਸੀ, ਪਰ ਪਤਾ ਨਹੀਂ ਕੀ ਸੋਚ ਕੇ ਮੈਂ ਚੁੱਪ ਰਹਿੰਦਾ। ਹਾਲਾਂਕਿ ਮੈਂ ਨੀਨਾ ਨੂੰ ਇੱਕ ਜਾਂ ਦੋ ਵਾਰ ਧੀਮੀ ਆਵਾਜ਼ ਵਿੱਚ ਕਿਹਾ ਵੀ ਸੀ ਕਿ ਉਸਦੀ ਮੰਮੀ ਨੂੰ ਰੱਖਣਾ ਰਾਹੁਲ ਅਤੇ ਸੁਨੀਲ ਦੀ ਜ਼ਿੰਮੇਵਾਰੀ ਹੈ, ਸਾਡੀ ਨਹੀਂ, ਪਰ ਨੀਨਾ ਨੇ ਆਪਣੀ ਮਾਂ ਦਾ ਪੱਖ ਲੈਂਦੇ ਹੋਏ ਕਿਹਾ ਸੀ ਕਿ ਜੇਕਰ ਉਸਦੇ ਭਰਾ ਉਸਨੂੰ ਰੱਖਣ ਲਈ ਤਿਆਰ ਨਹੀਂ ਸਨ, ਤਾਂ ਕੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਸੀ?

ਜਦੋਂ ਵੀ ਮੈਂ ਨੀਨਾ ਦੀਆਂ ਗੱਲਾਂ 'ਤੇ ਇਤਰਾਜ਼ ਕਰਦਾ ਸੀ, ਤਾਂ ਉਹ ਪੁੱਛਦੀ ਸੀ ਕਿ ਕੀ ਮੈਨੂੰ ਆਪਣੀ ਮਾਂ ਨੂੰ ਘਰੋਂ ਕੱਢ ਦਿਆਂ! ਮੈਂ ਸਿਰਫ਼ ਮਨ ਮਸੋਸ ਕੇ ਚੁੱਪ ਕਰ ਜਾਂਦਾ। ਪਰ ਹੌਲੀ-ਹੌਲੀ ਮੇਰੇ ਸਬਰ ਦਾ ਪਿਆਲਾ ਛਲਕਣ ਲੱਗ ਪਿਆ ਸੀ। ਅੰਤ ਵਿੱਚ ਮੈਂ ਨੀਨਾ ਦੀ ਮੰਮੀ ਨੂੰ ਘਰੋਂ ਚਲੇ ਜਾਣ ਲਈ ਕਹਿਣ ਦਾ ਫੈਸਲਾ ਕਰ ਹੀ ਲਿਆ।

ਜਦੋਂ ਮੈਂ ਘਰ ਪਹੁੰਚਿਆ ਤਾਂ ਵੇਖਿਆ ਕਿ ਨੀਨਾ ਦੀ ਮੰਮੀ ਡਰਾਇੰਗ ਰੂਮ ਵਿੱਚ ਬੈਠੀ ਸੀ ਅਤੇ ਨੀਨਾ ਨਾਲ ਕੋਈ ਗੱਲਾਂ ਕਰ ਰਹੀ ਸੀ। ਬੱਚੇ ਵੀ ਓਥੇ ਨੇੜੇ ਹੀ ਸਨ। ਮੈਂ ਖਿਝਿਆ ਹੋਇਆ ਕਮਰੇ ਵਿੱਚ ਦਾਖਲ ਹੋਇਆ ਅਤੇ ਬ੍ਰੀਫਕੇਸ ਨੂੰ ਥਾਂ ਸਿਰ ਰੱਖ ਕੇ ਬਾਥਰੂਮ ਵੱਲ ਚਲਾ ਗਿਆ। ਮੈਂ ਫੈਸਲਾ ਕਰ ਲਿਆ ਸੀ ਕਿ ਬਾਥਰੂਮ ਤੋਂ ਬਾਹਰ ਨਿਕਲਦੇ ਹੀ ਸਭ ਤੋਂ ਪਹਿਲਾਂ ਨੀਨਾ ਦੀ ਮੰਮੀ ਨੂੰ ਸਾਫ਼-ਸਾਫ਼ ਕਹਿ ਦਿਆਂਗਾ ਕਿ ਉਨ੍ਹਾਂ ਨੂੰ ਰਾਹੁਲ ਦੇ ਘਰ ਚਲੇ ਜਾਣਾ ਚਾਹੀਦਾ ਹੈ। ਅਸੀਂ ਉਨ੍ਹਾਂ ਨੂੰ ਹੋਰ ਜ਼ਿਆਦਾ ਆਪਣੇ ਕੋਲ ਨਹੀਂ ਰੱਖ ਸਕਦੇ।

ਮੈਨੂੰ ਆਪਣੇ ਬਿਆਨ ਦੇ ਨਤੀਜਿਆਂ ਦਾ ਚੰਗੀ ਤਰ੍ਹਾਂ ਪਤਾ ਸੀ। ਮੇਰੀ ਗੱਲ ਸੁਣ ਕੇ ਨੀਨਾ ਦੀ ਮੰਮੀ ਤਾਂ ਗੁੱਸੇ ਹੋਵੇਗੀ ਹੀ, ਨੀਨਾ ਦਾ ਪਾਰਾ ਵੀ ਸੱਤਵੇਂ ਆਕਾਸ਼ ਤੇ ਚੜ੍ਹ ਜਾਵੇਗਾ। ਪਰ ਦਿਨੋਂ-ਦਿਨ ਮੁਸ਼ਕਲ ਹੁੰਦੀ ਜਾ ਰਹੀ ਇਸ ਸਥਿਤੀ ਤੋਂ ਨਿਕਲਣ ਦਾ ਬਸ ਇਹੋ ਤਰੀਕਾ ਮੈਨੂੰ ਨਜ਼ਰ ਆ ਰਿਹਾ ਸੀ। ਦੁਬਿਧਾ ਦੇ ਚੱਕਰ ਵਿੱਚੋਂ ਮੈਂ ਹੁਣ ਬਾਹਰ ਆ ਗਿਆ ਸਾਂ। ਨੀਨਾ ਦੀ ਮੰਮੀ ਨੂੰ ਆਪਣੀ ਗੱਲ ਕਹਿ ਸਕਣ ਦੀ ਹਿੰਮਤ ਆਪਣੇ ਅੰਦਰ ਮਹਿਸੂਸ ਕਰ ਰਿਹਾ ਸਾਂ।

ਜਿਵੇਂ ਹੀ ਮੈਂ ਬਾਥਰੂਮ ਤੋਂ ਬਾਹਰ ਨਿਕਲ ਕੇ ਡਰਾਇੰਗ ਰੂਮ ਵਿੱਚ ਗਿਆ, ਮੈਨੂੰ ਨੀਨਾ ਦਾ ਉੱਚੀ ਹਾਸਾ ਸੁਣਾਈ ਦਿੱਤਾ। ਮੈਨੂੰ ਕੁਝ ਅਜੀਬ ਜਿਹਾ ਮਹਿਸੂਸ ਹੋਇਆ। ਮੇਰੇ ਕਦਮ ਓਥੇ ਹੀ ਰੁਕ ਗਏ। ਫਿਰ ਮੈਨੂੰ ਖਿਆਲ ਆਇਆ ਕਿ ਮੈਂ ਨੀਨਾ ਦਾ ਹਾਸਾ ਬਹੁਤ ਸਮੇਂ ਬਾਅਦ ਸੁਣਿਆ ਸੀ। ਘਰ-ਗ੍ਰਿਹਸਥੀ ਦੀ ਗੱਡੀ ਖਿੱਚਦੇ-ਖਿਚਦੇ ਸਾਡੇ ਰਿਸ਼ਤਿਆਂ ਵਿੱਚ ਅਜਿਹੀਆਂ ਕੁੜੱਤਣਾਂ ਭਰ ਗਈਆਂ ਸਨ ਕਿ ਅਸੀਂ ਸਿਰਫ਼ ਲੋੜ ਪੈਣ 'ਤੇ ਹੀ ਇੱਕ-ਦੂਜੇ ਨਾਲ ਗੱਲ ਕਰਦੇ ਸਾਂ। ਪਿਛਲੇ ਕੁਝ ਸਾਲਾਂ ਵਿੱਚ ਮੈਂ ਨੀਨਾ ਦਾ ਗੰਭੀਰ, ਗੁੱਸੇ ਵਾਲਾ ਅਤੇ ਤਣਾਅ ਭਰਿਆ ਚਿਹਰਾ ਹੀ ਵੇਖਿਆ ਸੀ। ਵਿਆਹ ਤੋਂ ਬਾਅਦ ਕਈ ਸਾਲਾਂ ਤੱਕ ਮੈਂ ਉਸਦੇ ਹਾਸੇ ਅਤੇ ਮੁਸਕਰਾਹਟਾਂ ਤੇ ਮੋਹਿਤ ਰਿਹਾ ਸਾਂ। ਉਸਦਾ ਹਾਸਾ ਅੰਦਰੋਂ ਉੱਠਦਾ ਤਾਂ ਮੈਨੂੰ ਇੱਕ ਅਜੀਬ ਜਿਹਾ ਸਕੂਨ ਮਿਲਦਾ ਸੀ, ਪਰ ਹੁਣ ਉਹ ਮੁਸਕਰਾਹਟ ਅਤੇ ਹਾਸਾ ਪਤਾ ਨਹੀਂ ਕਿਹੜੀ ਦੁਨੀਆਂ ਵਿੱਚ ਅਲੋਪ ਹੋ ਗਏ ਸਨ। ਹੁਣ ਤਾਂ ਜ਼ਿੰਦਗੀ ਜਿਵੇਂ ਜ਼ਹਿਰ ਨਾਲ ਭਰਿਆ ਇੱਕ ਪਿਆਲਾ ਬਣ ਗਈ ਸੀ ਜਿਸਨੂੰ ਦਿਨ-ਰਾਤ ਪੀਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।

ਨੀਨਾ ਦੇ ਹਾਸੇ ਤੋਂ ਹੈਰਾਨ ਹੋ ਕੇ ਮੈਂ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕਰਨ ਲੱਗਿਆ। ਨੀਨਾ ਦੀ ਮੰਮੀ ਕੋਈ ਮਜ਼ੇਦਾਰ ਕਹਾਣੀ ਸੁਣਾ ਰਹੀ ਸੀ ਜਿਸਨੂੰ ਸੁਣ ਕੇ ਨੀਨਾ ਖਿੜਖਿੜਾ ਰਹੀ ਸੀ। ਬੱਚੇ ਵੀ ਆਪਣੀ ਨਾਨੀ ਦੀਆਂ ਗੱਲਾਂ 'ਤੇ ਖੂਬ ਹੱਸ ਰਹੇ ਸਨ।

ਮੇਰੇ ਮਨ ਦਾ ਸਾਰਾ ਗੁੱਸਾ ਪਤਾ ਨਹੀਂ ਕਿੱਥੇ ਗਾਇਬ ਹੋ ਗਿਆ। ਜੇਕਰ ਨੀਨਾ ਦੀ ਮੰਮੀ ਨਾਲ ਇਸ ਘਰ ਵਿੱਚ ਹਾਸਾ ਵਾਪਸ ਆਇਆ ਹੈ ਤਾਂ ਉਨ੍ਹਾਂ ਦਾ ਸਾਡੇ ਨਾਲ ਰਹਿਣਾ ਹੀ ਠੀਕ ਹੈ। ਅਸੀਂ ਅਗਲਾ ਸਮਾਂ ਵੀ ਉਸੇ ਤਰ੍ਹਾਂ ਕੱਟ ਲਵਾਂਗੇ, ਜਿਵੇਂ ਪਿਛਲਾ ਇੱਕ ਮਹੀਨਾ ਬਿਤਾਇਆ ਹੈ। ਜੋੜ-ਤੋੜ ਕਰਕੇ ਮੈਂ ਆਪਣੇ ਲਈ ਇੱਕ ਦੀਵਾਨ ਖਰੀਦ ਲਵਾਂਗਾ ਤਾਂ ਜੋ ਮੈਨੂੰ ਰਾਤ ਨੂੰ ਫਰਸ਼ 'ਤੇ ਨਾ ਸੌਣਾ ਪਵੇ।

ਇਹ ਸਭ ਸੋਚਦਿਆਂ ਮੈਂ ਡਰਾਇੰਗ ਰੂਮ ਵੱਲ ਵਧਿਆ ਅਤੇ ਸੋਫੇ 'ਤੇ ਬੈਠਦਿਆਂ ਹੀ ਨੀਨਾ ਨੂੰ ਖੁਸ਼ੀ-ਭਰੀ ਆਵਾਜ਼ ਵਿੱਚ ਕਿਹਾ, "ਇੱਕ ਕੱਪ ਗਰਮਾ-ਗਰਮ ਚਾਹ ਹੋ ਜਾਏ ਝੱਟਪੱਟ। ਜੇ ਪਕੌੜੇ ਵੀ ਮਿਲ ਜਾਣ ਤਾਂ ਕਿਆ ਬਾਤ ਹੈ!"

***

ਮੂਲ : ਹਰੀਸ਼ ਕੁਮਾਰ 'ਅਮਿਤ', ਗੁਰੂਗ੍ਰਾਮ-122011 (ਹਰਿਆਣਾ) 98992 21107.

ਅਨੁ : ਪ੍ਰੋ. ਨਵ ਸੰਗੀਤ ਸਿੰਘ, # 1, ਲਤਾ ਗਰੀਨ ਐਨਕਲੇਵ, ਪਟਿਆਲਾ-147002 (94176 92015)

# ਸੁਖਮਿੰਦਰ ਸੇਖੋਂ ਦੀਆਂ ਚਾਰ ਮਿੰਨੀ ਕਹਾਣੀਆਂ

ਸੁਖਮਿੰਦਰ ਸੇਖੋਂ
98145-07693

## ਸਾਡੇ ਬੱਚੇ

ਰਮਨਦੀਪ ਜਦੋਂ ਐਤਵਾਰ ਨੂੰ ਫਰਿੱਜ ਸਾਫ ਕਰਨ ਲੱਗੀ ਤਾਂ ਪਿਛਲੇ ਪਾਸੇ ਉਸਦਾ ਹੱਥ ਇੱਕ ਡੱਬੇ 'ਤੇ ਜਾ ਪਿਆ। ਦੇਖਿਆ ਤਾਂ ਉਸ ਵਿੱਚ ਗੁਲਾਬ ਜਾਮਣ ਸਨ, ਹੈਂਅ ! ਐਨੀ ਦੇਰ ਦੇ ਪਏ ਨੇ-- ? ਉਸ ਸੁੰਘਕੇ ਦੇਖਿਆ, ਖਰਾਬ ਹੋ ਗਏ ਲੱਗਦੇ ਨੇ ਬਿੰਦੂ ਨੂੰ ਕਹਿਕੇ ਬਾਹਰ ਸੁੱਟਵਾਉਣੀ ਆਂ।-- ਉੱਲੀ ਜਿਹੀ ਵੀ ਲੱਗੀ ਲੱਗਦੀ ਐ !

ਰਮਨਦੀਪ ਨੇ ਭਾਂਡੇ ਮਾਂਜਦੀ ਬਿੰਦੂ ਨੂੰ ਹਦਾਇਤ ਕੀਤੀ, ਐਂ ਕਰੀਂ ਜਾਂਦੀ ਹੋਈ ਇਹ ਡੱਬਾ ਬਾਹਰ ਸੁੱਟ ਦੇਵੀਂ-- ?

ਕੰਮ ਤੋਂ ਵੇਹਲੀ ਹੁੰਦਿਆਂ ਹੀ ਬਿੰਦੂ ਡੱਬਾ ਲੈ ਕੇ ਚਲੀ ਗਈ।

ਜਦੋਂ ਦੂਸਰੇ ਦਿਨ ਬਿੰਦੂ ਕੰਮ 'ਤੇ ਆਈ ਤਾਂ ਰਮਨ ਨੇ ਸਰਸਰੀ ਹੀ ਪੁੱਛ ਲਿਆ, ਬਿੰਦੂ ! ਕੱਲ੍ਹ ਡੱਬਾ ਬਾਹਰ ਸੁੱਟ ਦਿੱਤਾ ਸੀ ਨਾ-- ?

-ਹਾਂ--ਹਾਂ--ਆਂ--ਨਹੀਂ--ਨਹੀਂ ਆਂਟੀ ਜੀ ਉਹ ਤਾਂ ਮੈਂ ਆਪਨੇ ਘਰ ਲੈ ਗਈ ਸੀ--ਬੱਚਿਆਂ ਨੇ ਬੌਤ ਸਵਾਦ ਲੈ ਲੈ ਖਾਧੇ !

-ਬਿੰਦੂ ਤੂੰ ਐਹ ਕੀ ਕੀਤਾ-- ? ਜੇ ਬੱਚੇ ਬੀਮਾਰ ਹੋ ਗਏ ਤਾਂ--- ? ਰਮਨ ਨੇ ਚਿੰਤਾ ਜ਼ਾਹਿਰ ਕੀਤੀ।

ਤਾਂ ਇਸ ਦੇ ਇਵਜ਼ ਬਿੰਦੂ ਇਕਦਮ ਬੋਲ ਉਠੀ, ਸਾਡੇ ਬੱਚੇ ਕਿਸੇ ਖਾਣ-ਪੀਣ ਵਾਲੀ ਚੀਜ਼ ਨਾਲ ਬਿਮਾਰ ਨੀਂ ਹੁੰਦੇ ਆਂਟੀ ਜੀ !

***

## ਤਿਆ.ਗ

ਪੜ੍ਹ ਲਿਖਕੇ ਵੀ ਰੁਪਿੰਦਰ ਨੂੰ ਨੌਕਰੀ ਨਹੀਂ ਸੀ ਮਿਲ ਰਹੀ। ਉਹ ਬਹੁਤ ਹੀ ਘੱਟ ਤਨਖਾਹ 'ਤੇ ਇੱਕ ਪ੍ਰਾਈਵੇਟ ਫਰਮ ਵਿੱਚ ਨੌਕਰੀ ਕਰਨ ਲੱਗਾ ਸੀ। ਉਸਦੀ ਮਾਂ ਏਨੇ ਨਾਲ ਹੀ ਖੁਸ਼ ਹੋਣ ਲੱਗੀ, ਰੂਪੀ ਪੁੱਤ ! ਨਾਂਹ ਨਾ ਕਰੀਂ ਹੁਣ ਮੈਂ ਤੇਰਾ ਜਲਦੀ ਹੀ ਵਿਆਹ ਕਰ ਦੇਣੈ ! ਗ਼ਰੀਬ ਤੇ ਬੀਮਾਰ ਮਾਂ ਨੂੰ ਉਹ ਹਮੇਸ਼ਾ ਟਾਲਦਾ ਆਇਆ ਸੀ। ਪਰ ਅਖੀਰ ਉਸ ਹਾਂਅ ਕਰ ਹੀ ਦਿੱਤੀ। ਮਾਂ ਨੇ ਉਸਦਾ ਸਿਰ ਪਲੋਸਦਿਆਂ ਆਸ਼ੀਰਵਾਦ ਦਿੱਤਾ।

-ਪਰ ਮੇਰੀ ਵੀ ਇੱਕ ਸ਼ਰਤ ਐ-- ?

-ਮੈਨੂੰ ਤੇਰੀਆਂ ਸਾਰੀਆਂ ਸ਼ਰਤਾਂ ਮਨਜ਼ੂਰ ! ਇੱਕ ਮਾਂ ਬੇਪ੍ਰਵਾਹੀ ਨਾਲ ਬੋਲ ਉਠੀ। -ਮੈਨੂੰ ਤੇਰੇ ਘਰ ਦਾ ਤਿਆਗ ਕਰਨਾ ਪਊ-- ? ਰੁਪਿੰਦਰ ਨੇ ਇੱਕ ਸਵਾਲ ਖੜ੍ਹਾ ਕਰ ਦਿੱਤਾ।

ਪੁੱਤ ! ਬੁੱਝਤੀਆਂ ਬੁਝਾਰਤਾਂ ਨਾ ਪਾ--ਸਿੱਧੀ ਗੱਲ ਕਰ !

-ਦਰਅਸਲ ਮਾਂ, ਅਨੁਪਮਾ ਦੇ ਪੇਰੈਂਟਸ ਨੇ ਉਸ ਨਾਲ ਮੈਰਿਜ ਕਰਵਾਉਣ ਦੀ ਇਸ ਸ਼ਰਤ 'ਤੇ ਇਜ਼ਾਜਤ ਦਿੱਤੀ ਐ ਕਿ ਮੈਨੂੰ ਉਨ੍ਹਾਂ ਦਾ ਘਰ ਜਵਾਈ ਬਣਕੇ ਰਹਿਣਾ ਪਵੇਗਾ-- ?

ਹੁਣ ਇੱਕ ਵਿਧਵਾ ਇਸ ਡਾਹਢੇ ਹੀ ਔਖੇ ਸਵਾਲ ਦਾ ਕੀ ਉਤਰ ਦਿੰਦੀ ! ਅਖੀਰ ਉਹ ਏਨਾ ਕਹਿਕੇ ਇਕਦਮ ਚੁੱਪ ਕਰ ਗਈ, ਤੇਰੀ ਖੁਸ਼ੀ 'ਚ ਈ ਮੇਰੀ ਖੁਸ਼ੀ ਐ-- ?

***

## ਕਿਰਸਾਨ ਦੀ ਮੌਤ

ਵੰਡ ਤੋਂ ਬਾਅਦ ਉਸਦੇ ਹਿੱਸੇ ਬਹੁਤ ਥੋੜੀ ਜ਼ਮੀਨ ਆਈ ਸੀ। ਬੇਸ਼ਕ ਉਹ ਗੱਡਵੀਂ ਮਿਹਨਤ ਕਰਦਾ ਪਰ ਇਸਦੇ ਬਾਵਜੂਦ ਖਰਚੇ ਪੂਰੇ ਨਾ ਹੁੰਦੇ। ਘੱਟ ਪੜ੍ਹਿਆ-ਲਿਖਿਆ ਹੋਣ ਕਰਕੇ ਨੌਕਰੀ ਵੀ ਸੰਭਵ ਨਹੀਂ ਸੀ। ਹੋਰਨਾਂ ਵਾਂਗ ਉਸਦਾ ਵੀ ਚਿੱਤ ਕਰਦਾ ਕਿ ਉਹ ਕਿਸੇ ਬਾਹਰਲੇ ਮੁਲਕ ਉਡਾਰੀ ਮਾਰ ਜਾਵੇ ਤੇ ਆਪਣੀਆਂ ਮੁਸ਼ਕਿਲਾਂ ਤੇ ਦੁਸ਼ਵਾਰੀਆਂ ਦਾ ਅੰਤ ਕਰ ਦੇਵੇ। ਪਰ ਢੇਰ ਸਾਰਾ ਰੁਪੱਈਆ ਕਿੱਥੋਂ ਆਉਂਦਾ ! ਜ਼ਮੀਨ ਤੇ ਕਰਜ਼ਾ ਲੈਣਾ ਜਾਂ ਜ਼ਮੀਨ ਹੀ ਵੇਚ ਦੇਣ ਦੇ ਖਿਆਲ ਨੂੰ ਵੀ ਉਸ ਮੂਲੋਂ ਹੀ ਤਿਆਗਣਾ ਪਿਆ। ਦਿਨ ਰਾਤ ਚਿੰਤਾ ਰਹਿੰਦੀ ਤੇ ਸੁਪਨੇ ਵੀ ਸੁਖਾਂਵੇਂ ਨਾ ਆਉਂਦੇ। ਕਦੇ-ਕਦੇ ਤਾਂ ਉਹ ਆਤਮ-ਹੱਤਿਆ ਕਰਨ ਦੀ ਹੱਦ ਤੱਕ ਵੀ ਚਲਾ ਜਾਂਦਾ !

-ਲਾਹਨਤ ਐ ਅਜਿਹੀ ਨਰਕੀ ਜ਼ਿੰਦਗੀ ਤੋਂ ! ਉਸਦੇ ਮਨ ਆਉਂਦਾ ਕਿ ਉਹ ਰੇਲਗੱਡੀ ਥੱਲੇ ਆਪਣਾ ਸਿਰ ਦੇ ਦੇਵੇ ! ਜਾਂ ਗਲ ਸਾਫਾ ਦੇ ਕੇ ਪੱਖੇ ਨਾਲ ਲਟਕ ਜਾਵੇ ! ਜਾਂ ਕੀੜੇ ਮਾਰ ਦਵਾਈ--- ?

-ਨਹੀਂ ! ਉਸਨੂੰ ਆਪਣੇ ਪਰਿਵਾਰ ਦਾ ਖਿਆਲ ਆਉਂਦਾ--ਆਤਮ ਹੱਤਿਆ ਕਿਉਂ ਕਰੇ ! ਕੀ ਉਹ ਏਡਾ ਹੀ ਬੁਜ਼ਦਿਲ !

ਇੱਕ ਰੋਜ਼ ਉਹ ਉਧੇੜਬੁਣ ਤੋਂ ਬਾਹਰ ਆਇਆ ਤੇ ਆਪਣਾ ਪੁਰਾਣਾ ਜਿਹਾ ਸਕੂਟਰ ਨੇੜਲੇ ਸ਼ਹਿਰ ਨੂੰ ਪਾ ਲਿਆ।

ਸਕੂਟਰ ਇੱਕ ਜਾਣੂੰ ਦੇ ਖੜ੍ਹਾ ਕੀਤਾ ਤੇ ਲੇਬਰ ਚੌਂਕ ਵਿੱਚ ਜਾ ਖੜ੍ਹਾ ਹੋਇਆ ਤੇ ਉਸਦੀਆਂ ਅੱਖਾਂ ਕਿਸੇ ਮਿਹਰਬਾਨ ਦੀ ਉਡੀਕ ਕਰਨ ਲੱਗੀਆਂ।

***

## ਰਾਜ਼

ਲਾਸ਼ਾਂ ਨੂੰ ਸ਼ਮਸ਼ਾਨ ਘਾਟ ਲਿਜਾਇਆ ਜਾ ਰਿਹਾ ਸੀ।

ਦਰਅਸਲ ਇਸ ਬਸਤੀ ਦੇ ਕਿੰਨੇ ਹੀ ਲੋਕ ਮਾਰੇ ਜਾ ਚੁੱਕੇ ਸਨ।

–ਪਰ ਇਹ ਲੋਕ ਕੌਣ ਸਨ? ਭੀੜ ਵਿੱਚੋਂ ਕਈ ਆਵਾਜ਼ਾਂ ਉਭਰਦੀਆਂ ਹਨ।

–ਇਹ ਲੋਕ ਰੋਜ਼ਗਾਰ ਦੀ ਭਾਲ ਵਿੱਚ ਏਧਰ ਆਏ ਸਨ। ਐਥੇ ਈ ਇਨ੍ਹਾਂ ਨੇ ਝੁੱਗੀਆਂ–ਝੋਪੜੀਆਂ ਪਾ ਲਈਆਂ ਤੇ ਇਹ ਲੋਕ ਐਥੋਂ ਦੇ ਹੀ ਵਾਸੀ ਹੋ ਗਏ।' ਹੋਰਨਾਂ ਦੀ ਦਲੀਲ ਸੀ।

–ਪਰ ਇਹ ਇੰਨੀ ਵੱਡੀ ਤਾਦਾਦ ਵਿੱਚ ਮਾਰੇ ਕਿਵੇਂ ਗਏ? 'ਇੱਕ ਸਵਾਲ ਭੀੜ ਵਿੱਚੋਂ ਹੋਰ ਉਭਰਿਆ।

–ਇਨ੍ਹਾਂ ਸ਼ਰਾਬ ਪੀਤੀ ਹੋਈ ਸੀ,ਕੱਚੀ ਪਿੱਲੀ ਸ਼ਰਾਬ। ਹੋ ਸਕਦੈ ਸ਼ਰਾਬ ਜ਼ਹਿਰੀਲੀ ਹੋਵੇ ਤੇ ਇਹ ਲੋਕ ਉਸ ਦੀ ਭੇਟ ਚੜ੍ਹ ਗਏ ਹੋਣ!' ਕੁਝ ਹੋਰ ਜਣਿਆਂ ਖ਼ਦਸ਼ਾ ਜ਼ਾਹਿਰ ਕੀਤਾ।

–ਪਰ ਇਨ੍ਹਾਂ ਲੋਕਾਂ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਇਹ ਕੱਚੀ ਪਿੱਲੀ ਸ਼ਰਾਬ ਸਪਲਾਈ ਕੌਣ ਕਰਦਾ ਸੀ?

ਭੀੜ ਵਿੱਚੋਂ ਹੀ ਕੁਝ ਬੰਦਿਆਂ ਨੇ ਮਸਲੇ ਦੀ ਤਹਿ ਤੱਕ ਜਾਣਾ ਚਾਹਿਆ।

–ਤੁਸੀਂ ਇਹ ਸਵਾਲ ਨਾ ਹੀ ਕਰੋ ਤਾਂ ਬੇਹਤਰ ਰਹੇਗਾ! ਕਿਉਂਕਿ ਇਹ ਧੰਦਾ ਇੱਕ ਫ਼ਰਜ਼ੀ ਠੇਕੇਦਾਰ ਵੱਲੋਂ ਚਲਾਇਆ ਜਾਂਦਾ ਹੈ, ਜਿਸ ਨੂੰ ਐਥੋਂ ਦੇ ਇੱਕ ਸਥਾਨਕ ਨੇਤਾ ਤੇ ਪੁਲੀਸ ਦੀ ਸਰਪ੍ਰਸਤੀ ਹਾਸਲ ਹੈ!

'ਸਿਆਣੇ ਬੰਦਿਆਂ' ਨੇ ਆਖਰ ਇਸ 'ਰਾਜ਼' ਦੀ ਥਾਹ ਪਾ ਹੀ ਲਈ ਸੀ।

–ਖ਼ਾਮੋਸ਼! ਉਹ ਸਾਹਮਣੇ ਦੇਖੋ, ਸ਼ਰਾਬ ਦਾ ਠੇਕੇਦਾਰ, ਸਥਾਨਕ ਨੇਤਾ ਤੇ ਪੁਲੀਸ ਵਾਲਾ ਆ ਰਹੇ ਹਨ,ਜੋ ਇਨ੍ਹਾਂ ਮੌਤਾਂ 'ਤੇ ਮਗਰਮੱਛ ਦੇ ਅੱਥਰੂ ਕੇਰਨਗੇ ਤੇ ਇਨ੍ਹਾਂ ਲਾਸ਼ਾਂ ਦੇ ਵਾਰਸਾਂ ਨੂੰ ਕੋਈ ਕੰਮ ਧੰਦਾ ਜਾਂ ਪੈਸਾ ਧੇਲਾ ਦੇਣ ਦਾ ਭਰੋਸਾ ਦੇਣਗੇ!

ਅਤੇ ਇਵੇਂ ਸਾਰਾ ਕੁਝ ਦੇਖਦਿਆਂ, ਸੁਣਦਿਆਂ ਤੇ ਜਾਣਦਿਆਂ ਵੀ ਇਹ 'ਰਾਜ਼' ਹਮੇਸ਼ਾਂ ਲਈ ਇੱਕ 'ਰਾਜ਼' ਹੀ ਬਣਿਆ ਰਹੇਗਾ!

# ਬਹਾਰਾਂ ਆਉਣੀਆਂ ਮੁੜਕੇ



**ਡਾ. ਸੁਹਿੰਦਰ ਬੀਰ**

ਬਹਾਰਾਂ ਆਉਣੀਆਂ ਮੁੜਕੇ, ਉਡੀਕਾਂ ਪਾਸ ਤੂੰ ਰੱਖੀਂ।
ਬਦਲਦੀ ਹਰ ਘੜੀ ਪਲ ਨੂੰ, ਕਲੇਜੇ ਆਸ ਤੂੰ ਰੱਖੀਂ।

ਸਮੁੰਦਰ ਸ਼ੂਕਦਾ ਸੀ ਜਿਸ ਜਗ੍ਹਾ ਪਰਬਤ ਨਜ਼ਰ ਆਉਂਦੇ,
ਤੇਰੇ ਥਲ ਨੇ ਸਮੁੰਦਰ ਹੋਵਣਾ ਵਿਸ਼ਵਾਸ ਤੂੰ ਰੱਖੀ।

ਜ਼ਮਾਨਾ ਇਸ ਤਰ੍ਹਾਂ ਦਾ ਹੈ ਚੁਫੇਰੇ ਦਿਸ ਰਹੇ ਰਾਖ਼ਸ਼,
ਭਲੇ ਮਾਨਵ ਦਾ ਅਪਣੇ ਜਿਗਰ ਵਿਚ ਅਹਿਸਾਸ ਤੂੰ ਰੱਖੀਂ।

ਇਹ ਉਡਦੀ ਮਹਿਕ ਫੁੱਲਾਂ ਦੀ, ਜਿਵੇਂ ਮਦਹੋਸ਼ ਕਰ ਦੇਵੇ,
ਗਲੀ ਵਿਚ ਕੱਖ ਜਿਹਾ ਹੋ ਕੇ, ਵੀ ਦਰਜਾ ਖ਼ਾਸ ਤੂੰ ਰੱਖੀਂ।

ਤੂੰ ਅਪਣੀ ਸੋਚ ਵਿਚ ਉਪਰਾਮਤਾ ਦਾ ਰਾਗ ਨਾ ਛੇੜੀਂ,
ਉਡਾਰੀ ਅੰਬਰਾਂ ਤਕ ਲਾਉਣ ਦਾ ਧਰਵਾਸ ਤੂੰ ਰੱਖੀਂ।

ਕਮਾਈ ਆਪਣੇ ਕਰਮਾਂ ਤੇ ਧਰਮਾਂ ਤੋਂ ਕਮਾਉਣੀ ਹੈ,
ਤਿਹਾਏ ਪੰਛੀਆਂ ਲਈ ਰੂਹ ਦੇ ਵਿਚ ਅਰਦਾਸ ਤੂੰ ਰੱਖੀਂ।

# ਰਾਜਪਿੰਦਰ ਕੌਰ ਹੂੰਜਨ ਦੀਆਂ ਦੋ ਕਵਿਤਾਵਾਂ



## ਮਾਂ

ਸਾਦਗੀ ਦੀ ਸੂਰਤ
ਮਮਤਾ ਦੀ ਮੂਰਤ
ਉਹ ਹੈ ਇਸ ਦੁਨੀਆ ਤੋਂ ਵਿਲੱਖਣ
ਆਮ ਔਰਤਾਂ ਵਰਗੇ ਨਾ ਕੋਈ ਲੱਛਣ ।
ਉਹ ਤਾਂ ਬਸ ਪੈਦਾ ਹੋਈ ਸੀ
ਭਗਤੀ ਦੀ ਰਾਹ ਤੇ ਚੱਲਣ ਲਈ
ਪਰ ਭਗਤਾਂ ਨੂੰ ਕੌਣ ਪਛਾਣ ਸਕਿਆ ?
ਭਗਤੀ ਦੀ ਰਮਜ਼ ਕੌਣ ਜਾਣ ਸਕਿਆ ?
ਧੀਆਂ ਨੂੰ ਆਪਣੇ ਕੋਲ ਕੌਣ ਰੱਖ ਸਕਿਆ ?
ਮੇਰੇ ਨਾਨਾ-ਨਾਨੀ ਨੇ ਆਪਣਾ ਫਰਜ਼ ਨਿਭਾ ਦਿੱਤਾ
ਮੇਰੀ ਮਾਂ ਨੂੰ ਵਿਆਹ ਕੇ ਤੋਰ ਦਿੱਤਾ
ਅਫਰੀਕਾ ਦੀ ਪੜੀ-ਲਿਖੀ ਨੂੰ
ਪਿੰਡ ਵਿੱਚ ਵਿਆਹ ਕੇ ਤੋਰ ਦਿੱਤਾ।
ਭੋਲੀ- ਭਾਲੀ ਮਾਂ ਮੇਰੀ
ਮਾਪਿਆਂ ਦੇ ਹੁਕਮ ਨੂੰ ਮੰਨ
ਸਹੁਰੇ ਘਰ ਦੇ ਫ਼ਰਜ਼ ਨਿਭਾਉਣ ਲੱਗੀ
ਭਗਤੀ ਛੱਡ ਗ੍ਰਹਿਸਥੀ ਅਪਨਾਉਣ ਲੱਗੀ।
ਆਪਣੇ ਘਰ ਪਰਿਵਾਰ ਤੇ ਬੱਚਿਆਂ ਲਈ
ਜੀਵਨ ਆਪਣਾ ਜਿਊਣ ਲੱਗੀ
ਰੱਬੀ ਹੁਕਮ ਸਮਝ ਬੱਚਿਆਂ ਪ੍ਰਤੀ ਫਰਜ਼
ਬਾਖੂਬੀ ਨਿਭਾਉਣ ਲੱਗੀ।
ਬੱਚਿਆਂ ਦੇ ਪਾਲਣ ਪੋਸ਼ਣ ਦੇ ਫਰਜ਼ ਪੂਰੇ ਕਰਦੇ ਹੀ
ਫੇਰ ਭਗਤੀ ਦੀ ਭਾਵਨਾ ਜਾਗ ਉੱਠੀ
ਮਾਂ ਮੇਰੀ ਆਪਣਾ ਅਸਲੀ ਫ਼ਰਜ਼ ਨਿਭਾਉਣ ਲੱਗੀ।
ਸਾਨੂੰ ਬੱਚਿਆਂ ਨੂੰ ਹੋਰ ਮਾਵਾਂ ਵੱਲ ਵੇਖ
ਅਕਸਰ ਇਹ ਸ਼ਿਕਾਇਤ ਹੁੰਦੀ
ਮਾਂ ਸਾਡੀ ਮਹਿੰਗੇ ਸੂਟ ਪਾ ਕੇ
ਗਹਿਣੇ ਗੱਟੇ ਪਾ ਕੇ
ਕਦੀ ਨਹੀਂ ਤਿਆਰ ਹੁੰਦੀ ।
ਸਾਨੂੰ ਇਹ ਸਮਝ ਹੀ ਨਹੀਂ ਆਉਂਦੀ
ਜਿਸਨੂੰ ਨਾਮ ਦੀ ਖੁਮਾਰੀ ਚੜ੍ਹੀ ਰਹਿੰਦੀ
ਉਹ ਝੂਠੇ ਹਾਰ- ਸ਼ਿੰਗਾਰ ਕਿਵੇਂ ਕਰ ਲੈਂਦੀ ?
ਹੁਣ ਬਜ਼ੁਰਗ ਦੁਬਲੀ- ਪਤਲੀ ਮਾਂ ਮੇਰੀ
ਹਾਲੇ ਵੀ ਅਲੌਕਿਕ ਕੀਰਤਨ ਕਰੀ ਜਾਂਦੀ ।
ਗੱਲਾਂ ਗੁਰਬਾਣੀ ਦੀਆਂ ਅਨੋਖੀਆਂ
ਵਾਰ-ਵਾਰ ਦੁਹਰਾਈ ਜਾਂਦੀ।
ਨਾਮ ਜਪੋ ਤੇ ਜਪਾਉ
ਇਹ ਗੁਰਮੰਤਰ ਸਾਨੂੰ ਦੇਈ ਜਾਂਦੀ
ਸੱਚ ਤੇ ਸਬਰ ਦਾ ਸਬਕ
ਸਾਨੂੰ ਹਮੇਸ਼ਾ ਪੜ੍ਹਾਈ ਜਾਂਦੀ ।
ਰੱਬ ਵਰਗੀ ਮਾਂ ਨੂੰ
ਰੱਬ ਆਪੇ ਹੀ ਤੰਦਰੁਸਤ ਰੱਖੇ !
ਰੱਬ ਆਪੇ ਹੀ ਤੰਦਰੁਸਤ ਰੱਖੇ !

## ਗੱਲ

ਗੱਲ ਉਹਦੇ ਨਾਲ ਕਰੀਏ ਜਿਸਨੂੰ ਗੱਲ ਕਰਨ ਦਾ ਵੱਲ ਹੋਵੇ
ਗੱਲ ਉਹਦੇ ਨਾਲ ਕਿਉਂ ਕਰੀਏ ਜਿਹਦੇ ਅੰਦਰ ਭਰਿਆ ਛੱਲ ਹੋਵੇ।
ਗੱਲਾਂ-ਗੱਲਾਂ ਵਿੱਚ ਗੱਲਾਂ ਤਾਂ ਬਹੁਤ ਹੋ ਜਾਂਦੀਆਂ
ਗੱਲ ਤਾਂ ਕਰੀਏ ਜੇ ਨਿਕਲਦਾ ਕੋਈ ਹੱਲ ਹੋਵੇ।
ਮੂੰਹ 'ਚੋਂ ਨਿਕਲੀ ਗੱਲ ਜਾਂਦੀ ਬੜੀ ਦੂਰ-ਦੂਰ ਤੱਕ
ਜਾਂਦੀ-ਜਾਂਦੀ ਗੱਲ ਦੇ ਪੁਆੜੇ ਗੱਲ ਪੈ ਜਾਂਦੇ
ਨਿੱਕੀ ਜਿਹੀ ਗੱਲ ਦੇ ਨਾਲ ਮਿਰਚ ਮਸਾਲੇ ਕਈ ਲੱਗ ਜਾਂਦੇ
ਹੁਣ ਤੁਸੀਂ ਆਪ ਹੀ ਦੱਸੋ
ਕਿ ਗੱਲ ਕਰੀਏ ਤਾਂ ਕੀ ਕਰੀਏ
ਗੱਲ ਕਰੀਏ ਤਾਂ ਕੀ ਕਰੀਏ

# ਪੰਜਾਬੀ ਅਤੇ ਸੰਸਕ੍ਰਿਤ-2



**ਨਾਜਰ ਸਿੰਘ**

**ਸੰਸਕ੍ਰਿਤ ਇੱਕ ਆਰੀਆ ਭਾਸ਼ਾ ਹੈ** : ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਰੀਆ ਭਾਸ਼ੀ ਲੋਕਾਂ ਦੇ ਕਈ ਗਰੁੱਪ ਸਨ। ਯੂਰਪੀਅਨ ਆਰੀਆ ਭਾਸ਼ਾ ਦੇ ਵੀ ਕਈ ਗਰੁੱਪ ਸਨ। ਏਸ਼ੀਅਨ ਆਰੀਆ ਭਾਸ਼ੀ ਲੋਕਾਂ ਦੇ ਕਈ ਗਰੁੱਪ ਸਨ। ਇਕ ਪਾਰਸੀ ਭਾਸ਼ੀ (ਈਰਾਨੀ ਭਾਸ਼ੀ) ਅਤੇ ਦੂਜਾ ਗਰੁੱਪ In-dian Sub-continent ਵਿੱਚ ਆਇਆ, ਜਿਹਨਾਂ ਦੀ ਭਾਸ਼ਾ ਵੈਦਿਕ ਕਹੀ ਜਾਂਦੀ ਹੈ। ਈਰਾਨੀ ਭਾਸ਼ਾ ਦਾ ਸ੍ਰੋਤ "ਚੰਦਅਵੇਸਦਾ" ਹੈ। ਉਪਰੋਕਤ ਆਰੀਆ ਭਾਸ਼ਾਵਾਂ ਦੇ ਗਰੈਮਰ ਅੱਡੋ-ਅੱਡ ਹਨ। ਜੇਕਰ ਅਸੀ ਇਹਨਾਂ ਭਾਸ਼ਾਵਾਂ ਨੂੰ ਦੇਖੀਏ ਤਾਂ ਇਹਨਾਂ ਦਾ ਆਪਸ ਵਿੱਚ ਕੁਝ ਵੀ ਸਾਂਝਾ ਨਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਆਰੀਆ ਦੇ ਬਹੁਤ ਸਾਰੇ ਕਬੀਲੇ ਸਨ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਸਨ। ਆਰੀਆ ਦੇ ਮੂਲ ਸਥਾਨਾਂ ਬਾਰੇ ਵੱਖੋ-ਵੱਖਰੀਆਂ ਰਾਵਾਂ ਹਨ। ਕੋਈ ਇਸ ਨੂੰ Central Asia ਤੋਂ ਮੰਨਦਾ ਹੈ। ਕੋਈ ਇਸ ਨੂੰ ਈਰਾਨ ਤੋਂ ਮੰਨਦਾ ਹੈ। ਸਾਡੇ ਕਈ ਵਿਦਵਾਨਾਂ ਨੇ Indo-European ਗਰੁੱਪ ਮੰਨਿਆ ਅਤੇ ਦੱਸਿਆ ਕਿ ਭਾਰਤੀ ਸੰਸਕ੍ਰਿਤ ਵਿੱਚ ਬਹੁਤ ਸਾਂਝ ਹੈ। ਇਸ ਨੂੰ ਅਪਵਾਦ ਮੰਨਦੇ ਹੋਏ **ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ** ਦੇ ਕਰਤਾ ਵਿਲੀਅਮ ਮੋਨੀਅਰ ਨੇ ਇਸ ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਭਾਰਤ ਦੀ ਸੰਸਕ੍ਰਿਤ ਦਾ ਯੂਰਪੀ ਭਾਸ਼ਾਵਾਂ ਨਾਲ ਕੋਈ ਵੀ ਸਰੋਕਾਰ ਨਹੀਂ ਹੈ। ਜਦ ਕਿ ਇਹ ਈਰਾਨੀ ਬੋਲੀ ਦੇ ਨੇੜੇ ਹੈ। ਈਰਾਨੀ ਬੋਲੀ ਵਿੱਚ 22 Consonant ਅਤੇ 14 vowels ਹਨ। ਪਾਨਿਨੀ ਦੇ ਸੰਸਕ੍ਰਿਤ ਗਰੈਮਰ **"ਅਸ਼ਟਅਧਿਆਇ"** ਵਿੱਚ 42 ਧੁਨੀਆਂ ਮੰਨੀਆਂ ਜਦ ਕਿ ਰਿਗਵੇਦ ਵਿੱਚ 64 ਧੁਨੀਆਂ ਮੰਨੀਆਂ ਜਾਂਦੀਆਂ ਹਨ। ਇਸ ਵਿੱਚ 44 Consonant ਅਤੇ 20 vowels ਮੰਨੇ ਜਾਂਦੇ ਹਨ। ਜਦਕਿ ਯਜੁਰਵੇਦ ਵਿੱਚ 63 ਧੁਨੀਆਂ ਮੰਨੀਆਂ, ਜਿਹਨਾਂ ਵਿੱਚ 43 Consonant ਅਤੇ 20 vowels ਹਨ। ਆਰੀਆ ਭਾਸ਼ਾ ਨੂੰ ਸ਼ੁੱਧ ਰੱਖਣ ਦੇ ਵਿਚਾਰ ਨਾਲ ਆਰੀਆ ਲੋਕਾਂ ਵਿੱਚ ਇਕ ਤੌਖਲਾ ਪੈਦਾ ਹੋ ਗਿਆ ਕਿ ਭਾਸ਼ਾ ਨੂੰ ਸ਼ੁੱਧ ਕਿਵੇਂ ਰੱਖਿਆ ਜਾਵੇ ਅਤੇ ਮਿਲਾਵਟ ਤੋਂ ਕਿਵੇਂ ਬਚਾਇਆ ਜਾ ਸਕੇ। ਇਸ ਕਰਕੇ ਉਹਨਾਂ ਨੇ ਕਵਾਇਦ (campaign) ਸ਼ੁਰੂ ਕੀਤੀ ਕਿ ਇਸ ਭਾਸ਼ਾ ਦੇ ਨਿਯਮ ਬਣਾਏ ਜਾਣ, ਜਿਹਨਾਂ ਨੇ ਇਸ ਨੂੰ ਵਿਆਕਰਨ ਦਾ ਨਾਮ ਦਿੱਤਾ। "ਅਸ਼ਟਅਧਿਆਇ" ਦੀ ਭੂਮਿਕਾ 'ਚ ਲਿਖਿਆ ਗਿਆ ਹੈ ਕਿ ਪਾਨਿਨੀ ਤੋਂ ਪਹਿਲਾਂ 60 ਹੋਰ ਵਿਆਕਰਨੀ ਹੋਏ ਹਨ, ਜਿਹਨਾਂ ਨੇ ਭਾਸ਼ਾ ਦੇ ਵੱਖ-ਵੱਖ aspects 'ਤੇ ਕੰਮ ਕੀਤਾ। ਪਾਨਿਨੀ ਤੋਂ ਪਿੱਛੋਂ ਕਈਆਂ ਨੇ ਇਸ 'ਤੇ commentary ਵੀ ਲਿਖੀ।

**ਸੰਸਕ੍ਰਿਤ ਅਤੇ ਇਸ ਦਾ ਸਾਹਿਤ** : ਸੰਸਕ੍ਰਿਤ 'ਚ ਸਭ ਤੋਂ ਪਹਿਲਾ ਰਿਗਵੇਦ ਮੰਨਿਆ ਜਾਂਦਾ ਹੈ। ਇਸ ਤੋਂ ਪਿੱਛੋਂ ਤਿੰਨ ਹਰ ਵੇਦਾਂ ਦੀ ਰਚਨਾ ਹੋਈ ਅਤੇ ਇਸ ਪਿੱਛੋਂ ਬਹੁਤ ਸਾਰੇ ਉਪਨਿਸ਼ਦ ਵੀ ਲਿਖੇ ਗਏ। ਇਹਨਾਂ ਵਿੱਚੋਂ ਬਹੁਤ ਸਾਰੇ ਉਪਲੱਬਧ ਨਹੀਂ ਹਨ। ਹਿੰਦੂ ਇਤਿਹਾਸ ਕੋਸ਼ ਅਨੁਸਾਰ ਉਪਨਿਸ਼ਦਾਂ ਦੀ ਗਿਣਤੀ 200 ਸੀ। ਅੱਜ ਉਹਨਾਂ ਵਿੱਚੋਂ ਬਹੁਤ ਘੱਟ ਮਿਲਦੇ ਹਨ। ਇਹਨਾਂ ਪਿੱਛੋਂ 6 ਦਰਸ਼ਨਾਂ ਦੀ ਰਚਨਾ ਹੋਈ। ਇਤਿਹਾਸਕ ਕਿਤਾਬਾਂ ਵੀ ਲਿਖੀਆਂ ਗਈਆਂ ਹਨ, ਜਿਹਨਾਂ ਨੂੰ ਪੁਰਾਣ ਵੀ ਕਿਹਾ ਜਾਂਦਾ ਹੈ। ਇਹਨਾਂ ਦੀ ਗਿਣਤੀ 18 ਮੰਨੀ ਜਾਂਦੀ ਹੈ । ਕੁਝ ਮਰਿਆਦਾ 'ਤੇ ਵੀ ਕਿਤਾਬਾਂ ਲਿਖੀਆਂ ਗਈਆਂ ਹਨ, ਜਿਹਨਾਂ ਨੂੰ ਸਿਮਰਤੀ ਕਿਹਾ ਜਾਂਦਾ ਹੈ। ਇਸ ਦੀ ਗਿਣਤੀ 27 ਮੰਨੀ ਜਾਂਦੀ ਹੈ। ਇਸ ਪਿੱਛੋਂ ਨਾਇਕਵਾਦੀ (epic) ਤੇ ਵੀ ਕਿਤਾਬਾਂ ਲਿਖੀਆਂ ਗਈਆਂ ਹਨ ਜਿਵੇਂ ਰਮਾਇਣ ਅਤੇ ਮਹਾਂਭਾਰਤ । ਭਾਰਤ ਦੇ 6 ਦਰਸ਼ਨਾਂ ਤੋਂ ਅਲੱਗ ਨਾਸਤਕ ਫਿਲਾਸਫੀਆਂ ਦੇ ਵੀ ਗ੍ਰੰਥ ਲਿਖੇ ਗਏ ਹਨ। ਇਸ ਵਿੱਚ ਸਭ ਤੋਂ ਪਹਿਲਾਂ ਚਾਰਵਾਕ ਮੰਨਿਆ ਜਾਂਦਾ ਹੈ। ਇਸ ਦਾ ਮੋਢੀ ਬ੍ਰਿਹਿਸਪਤੀ ਮੰਨਿਆ ਜਾਂਦਾ ਹੈ। ਇਸ ਦੇ ਪਿੱਛੋਂ ਜੈਨ ਦਰਸ਼ਨ ਲਿਖਿਆ ਗਿਆ, ਜਿਸ ਨੂੰ ਸਯਾਦਵਾਦ ਵੀ ਕਹਿੰਦੇ ਹਨ। ਜੈਨੀਆਂ ਦੇ ਆਖਰੀ ਤੀਰਥਾਂਕਰ ਮਹਾਂਵੀਰ ਦਾ ਸਮਕਾਲੀ ਨਿਪਾਲ ਦੇ ਰਾਜੇ ਦਾ ਪੁੱਤਰ ਸਿਧਾਰਥ ਸੀ। ਉਹਨਾਂ ਦੇ ਨਿਰਵਾਣ ਮਗਰੋਂ ਉਹਨਾਂ ਦੇ ਚੇਲਿਆਂ ਨੇ ਬੁੱਧ ਦੇ ਉਪਦੇਸ਼ਾਂ ਨਾਲ ਸਬੰਧਤ ਪੋਥੀਆਂ ਲਿਖੀਆਂ ਜਿਹਨਾਂ ਨੂੰ ਪਿਟਕ (ਪਟਾਰੀ) ਕਿਹਾ ਹੈ। ਉਹਨਾਂ ਦੇ ਧਾਰਮਿਕ ਗ੍ਰੰਥ ਨੂੰ **ਧਮਪਦ** ਕਿਹਾ ਜਾਂਦਾ ਹੈ, ਜਿਸ ਦੇ ਚਾਰ ਸਿਧਾਂਤ ਹਨ। ਇਸ ਪਿੱਛੋਂ ਭਰਥਰੀ ਨੇ ਸੰਸਕ੍ਰਿਤ 'ਚ ਕਈ

ਗ੍ਰੰਥਾਂ ਦੀ ਰਚਨਾ ਕੀਤੀ, ਜਿਹਨਾਂ ਦਾ ਉਦੇਸ਼ ਵੈਰਾਗ ਦੀ ਪ੍ਰਾਪਤੀ ਸੀ। ਸੰਸਕ੍ਰਿਤ 'ਚ ਕੋਸ਼ਕਾਰੀ ਦਾ ਆਰੰਭ ਅਮਰ ਕੋਸ਼ ਤੋਂ ਸ਼ੁਰੂ ਹੁੰਦਾ ਹੈ ਅਤੇ ਵਿਸ਼ਨੂੰ ਗੁਪਤ ਦਾ ਗ੍ਰੰਥ ਅਰਥਸ਼ਾਸ਼ਤਰ ਵੀ ਸੰਸਕ੍ਰਿਤ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਨਾਟਕ ਅਤੇ ਉਪਨਿਆਸ ਵੀ ਲਿਖੇ ਗਏ। ਸੰਗੀਤ ਅਤੇ ਜੁਗਰਾਫ਼ੀਆ ਬਾਰੇ ਵੀ ਸੰਸਕ੍ਰਿਤ ਵਿੱਚ ਲਿਖਿਆ ਗਿਆ ਹੈ। ਆਰੀਆ ਭੱਟ ਨੇ ਵੀ ਸੰਸਕ੍ਰਿਤ 'ਚ ਜੋਤਿਸ਼ (astrology) ਬਾਰੇ ਲਿਖਿਆ ਹੈ। ਸੰਸਕ੍ਰਿਤ ਵਿੱਚ ਇਤਿਹਾਸ ਦੀ **ਰਾਜ ਤਿਰੰਗਣੀ** ਜਿਹੜੀ ਕਿ ਪੰਡਤ ਕਲ੍ਹਣ ਦੀ ਰਚਨਾ ਹੈ, ਵੀ ਮਿਲਦੀ ਹੈ। ਇਸ ਤੋਂ ਇਲਾਵਾ ਪੁਰਾਣੇ ਸ਼ਾਸ਼ਕਾਂ ਦੇ archaeology ਦੁਆਰਾ ਇਕੱਠੇ ਕੀਤੇ ਗਏ ਸ਼ਿਲਾਲੇਖ ਵੀ ਮਿਲਦੇ ਹਨ। ਸੰਸਕ੍ਰਿਤ ਕਈ ਲਿੱਪੀਆਂ ਵਿੱਚ ਲਿਖੀ ਜਾਂਦੀ ਰਹੀ ਹੈ, ਜਿਵੇਂ ਪਾਲੀ ਲਿੱਪੀ, ਗੁਪਤਾ ਲਿਪੀ, ਮਾਗਧੀ ਲਿਪੀ, ਟਾਕਰੀ ਲਿੱਪੀ, ਮੱੜੀ ਲਿਪੀ ਅਤੇ ਹੁਣ ਦੇਵਨਾਗਰੀ ਵਿੱਚ ਲਿਖੀ ਜਾਂਦੀ ਹੈ।

**ਆਰੀਆ ਰਾਜਿਆਂ ਨੇ ਸੰਸਕ੍ਰਿਤ ਨੂੰ ਰਾਜ ਦੀ ਸਰਕਾਰੀ ਬੋਲੀ ਬਣਾਇਆ** : ਉਸ ਵੇਲੇ ਕਈ ਸਰਕਾਰੀ ਬੋਲੀਆਂ ਵੀ ਚਲਦੀਆਂ ਰਹੀਆਂ, ਜਿਹਨਾਂ ਨੂੰ ਪ੍ਰਾਕ੍ਰਿਤ ਵੀ ਕਿਹਾ ਜਾਂਦਾ ਹੈ । ਜਿਵੇਂ ਮਾਗਧੀ, ਅਰਧ ਮਾਗਧੀ, ਮਹਾਰਾਸ਼ਟਰੀ, ਸੂਰਸੈਨੀ, ਪਸ਼ਾਚੀ ਆਦਿ। ਜਦੋਂਕਿ ਪਾਕ੍ਰਿਤਕ ਗਰੇਮੇਰੀਅਨ ਡਾ. ਪਿੱਛਲ ਨੇ ਆਪਣੇ ਪ੍ਰਾਕ੍ਰਿਤ ਵਿਆਕਰਨ ਵਿੱਚ 70 ਪ੍ਰਾਕ੍ਰਿਤਾਂ ਦਾ ਜ਼ਿਕਰ ਕੀਤਾ ਹੈ। ਉਹਨਾਂ ਦੀਆਂ ਪਛਾਣਾਂ ਕਰਨੀਆਂ ਬਹੁਤ ਔਖੀਆਂ ਹਨ।

ਬੋਧੀਆਂ ਦੀ ਲਲਿਤ ਵਿਸਥਾਰ ਪੋਥੀ ਜਿਹਦੇ ਵਿੱਚ 60 ਲਿੱਪੀਆਂ ਦਾ ਜ਼ਿਕਰ ਆਉਂਦਾ ਹੈ, ਜਿਹਨਾਂ 'ਚੋਂ ਥੋੜ੍ਹੀਆਂ ਲਿੱਪੀਆਂ ਦੀ ਹੀ ਪਛਾਣ ਹੋ ਸਕਦੀ ਹੈ ਜਾਂ ਹੋਈ ਹੈ।

**ਸੰਸਕ੍ਰਿਤ ਵਿੱਚ ਮਿਲਾਵਟ** : ਪ੍ਰਾਕ੍ਰਿਤ ਬੋਲੀਆਂ ਦੇ ਚਲਦਿਆਂ ਹੋਇਆ ਸੰਸਕ੍ਰਿਤ ਉਹਨਾਂ ਦੇ ਪ੍ਰਭਾਵ ਤੋਂ ਅਛੋਹ ਨਹੀ ਰਹਿ ਸਕੀ ਅਤੇ ਅਨੇਕਾਂ ਸ਼ਬਦ ਇਹਨਾਂ ਨੇ ਪ੍ਰਾਕ੍ਰਿਤਾਂ ਵਿੱਚੋਂ ਉਧਾਰੇ ਲਏ। ਇਸ ਤਰ੍ਹਾਂ ਪ੍ਰਾਕ੍ਰਿਤਾਂ ਨੇ ਵੀ ਸੰਸਕ੍ਰਿਤ 'ਚੋਂ ਸ਼ਬਦ ਉਧਾਰੇ ਲਏ । ਇਸ ਤਰ੍ਹਾਂ ਸਿੱਟਾ ਇਹ ਨਿਕਲਦਾ ਹੈ ਕਿ ਸੰਸਕ੍ਰਿਤ ਵਿੱਚ ਵੀ ਕਾਫੀ ਮਿਲਾਵਟ ਹੈ। ਸੰਸਕ੍ਰਿਤ ਦੇ ਪ੍ਰਾਯਾਵਾਚੀ ਸ਼ਬਦਾਂ ਤੋਂ ਵੀ ਪਤਾ ਚਲਦਾ ਹੈ ਕਿ ਸੰਸਕ੍ਰਿਤ ਵਿੱਚ ਕਾਫੀ ਮਿਲਾਵਟ ਹੋਈ ਹੈ ਅਤੇ ਪ੍ਰਾਕ੍ਰਿਤ ਦੇ ਸ਼ਬਦ ਅਪਣਾ ਲਏ ਹਨ। ਇਸ ਦੇ ਸਬੂਤ ਵਜੋਂ T.Buru ਦੀ ਕਿਤਾਬ The Sanskrit Literature ਵਿੱਚ ਚੰਗੀ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਜਿਵੇਂ ਪਾਣੀ ਦੇ ਕਈ ਨਾਮ, ਸੂਰਜ ਦੇ ਕਈ ਨਾਮ, ਜੜ੍ਹੀਆਂ ਬੂਟੀਆਂ ਦੇ ਕਈ ਨਾਮ, ਡੰਗਰਾਂ ਦੇ ਨਾਮ, ਭਾਂਡਿਆਂ ਦੇ ਨਾਮ, ਜਾਤਾਂ ਦੇ ਨਾਮ, ਕਬੀਲਿਆਂ ਦੇ ਨਾਮ, ਜੁਗਰਾਫੀਆਂ ਅਤੇ ਸਥਾਨਾਂ ਦੇ ਨਾਮ ਆਦਿ। ਡਾ. ਪਿਛਲ ਦੇ ਅਨੁਸਾਰ ਸੰਸਕ੍ਰਿਤ ਨੇ ਕਈ Suffix ਪ੍ਰਾਕ੍ਰਿਤਾਂ ਤੋਂ ਉਧਾਰੇ ਲਏ ਹਨ। ਜਿਵੇਂ ਆਲਿਆ, ਵਲੀ ਅਤੇ ਇਸ ਤੋਂ ਇਲਾਵਾ ਕਈ ਕਬੀਲਿਆਂ ਦੇ ਨਾਂ ਵੀ ਮਿਲਦੇ ਹਨ। ਜੋ ਪ੍ਰਾਕ੍ਰਿਤ ਵਿੱਚ ਵੀ ਮਿਲਦੇ ਹਨ। ਇਸ ਤੋਂ ਇਲਾਵਾ ਦ੍ਰਾਵਿੜੀਅਨ ਬੋਲੀਆਂ ਵੀ ਬੋਲੀਆਂ ਜਾਂਦੀਆਂ ਸਨ । ਸੰਸਕ੍ਰਿਤ ਨੇ ਇਹਨਾਂ 'ਚੋਂ ਵੀ ਸ਼ਬਦ ਲਏ ਹਨ। ਦ੍ਰਾਵਿੜ ਬੋਲੀਆਂ ਨੇ ਵੀ ਸੰਸਕ੍ਰਿਤ 'ਚੋਂ ਸ਼ਬਦ ਲਏ ਹਨ। ਦ੍ਰਾਵਿੜ ਦਾ ਪ੍ਰਤੱਖ ਸ਼ਬਦ ਦਾਵਿੜਾ ਜੋ ਕਿ ਸੰਸਕ੍ਰਿਤ ਵਿੱਚੋਂ ਲਿਆ ਗਿਆ ਹੈ। ਦਾਵਿੜਾਂ ਦਾ ਆਪਣਾ ਸ਼ਬਦ ਕੁਲਾਰੀ ਹੈ। ਜਦਕਿ ਸੰਸਕ੍ਰਿਤ ਦਾ ਸ਼ਬਦ ਦ੍ਰਾਵਿੜ ਪ੍ਰਸਿੱਧ ਹੋ ਗਿਆ । ਸੰਸਕ੍ਰਿਤ ਦਾ ਅਰਥ ਹੈ ਸੋਧੀ ਹੋਈ ਬੋਲੀ ਜਿਸ ਵਿੱਚ ਬਹੁਤ ਸਾਰੇ ਸੰਸਕ੍ਰਿਤ ਵਿਦਵਾਨਾਂ ਦਾ ਯੋਗਦਾਨ ਹੈ।

ਸੰਸਕ੍ਰਿਤ ਦਾ ਵਿਆਕਰਨਿਕ ਢਾਂਚਾ : ਸੰਸਕ੍ਰਿਤ ਵਿੱਚ ਧੁਨੀਆਂ ਤੋਂ ਸ਼ਬਦ ਬਣਿਆ ਮੰਨਿਆ ਜਾਂਦਾ ਹੈ, ਜਿਸ ਨੂੰ ਯੋਜਕਾਂ ਨਾਲ ਜੋੜ ਕੇ ਵਾਕ ਬਣਾਇਆ ਜਾਂਦਾ ਹੈ।

ਵਾਕ ਵਿੱਚ ਕਈ ਪੱਖ ਕੰਮ ਕਰਦੇ ਹਨ। ਜਿਵੇਂ ਕਿਰਿਆ, ਨਾਂਵ, ਪੜਨਾਂਵ, ਕਿਰਿਆ ਵਿਸ਼ੇਸ਼ਣ, ਅਤੇ ਵਿਸ਼ੇਸ਼ਣ ਆਦਿ। ਸੰਸਕ੍ਰਿਤ ਵਿੱਚ ਕਿਰਿਆ ਦੇ ਚਿੰਨ੍ਹ ਨੂੰ ਤਿਙਤ ਕਿਹਾ ਜਾਂਦਾ ਹੈ ? ਅਤੇ ਵਿਭਕਤਿ (case) ਜਿਸ ਦਾ ਚਿੰਨ੍ਹ ਸੁਬੰਤ ਹੈ। ਧਾਤੂ ਨੂੰ Suflix ਲਗਾ ਕੇ ਸਮੇਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ ਸਮਾਂ ਤਿੰਨ ਕਾਲਾਂ ਵਿੱਚ ਵੰਡਿਆ ਜਾਂਦਾ ਹੈ। ਪ੍ਰਤਯ (Suffix) ਧਾਤੂ ਨਾਲੋਂ ਵੱਖਰੇ, ਲਗਾਂ ਅਤੇ ਅੱਖਰਾਂ ਨੂੰ ਲਗਾ ਕੇ ਸ਼ਬਦ ਬਣਾਇਆ ਜਾਂਦਾ ਹੈ।

**ਯੋਜਕ** : ਜਿਹੜਾ ਘੱਟੋ-ਘੱਟ ਦੋ ਸ਼ਬਦਾਂ ਨੂੰ ਆਪਸ ਵਿੱਚ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ।

**ਸੰਧੀ** : ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੀ ਕਰਿੰਗੜੀ ਪੈਣਾ, ਨੂੰ ਸੰਧੀ ਕਹਿੰਦੇ ਹਨ।

**ਸਮਾਸ** : ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਨੇੜ ਨੂੰ ਸਮਾਸ ਕਿਹਾ ਜਾਂਦਾ ਹੈ।

**ਵੇਰਵਾ** : ਸੰਸਕ੍ਰਿਤ ਵਿੱਚ ਦੋ ਤਰ੍ਹਾਂ ਦੀਆਂ ਕਿਰਿਆਵਾਂ ਮੰਨੀਆਂ ਜਾਂਦੀਆਂ ਹਨ, ਜਿਹਨਾਂ ਨੂੰ ਲਕਾਰ (Tense) ਮੰਨਿਆ ਜਾਂਦਾ ਹੈ। ਜਿਵੇਂ ਕਿ ਪਰਸਮੈਪਦੀ ਅਤੇ ਆਤਮਨੇਪਦੀ। ਪਰਸਮੈਪਦੀ ਦੇ ਅਲੱਗ Suffix ਹਨ ਅਤੇ ਆਤਮਨੇਪਦੀ ਦੇ ਅਲੱਗ Suffix ਹਨ। ਇਹਨਾਂ ਦੋਹਾਂ ਨੂੰ ਮਿਲਾ ਕੇ ਕਿਰਿਆ ਦੇ 18 ਰੂਪ ਬਣਦੇ ਹਨ।

**ਸੁਬੰਤ** : ਜਿਹੜਾ ਕਿ ਕਾਰਕਾਂ ਦੀਆਂ ਵਿਭਕਤੀਆਂ ਦੇ ਚਿੰਨ੍ਹ ਹਨ। ਇਹ ਕੁੱਲ ਮਿਲਾ ਕੇ 21 ਰੂਪ ਮੰਨੇ ਗਏ ਹਨ। ਜਿਵੇਂ ਕਿ ਇੱਕ ਬਚਨ, ਦੋ ਬਚਨ ਅਤੇ ਬਹੁ-ਬਚਨ ਆਦਿ।

**Gender** : ਸੰਸਕ੍ਰਿਤ ਵਿੱਚ ਤਿੰਨ Gender ਮੰਨੇ ਗਏ ਹਨ। ਜਿਵੇਂ ਕਿ ਇਸਤਰੀ ਲਿੰਗ, ਪੁਰਸ਼ ਲਿੰਗ ਅਤੇ ਨਿਪੁੰਸਕ ਲਿੰਗ।

**ਬਚਨ** : ਸੰਸਕ੍ਰਿਤ ਵਿੱਚ ਤਿੰਨ ਬਚਨ ਮੰਨੇ ਗਏ ਹਨ। ਜਿਵੇਂ ਕਿ ਇਕ ਬਚਨ, ਦੋ ਬਚਨ ਅਤੇ ਬਹੁ-ਬਚਨ।

**ਕ੍ਰਿਦੰਤ (Mood)** : ਇਹ ਸੰਸਕ੍ਰਿਤ ਵਿੱਚ 6 ਮੰਨੇ ਗਏ ਹਨ।

**ਸੰਸਕ੍ਰਿਤ ਦਾ ਸੁੰਗੜਿਆ ਹੋਣਾ** : ਜਿੱਥੇ ਸੰਸਕ੍ਰਿਤ ਗਰੈਮੇਰੀਅਨਾਂ ਨੇ ਸੰਸਕ੍ਰਿਤ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਉੱਥੇ ਸਿੱਟਾ ਇਹ ਨਿਕਲਿਆ ਕਿ ਵਿਆਕਰਿਤ ਭਾਸ਼ਾ ਅਤੇ ਲੋਕ ਭਾਸ਼ਾ ਨਾਲੋਂ ਅਡਰੇਵਾ ਸ਼ੁਰੂ ਹੋ ਗਿਆ ਕਿਉਕਿ ਲੋਕ ਰਾਜ ਦੇ ਦਬਾਅ ਕਾਰਣ ਆਪਣੀਆਂ ਲੋੜਾਂ ਖਾਤਰ ਸੰਸਕ੍ਰਿਤ ਪੜ੍ਹਦੇ ਅਤੇ ਸਿੱਖਦੇ ਸਨ । ਜੋ ਉਹਨਾਂ ਨੂੰ ਰਾਜ ਦੁਆਰਾ ਸੁਵਿਧਾ ਮਿਲੀ ਅਤੇ ਉਸ ਨਾਲ ਉਹਨਾਂ ਦਾ ਮਾਣ ਵਧਦਾ ਸੀ। ਭਾਰਤ ਦੇ ਰਾਜਨੀਤਿਕ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਵੱਖ ਵੱਖਰੇ ਸਮਿਆਂ 'ਤੇ ਆਪ ਆਪਣੇ ਕਬੀਲਿਆਂ ਦੀ ਸ਼ਕਤੀ ਵਧਾਉਣ ਲਈ ਲੜਦੇ ਰਹੇ ਅਤੇ ਦੂਜਿਆਂ ਰਾਜਿਆਂ ਤੋਂ ਸੱਤਾ ਖੋਹ ਕੇ ਆਪਣਾ ਰਾਜ ਸਥਾਪਤ ਕਰਦੇ ਰਹੇ। ਕਬੀਲਿਆਂ ਦੀਆਂ ਵੱਖਰ-ਵੱਖਰੀ ਭਾਸ਼ਾ ਹੋਣ ਕਰਕੇ ਸਥਾਪਤ ਭਾਸ਼ਾ ਦੇ ਖ਼ਿਲਾਫ਼ ਵੀ ਅਵਾਜ਼ ਬੁਲੰਦ ਕਰਦੇ ਰਹੇ ਹਨ ਅਤੇ ਪਹਿਲੀ ਭਾਸ਼ਾ ਨੂੰ ਹਟਾ ਕੇ ਆਪਣੀ ਭਾਸ਼ਾ ਨੂੰ ਸਥਾਪਤ ਕਰਦੇ ਰਹੇ। ਜੇਕਰ ਕਿਸੇ ਕਬੀਲੇ ਦੇ ਰਾਜੇ ਕੋਲ ਆਪਣੀ ਵਿਕਸਿਤ ਭਾਸ਼ਾ ਨਹੀ ਹੁੰਦੀ ਤਾਂ ਉਹ ਆਪਣੀ ਲਿੱਪੀ ਵਿਕਸਿਤ ਕਰਕੇ ਆਪਣਾ ਬੁੱਤਾ ਸਾਰ ਲੈਂਦੇ ਸਨ। ਇਸ ਤਰ੍ਹਾਂ ਜਿੱਥੇ ਸਥਾਨਕ ਭਾਸ਼ਾ ਨੂੰ ਉੱਭਰਨ ਦਾ ਮੌਕਾ ਮਿਲਿਆ ਉੱਥੇ ਵੱਖ ਵੱਖਰੀਆਂ ਲਿੱਪੀਆਂ ਨੂੰ ਵੀ ਉੱਭਰਨ ਦਾ ਮੌਕਾ ਮਿਲਿਆ। ਅਜਿਹਾ ਅਸੀਂ Archaeology ਦੁਆਰਾ ਇਕੱਠੇ ਕੀਤੇ ਗਏ ਸ਼ਿਲਾਲੇਖਾਂ ਅਤੇ ਹਰ ਸ਼ਿਲਾਲੇਖਾਂ ਤੋਂ ਮਿਲੀ ਸਮੱਗਰੀ ਤੋਂ ਅੰਦਾਜ਼ਾ ਲਗਾ ਸਕਦੇ ਹਾਂ। ਜਿਵੇਂ ਅਸ਼ੋਕ ਨੇ ਸੰਸਕ੍ਰਿਤ ਹਟਾ ਕੇ ਮਾਗਧੀ ਨੂੰ ਲਾਗੂ ਕਰਕੇ ਇਸ ਨੂੰ ਰਾਜ ਭਾਸ਼ਾ ਬਣਾਇਆ। ਅਤੇ ਲਿੱਪੀ ਪਾਲੀ ਰੱਖੀ ਗਈ। ਇਸ ਦੇ ਨਮੂਨੇ ਅਸੀਂ Essyas on an Indian Antiquity 'ਚ ਦੇਖ ਸਕਦੇ ਹਾਂ। ਅਸ਼ੋਕ ਦੇ ਪਿੱਛੋਂ ਵਿਰੋਧੀਆਂ ਨੇ ਫਿਰ ਸੰਸਕ੍ਰਿਤ ਵੱਲ ਮੋੜਾ ਕੱਟਿਆ। ਉਹਦੀ ਪਾਲੀ ਲਿੱਪੀ ਵਿੱਚ ਦੋ ਹੋਰ ਧੁਨੀਆਂ ਸ਼ਾਮਿਲ ਕਰਕੇ ਸੰਸਕ੍ਰਿਤ ਲਿਖਣ ਦੇ ਕਾਬਲ ਬਣਾਇਆ। ਕਈ ਪਾਲੀ ਲਿੱਪੀ ਦੇ ਨਮੂਨੇ ਵੀ ਬਦਲੇ । ਇਹ ਅਸੀਂ Archaeology ਦੀਆਂ ਹੋਰ ਲੱਭਤਾਂ ਜਿਹੜੀਆਂ ਕਿ ਅਲਾਹਾਵਾਦ ਦੇ ਸ਼ਿਲਾਲੇਖ ਨਾਲ ਸਬੰਧਤ ਹੈ, ਜੋ ਕਿ ਦੂਜੀ ਸਦੀ ਬੀ.ਸੀ ਦੀ ਹੈ, ਵਿੱਚ ਦੇਖ ਸਕਦੇ ਹਾਂ, ਜਿਸ ਵਿੱਚ ਕਈ ਧੁਨੀਆਂ ਪਰਵਰਤਿਤ ਕੀਤੀਆਂ ਗਈਆਂ ਹਨ। ਜੋ ਕਿ ਪੰਜਾਬ ਦੀ ਪੁਰਾਣੀ ਲਿੱਪੀ ਟਾਕਰੀ ਦੇ ਨਾਲ ਸਾਮੇਂ ਹੀ ਹਨ।

ਕਾਲੰਤਰ ਦੇ ਨਾਲ ਉੱਤਰੀ ਭਾਰਤ 'ਚ ਕਈ ਲਿੱਪੀਆਂ ਵਿਕਸਿਤ ਹੋਈਆਂ, ਜਿਹਨਾਂ ਸ਼ਿਲਾਲੇਖਾਂ ਦਾ ਮੀਡੀਅਮ ਭਾਵੇਂ ਸੰਸਕ੍ਰਿਤ ਸੀ ਪਰ ਰਾਜਿਆਂ ਨੇ ਆਪਣੀ ਹੋਂਦ ਦੱਸਣ ਲਈ ਵੱਖੋ-ਵੱਖਰੀਆਂ ਲਿੱਪੀਆਂ ਨੂੰ ਵਿਕਸਿਤ ਕਰਵਾਇਆ। ਉਹਨਾਂ ਲਿੱਪੀਆਂ ਨੂੰ ਰਾਜ ਲਿੱਪੀ ਅਤੇ ਸੰਸਕ੍ਰਿਤ ਨੂੰ ਰਾਜ ਭਾਸ਼ਾ ਬਣਾਇਆ। ਸੰਸਕ੍ਰਿਤ ਨੂੰ ਸਥਾਪਤ ਕਰਨ ਲਈ ਰਾਜੇ ਆਪਣੇ ਖ਼ਜ਼ਾਨੇ ਵਿੱਚੋਂ ਧਨ ਖਰਚਦੇ ਰਹੇ ਤਾਂ ਕਿ ਸੰਸਕ੍ਰਿਤ, ਜਿਸ ਨੂੰ ਦੇਵਤਿਆਂ ਦੀ ਭਾਸ਼ਾ ਕਿਹਾ ਜਾਂਦਾ ਹੈ, ਉਹ ਪ੍ਰਗਤੀ ਦੇ ਰਾਹ 'ਤੇ ਪੈ ਜਾਵੇ। ਸੱਤਵੀਂ ਸਦੀ ਦੇ ਸਿੰਧ ਹਮਲੇ ਤੇ ਮੀਰ ਕਾਸਿਮ ਨੇ ਇਲਾਕੇ ਨੂੰ ਜਿੱਤਿਆ ਅਤੇ ਇੱਕ ਕਸਬਾ ਵਸਾਇਆ ਜਿਸ ਦਾ ਨਾਂ ਅਲ ਮਨਸੂਰਾਂ ਰੱਖਿਆ। ਸਿੰਧ ਦੇ ਰਾਜੇ ਸਾਹਸੀ ਰਾਜੇ ਅਖਵਾਉਂਦੇ ਸਨ। ਜਿਹਨਾਂ ਦੀ ਰਾਜ ਭਾਸ਼ਾ ਸੰਸਕ੍ਰਿਤ ਸੀ ਅਤੇ ਲਿੱਪੀ ਅਸ਼ੋਕ ਦੀ ਪਰਵਰਤਿਤ ਲਿੱਪੀ ਸੀ । ਇੰਜ ਇਵੇਂ ਬਾਹਰੋਂ ਸ਼ਾਸਕ ਜਿਹਦਾ ਭਾਰਤੀ ਧਰਮਾਂ ਵਿੱਚ ਵਿਸ਼ਵਾਸ ਨਹੀ ਸੀ, ਉਸ ਨੇ ਹੌਲੀ-ਹੌਲੀ ਆਪਣੇ ਧਰਮ, ਭਾਸ਼ਾ ਅਤੇ ਲਿੱਪੀ ਦਾ ਪ੍ਰਚਾਰ ਕੀਤਾ। ਸਾਹਸੀ ਰਾਜੇ ਹਿੰਦੂ ਧਰਮ ਅਤੇ ਸੰਸਕ੍ਰਿਤ ਭਾਸ਼ਾ ਨੂੰ ਮੰਨਣ ਵਾਲੇ ਸਨ । ਕੁਝ ਕੁਝ ਪਾਲੀ ਦਾ ਵੀ ਪ੍ਰਚਾਰ ਰਿਹਾ। ਜਦਕਿ ਬਾਹਰਲੇ ਹਾਕਮਾਂ ਦਾ ਸਬੰਧ ਨਾ ਤਾਂ ਪਾਲੀ ਨਾਲ ਸੀ ਅਤੇ ਨਾ ਤਾਂ ਸੰਸਕ੍ਰਿਤ ਨਾਲ ਸੀ ਅਤੇ ਨਾ ਹੀ ਪਰਜਾ ਦੀ ਬੋਲੀ ਨਾਲ ਸੀ। ਸਿੱਟਾ ਇਹ ਨਿਕਲਿਆ ਕਿ ਹਾਕਮਾਂ ਦੇ ਬਦਲਣ ਨਾਲ ਨਵੇਂ

ਹਾਕਮਾਂ ਦੀ ਭਾਸ਼ਾ ਅਤੇ ਲਿੱਪੀ ਅਨੁਸਾਰ ਰਾਜ ਦੀ ਭਾਸ਼ਾ ਅਤੇ ਲਿੱਪੀ ਬਦਲ ਗਈ। ਉਸ ਪਿੱਛੋਂ ਸਿੰਧ ਵਿੱਚ ਕਈ ਲਿੱਪੀਆਂ ਵਿਕਸਿਤ ਹੋਈਆਂ। ਲੋਕ ਆਪਣੀ ਭਾਸ਼ਾ ਨੂੰ ਉਭਾਰਨ ਵਿੱਚ ਕਾਮਯਾਬ ਹੋ ਗਏ। ਉਹਨਾਂ ਨੇ ਸਿੰਧੀ ਬੋਲੀ ਨੂੰ ਮਾਣ ਬਖ਼ਸ਼ਿਆ। ਪੰਜਾਬ ਦੇ ਪਹਾੜੀ ਰਾਜਿਆਂ ਨੇ ਅਤੇ ਚੰਬੇ ਤੇ ਕੁੱਲੂ ਦੇ ਰਾਜੇ ਆਦਿ ਨੇ ਸੰਸਕ੍ਰਿਤ ਟਾਕਰੀ ਲਿੱਪੀ ਵਿੱਚ ਰਾਜ ਭਾਸ਼ਾ ਬਣਾਈ। ਸੰਸਕ੍ਰਿਤ ਦੇ ਮਸ਼ਹੂਰ ਵਿਦਵਾਨ ਕਲ੍ਹਣ ਪੰਡਿਤ ਨੇ ਬਾਰ੍ਹਵੀਂ ਸਦੀ ਵਿੱਚ ਰਾਜ ਤਿਰੰਗਣੀ ਨਾਮ ਦੀ ਕਿਤਾਬ ਸੰਸਕ੍ਰਿਤ ਵਿੱਚ ਲਿਖੀ ਅਤੇ ਇਸ ਦੀ ਲਿੱਪੀ ਟਾਕਰੀ ਸੀ। ਸਿੰਧ ਦੇ ਪਿੱਛੋਂ ਲਗਭਗ ਤਿੰਨ ਜਾਂ ਚਾਰ ਸੌ ਸਾਲ ਬਾਅਦ ਇਸਲਾਮੀ ਹਕੂਮਤ ਆਈ । ਇਸ ਦੇ ਹਾਕਮਾਂ ਦੀ ਬੋਲੀ ਨਾ ਤਾਂ ਸੰਸਕ੍ਰਿਤ ਸੀ ਅਤੇ ਨਾ ਹੀ ਪਾਲੀ ਸੀ ਅਤੇ ਨਾ ਹੀ ਪੰਜਾਬੀ। ਉਹ ਤੁਰਕੀ ਨਸਲ ਨਾਲ ਸਬੰਧ ਰੱਖਦੇ ਸਨ। ਉਹਨਾਂ ਦਾ ਧਰਮ ਇਸਲਾਮ ਸੀ। ਉਹਨਾਂ ਨੇ ਅਰਬੀ ਲਿੱਪੀ ਅਤੇ ਬੋਲੀ ਨੂੰ ਹੀ ਅੱਗੇ ਵਧਾਇਆ। ਇੱਥੋਂ ਦੀ ਬੋਲੀ ਪੰਜਾਬੀ ਸੀ, ਜਿਸ ਨਾਲ ਹਾਕਮਾਂ ਦਾ ਕੋਈ ਲਗਾਅ ਨਹੀਂ ਸੀ। ਕਈ ਲੋਕ ਇਸਲਾਮ ਵਿੱਚ ਆਉਣੇ ਸ਼ੁਰੂ ਹੋ ਗਏ। ਇੱਥੋਂ ਇਲਾਕਾਈ ਬਲੀਆਂ ਦਾ ਦਬ ਦਬਾਅ ਹੋਣਾ ਸ਼ੁਰੂ ਹੋ ਗਿਆ। ਲੋਕਾਂ ਨੇ ਆਪੋ ਆਪਣੀਆਂ ਬੋਲੀਆਂ ਵਿੱਚ ਲਿਖਣਾ ਸ਼ੁਰੂ ਕੀਤਾ। ਪੰਜਾਬੀ ਦੇ ਸਾਹਿਤ ਦੇ ਇਤਿਹਾਸ ਵਿੱਚ ਲਿਖਿਆ ਹੈ ਜੋ ਕਿ ਭਾਸ਼ਾ ਵਿਭਾਗ ਪੰਜਾਬ ਨੇ ਛਾਪਿਆ ਹੈ, ਜਿਸ ਵਿੱਚ ਲਿਖਿਆ ਹੈ ਕਿ ਪੰਜਾਬੀ ਦਾ ਪਹਿਲਾ ਲਿਖਾਰੀ ਅਬਦੁੱਲ ਰਹਿਮਾਨ ਹੋਇਆ ਹੈ। ਇਹ ਘਟਨਾ ਮਹਿਮੂਦ ਗਜ਼ਨਵੀ ਦੇ ਵੇਲੇ ਦੀ ਹੈ, ਕਿਉਂਕਿ ਲੋਕ ਆਰੀਆ ਜਾਤੀ ਦੇ ਨਹੀਂ ਸਨ ਅਤੇ ਨਾ ਹੀ ਬ੍ਰਾਹਮਣੀਕਲ ਸਿਸਟਮ ਨਾਲ ਸਬੰਧਤ ਸਨ । ਇਸ ਕਰਕੇ ਸਥਾਨਕ ਬੋਲੀ ਬੋਲਦੇ ਸਨ । ਇਸ ਕਰਕੇ ਉਹਨਾਂ ਦੀ ਆਪਣੀ ਬੋਲੀ ਨੂੰ ਪਨਪਨੇ ਦਾ ਮੌਕਾ ਮਿਲਿਆ। ਸਿੰਧ ਸੂਬੇ ਵਿੱਚ ਭਗਤ ਸਧਨਾ ਜੀ ਹੋਏ ਹਨ, ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਹ ਸਥਾਨਕ ਬੋਲੀ ਸਿੰਧ ਦੀ ਹੀ ਹੈ ਅਤੇ ਪੰਜਾਬੀ ਬੋਲੀ ਦਾ ਮਿਸ਼ਰਨ ਹੈ। ਬਾਬਾ ਫ਼ਰੀਦ ਇੱਕ ਸੂਫ਼ੀ ਫ਼ਕੀਰ ਹੋਏ ਹਨ, ਉਹਨਾਂ ਦੀ ਵੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਹਨਾਂ ਦੀ ਬੋਲੀ ਨੂੰ ਲਹਿੰਦੀ ਬੋਲੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਕਸ਼ਮੀਰ ਵਿੱਚ ਵੀ ਪਰਿਵਰਤਨ ਹੋਇਆ ਹੈ। ਉੱਥੇ ਇਕ ਸੰਤਨੀ ਹੋਈ ਜਿਸ ਨੂੰ ਲੱਲ ਮਾਤਾ ਕਿਹਾ ਜਾਂਦਾ ਹੈ। ਕਸ਼ਮੀਰੀ ਵਿੱਚ ਇਹਨਾਂ ਦਾ ਪਹਿਲਾ ਸਥਾਨ ਆਉਂਦਾ ਹੈ ਅਤੇ ਦੂਜਾ ਸਥਾਨ ਨੂਰਦੀਨ ਪੀਰ ਦਾ ਆਉਂਦਾ ਹੈ। ਇਸ ਦਾ ਇਹ ਸਿੱਟਾ ਨਿਕਲਦਾ ਹੈ ਕਿ ਸੰਸਕ੍ਰਿਤਵਾਦੀਆਂ ਨੇ ਲੋਕਲ ਬੋਲੀਆਂ ਨੂੰ ਦਬਾਇਆ ਹੈ। ਆਰੀਆ ਭਾਸ਼ਾ ਸੰਸਕ੍ਰਿਤ ਨੂੰ ਸਥਾਪਤ ਕੀਤਾ ਗਿਆ ਹੈ । ਜਦਕਿ ਪ੍ਰਚਾਰ ਇਹ ਕੀਤਾ ਜਾ ਰਿਹਾ ਹੈ ਕਿ ਹੋਰ ਕੋਈ ਬੋਲੀਆਂ ਨਹੀਂ ਹਨ ਕਿ ਜਿਸ ਵਿੱਚ ਸਾਹਿਤ ਲਿਖਿਆ ਜਾਵੇ। ਸਿਰਫ ਸੰਸਕ੍ਰਿਤ ਹੀ ਦੇਵ ਭਾਸ਼ਾ ਹੈ । ਦਸਯੂ ਲੋਕ ਘਿਚੂ ਮਿਚੂ ਬੋਲੀ ਬੋਲਦੇ ਹਨ, ਇਹਨਾਂ ਦੀ ਕੋਈ ਗੱਲ ਸਮਝ ਨਹੀਂ ਲੱਗਦੀ। ਇਸਲਾਮ ਸਰਕਾਰ ਦੂਰ-ਦੂਰ ਤੱਕ ਫੈਲਣ ਨਾਲ ਇਸਲਾਮ ਧਰਮ ਦੀ ਬੋਲੀ ਅਤੇ ਲਿੱਪੀ ਜਿਹੜੇ ਪਹਿਲਾਂ ਈਰਾਨ ਨੂੰ ਦਬਾਅ ਕੇ ਪਾਰਸੀ ਤੋਂ ਫ਼ਾਰਸੀ ਬਣਾ ਚੁੱਕੇ ਸਨ, ਉਹਨਾਂ ਦੇ ਨਾਲ ਕੁੱਛ ਗੈਰ ਅਰਬੀ ਕਬੀਲੇ ਵੀ ਆਏ। ਤੁਰਕੀ ਅਤੇ ਅਫਗਾਨਾਂ ਨੇ ਰਾਜ ਭਾਸ਼ਾ ਫ਼ਾਰਸੀ ਨੂੰ ਅਪਣਾਇਆ ਜਿਹੜੀ ਕਿ ਈਰਾਨ ਦੀ ਬੋਲੀ ਸੀ ਅਤੇ ਧਰਮ ਇਸਲਾਮ ਅਪਣਾਇਆ। ਫ਼ਾਰਸੀ ਲਈ ਖ਼ਜ਼ਾਨੇ 'ਚੋਂ ਧਨ ਵੀ ਖਰਚ ਕੀਤਾ। ਇਸ ਮਜਬੂਰੀ ਕਰਕੇ ਲੋਕਾਂ ਨੂੰ ਅਰਬੀ ਅਤੇ ਫ਼ਾਰਸੀ ਪੜ੍ਹਨੀ ਪਈ ਅਤੇ ਨਾਲ ਹੀ ਆਪਣੀ ਸਥਾਨਕ ਭਾਸ਼ਾ ਨੂੰ ਵੀ ਵਿਕਸਿਤ ਕੀਤਾ। ਇਸਲਾਮੀ ਰਾਜਿਆਂ ਨੇ ਜਿੱਥੇ ਧਰਮ ਦੀ ਪ੍ਰਗਤੀ 'ਤੇ ਕੰਮ ਕੀਤਾ, ਉੱਥੇ ਅਰਬੀ ਅਤੇ ਫ਼ਾਰਸੀ 'ਤੇ ਵੀ ਕੰਮ ਕੀਤਾ ਅਤੇ ਇਸ ਤੇ ਧੰਨ ਵੀ ਖਰਚ ਕੀਤਾ। ਲੋਕਾਂ ਨੂੰ ਮਜਬੂਰੀ ਨਾਲ ਇਹ ਬੋਲੀਆਂ ਪੜ੍ਹਨੀਆਂ ਪਈਆਂ। ਜਿਵੇਂ ਅੰਗਰੇਜ਼ਾਂ ਦੇ ਆਉਣ ਨਾਲ ਅੰਗਰੇਜ਼ੀ ਪੜ੍ਹਨੀ ਸ਼ੁਰੂ ਕੀਤੀ। ਜਿਵੇਂ-ਜਿਵੇਂ ਅੰਗਰੇਜ਼ਾਂ ਦੇ ਕਬਜ਼ੇ ਵਾਲਾ ਇਲਾਕਾ ਵੱਧਦਾ ਗਿਆ ਤਿਵੇਂ-ਤਿਵੇਂ ਅੰਗਰੇਜ਼ੀ ਬੋਲੀ ਦਾ ਰੁੱਤਬਾ ਵੱਧਦਾ ਗਿਆ। ਲੋਕ ਈਸਾਈ ਧਰਮ ਵੱਲ ਅਕਰਸ਼ਤ ਹੋਏ। ਅੰਗਰੇਜ਼ਾਂ ਦੇ ਧਾਰਮਿਕ ਆਗੂਆਂ ਨੇ ਲੋਕ ਬੋਲੀਆਂ ਵਿੱਚ ਬਾਈਬਲ ਛਪਾਉਣਾ ਸ਼ੁਰੂ ਕੀਤਾ, ਕਿਉਂਕਿ ਬਾਈਬਲ ਦਾ ਉਦੇਸ਼ ਸੀ ਕਿ ਲੋਕ ਬਾਈਬਲ ਆਪਣੀ ਬੋਲੀ ਵਿੱਚ ਸਮਝ ਸਕਣ ਅਤੇ ਈਸਾਈ ਧਰਮ ਵੱਲ ਪ੍ਰੇਰਿਤ ਹੋਣ। ਅੰਗਰੇਜ਼ਾਂ ਦੀ ਬੋਲੀ ਨਾ ਤਾਂ ਸੰਸਕ੍ਰਿਤ ਸੀ, ਨਾ ਤਾਂ ਅਰਬੀ ਅਤੇ ਨਾ ਹੀ ਸਥਾਨਕ ਬੋਲੀ ਸੀ। ਅੰਗਰੇਜ਼ਾਂ ਦਾ ਮੁੱਖ ਉਦੇਸ਼ ਧਾਰਮਿਕ ਸਮੱਗਰੀ ਜਾਂ ਲੋਕ ਬੋਲੀ ਵਿੱਚ ਪ੍ਰਚਾਰ ਕਰਨਾ ਤਾਂ ਕਿ ਸਥਾਨਕ ਲੋਕਾਂ ਨੂੰ ਧਰਮ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਰਾਜ ਦੀ ਸਹਾਇਤਾ ਕਰਵਾਈ ਜਾਵੇ। ਪੰਜਾਬ ਦਾ ਪਹਿਲਾ **ਗੁਰਮੁਖੀ ਪ੍ਰੈਸ** ਈਸਾਈ ਮਿਸ਼ਨਰੀਆਂ ਨੇ ਹੀ 1845 ਈ. ਵਿੱਚ ਮੌਜੂਦਾ ਲੁਧਿਆਣੇ 'ਚ C.M.C ਹਸਪਤਾਲ ਦੇ ਨੇੜੇ ਲਗਾਇਆ ਸੀ। ਇਸ ਤਰ੍ਹਾਂ ਧਾਰਮਿਕ ਅਤੇ ਪੰਜਾਬੀ ਸਾਹਿਤ ਛਾਪਣਾ ਸ਼ੁਰੂ ਕੀਤਾ। ਪੰਜਾਬੀ ਵਿਆਕਰਨ ਦਾ

ਪਹਿਲਾ ਕਰਤਾ ਪ੍ਰੋ. ਕੈਰੀ ਨੂੰ ਮੰਨਿਆ ਜਾਂਦਾ ਹੈ। ਈਸਾਈ ਧਾਰਮਿਕ ਸਾਹਿਤ ਬਾਈਬਲ ਵੀ ਗੁਰਮੁਖੀ ਵਿੱਚ ਛਾਪਿਆ ਤਾਂ ਕਿ ਲੋਕ ਬੋਲੀ ਵਿੱਚ ਧਰਮ ਅਤੇ ਬੋਲੀ ਦਾ ਪ੍ਰਚਾਰ ਕੀਤਾ ਜਾ ਸਕੇ।

ਸਿੱਖ ਰਾਜਿਆਂ ਨੇ ਬੰਦਾ ਬਹਾਦਰ ਤੋਂ ਲੈ ਕੇ ਫੂਲਕੀਆਂ ਰਾਜੇ, ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਰਾਜਿਆਂ ਨੇ ਅਜਿਹਾ ਕੰਮ ਨਹੀ ਕੀਤਾ ਅਤੇ ਨਾ ਹੀ ਧਰਮ ਪ੍ਰਚਾਰ ਕਰ ਸਕੇ । ਇਸ ਦਾ ਸਿੱਟਾ ਇਹ ਨਿਕਲਿਆ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਹੋਣ ਪਿੱਛੋਂ ਅੰਗਰੇਜ਼ਾਂ ਦਾ ਰਾਜ 'ਤੇ ਕਬਜ਼ਾ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਰਾਜ ਭਾਸ਼ਾ ਫ਼ਾਰਸੀ ਸੀ। ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ਾਂ ਦੇ ਆਉਣ ਨਾਲ ਫ਼ਾਰਸੀ ਰੱਦ ਹੋ ਗਈ ਅਤੇ ਅੰਗਰੇਜ਼ੀ ਨੂੰ medium of instruction ਬਣਾਇਆ। ਇਸ ਇਲਾਕੇ ਵਿੱਚ ਬਹੁ ਗਿਣਤੀ ਮੁਸਲਮਾਨਾਂ ਦੀ ਸੀ। ਉਹਨਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਉਰਦੂ ਨੂੰ ਰਾਜ ਭਾਸ਼ਾ ਬਣਾਇਆ ਅਤੇ ਪੰਜਾਬੀ ਨਾਲ ਗਦਾਰੀ ਕੀਤੀ। ਇਸ ਨੂੰ ਅਸੀ ਹੁਣ ਵੀ ਪਾਕਿਸਤਾਨ ਪੰਜਾਬ ਵਿੱਚ ਦੇਖ ਸਕਦੇ ਹਾਂ ਕਿ ਰਾਜ ਭਾਸ਼ਾ ਉਰਦੂ ਉੱਤੇ ਅੰਗਰੇਜ਼ੀ ਹੈ, ਪੰਜਾਬੀ ਨਹੀ। ਸੋ ਇਸ ਤੋਂ ਹੁਣ ਤੱਕ ਦਾ ਇਹ ਸਿੱਟਾ ਨਿਕਲਦਾ ਹੈ ਕਿ ਬਾਬੇ ਨਾਨਕ ਕਰਕੇ ਹੀ ਗੁਰਮੁਖੀ ਲਿੱਪੀ ਅਤੇ ਪੰਜਾਬੀ ਬੋਲੀ ਬਚ ਸਕੀ ਹੈ।

ਬਾਲ ਕਵਿਤਾ

# ਰਿੱਛ ਦੇ ਵਾਲ ਤੇ ਮੈਂ

**ਹਰਪ੍ਰੀਤ ਪੱਤੋ**
ਪਿੰਡ ਪੱਤੋ ਹੀਰਾ ਸਿੰਘ ਮੋਗਾ
ਫੋਨ ਨੰਬਰ : 94658-21417

ਇੱਕ ਭਾਈ ਇੱਕ ਭਾਲੂ ਲੈ ਕੇ
ਸਾਡੀ ਗਲ਼ੀ ਵਿੱਚ ਆਇਆ।
ਆ ਬੈਠਾ ਵਿੱਚ ਚੌਂਕ ਦੇ ,
ਡੋਰੂ ਉਸ ਖੜਕਾਇਆ।

ਆਵਾਜ਼ ਸੁਣ ਸਭ ਵੇਖਣ ਆਏ,
ਬੰਤਾ ਤੇ ਹਰਨਾਮਾ।
ਛੋਟੇ ਜਵਾਕ ਨੂੰ ਕੁੱਛੜ ਚੁੱਕੀ ,
ਆਈ ਜਾਵੇ ਭਾਨਾ।

ਵੇਖਣ ਆਏ ਪਿੰਡ ਦੇ ਲੋਕੀ,
ਘੇਰਾ ਘੱਤ ਕੇ ਬਹਿ ਗਏ।
ਵੱਡਾ ਸਾਰਾ ਰਿੱਛ ਵੇਖ, ਬੱਚੇ
ਬੁੱਕਲਾਂ ਦੇ ਵਿੱਚ ਸਹਿ ਗਏ।

ਕੋਲ ਮਦਾਰੀ ਦੇ ਸੀ ਡੰਡਾ,
ਜਿਸ ਨਾਲ ਰਿੱਛ ਨਚਾਵੇ।
ਉਹ ਵੀ ਸੀ ਬੜਾ ਸਿਆਣਾ,
ਸਮਝ ਇਸ਼ਾਰਾ ਜਾਵੇ।

ਕਈ ਤਰਾਂ ਦੀਆਂ ਖੇਡਾਂ ਕਰਕੇ,
ਸਭ ਨੂੰ ਖ਼ੂਬ ਹਸਾਇਆ।
ਕੋਈ ਆਟਾ, ਕੋਈ ਦਾਣੇ ਲੈ ਕੇ,
ਦੇਣ ਘਰਾਂ ਤੋਂ ਆਇਆ।

ਮਾਂ ਮੇਰੀ ਨੇ ਕਿਹਾ ਭਾਈ ਆਹ
ਮੁੰਡਾ ਰੋਂਦਾ ਰਹਿੰਦਾ।
ਇਹਨੂੰ ਰਿੱਛ 'ਤੇ ਝੂਟਾ ਦੇ ਦਈਏ,
ਭਾਈ ਅੱਗੋਂ ਕਹਿੰਦਾ।

ਵਾਲ ਪੁੱਟ ਕੇ ਰਿੱਛ ਦੇ ਦਿੱਤੇ ,
ਰੱਖੀਂ ਗਲ਼ ਵਿੱਚ ਪਾ ਕੇ।
ਮੁੰਡਾ ਤੇਰਾ ਹੁਣ ਨੀ ਰੋਂਦਾ
ਨਜ਼ਰੋਂ ਰੱਖੂ ਬਚਾ ਕੇ।

ਏਹੋ ਜੇਹੇ ਸਮੇਂ ਉੱਦੋਂ ਸੀ
ਕਈਆਂ ਨੂੰ ਯਾਦ ਕਰਾ 'ਤੇ।
'ਪੱਤੋ' ਕਿੰਨਾਂ ਵਕਤ ਬਦਲਿਆ,
ਸਭ ਕੁੱਝ ਰੱਖ 'ਤਾ ਭੁਲਾ ਕੇ।



ਸਾਹਿਬ ਨਾਜ਼

ਦੇਰ ਵਕਤ ਦਾ ਨਮਾਜ਼ੀ ਨਹੀਂ ਚੰਗਾ
ਤੋਬਾ ਦੇ ਬਿਨ ਹਾਜ਼ੀ ਨਹੀਂ ਚੰਗਾ
ਆਇਤਾਂ ਤੋਂ ਬਿਨਾਂ ਕਾਜ਼ੀ ਨਹੀਂ ਚੰਗਾ
ਜੋ ਵੰਡ ਪਾ ਕੇ ਹੋਵੇ ਰਾਜ਼ੀ, ਉਹ ਰਾਜ਼ੀ ਨਹੀਂ ਚੰਗਾ

ਜੋ ਗੁਰਬਤ ਵਿੱਚ ਚੋ ਜਾਵੇ ਉਹ ਭਾਂਡਾ ਨਹੀਂ ਚੰਗਾ
ਜੋ ਸਫ਼ਰ ਵਿੱਚ ਸੌਂ ਜਾਵੇ ਉਹ ਸਾਥੀ ਨਹੀਂ ਚੰਗਾ
ਦਾਨ ਕਰਕੇ ਸੁਣਾ ਦਵੇ ਉਹ ਦਾਨੀ ਨਹੀਂ ਚੰਗਾ
ਜੋ ਜਾਮ ਨੂੰ ਛਲਕਾ ਦੇਵੇ ਉਹ ਸਾਥੀ ਨਹੀਂ ਚੰਗਾ

ਜੋ ਫੁੱਲਾਂ ਉੱਤੋਂ ਭੌਰਿਆਂ ਨੂੰ ਉਡਾ ਲਵੇ ਉਹ ਮਾਲੀ ਨਹੀਂ ਚੰਗਾ
ਜੋ ਯਾਰ ਖਿਆਲ ਵਿੱਚ ਮਾਲ ਲਵੇ ਉਹ ਯਾਰ ਖਿਆਲੀ ਨਹੀਂ ਚੰਗਾ

ਚੰਗੀਆਂ ਦੇ ਵਿੱਚ ਉਹ ਕੋਈ ਵੀ ਨਹੀਂ ਚੰਗਾ
ਜਿਵੇਂ ਖੁਲ੍ਹੇ ਆਸਮਾਨ ਵਿੱਚ ਰੰਗ-ਬਿਰੰਗੀਆਂ ਪਤੰਗਾਂ
ਜੇ ਕੀਤੇ ਨੇ ਅਮਲ ਨਾਜ਼ ਰੱਖੀ ਜੱਗ ਤੋਂ ਲੁਕਾ ਕੇ
ਘੁੰਡ ਚੁੱਕਿਆ ਫਿਰ ਰਹਿੰਦੀਆਂ ਨਹੀਂ ਸੰਗਾਂ।

***

# ਪਰਵਾਸੀ ਸਾਹਿਤ ਅਤੇ ਸਭਿਆਚਾਰਕ ਦਵੰਦ

**ਡਾ. ਕੁਲਵਿੰਦਰ ਕੌਰ**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ, ਕਾਲਾ ਸੰਘਿਆ, ਕਪੂਰਥਲਾ।



ਪੰਜਾਬੀ ਸਾਹਿਤ ਸਿਰਜਣਾ ਵਿੱਚ ਪਰਵਾਸੀ ਸਾਹਿਤ ਦਾ ਵਿਸ਼ੇਸ਼ ਯੋਗਦਾਨ ਮੰਨਿਆ ਗਿਆ ਹੈ। ਪਰਵਾਸੀ ਸਾਹਿਤਕਾਰਾਂ ਨੇ ਵਿਭਿੰਨ ਸਾਹਿਤਿਕ ਰੂਪਾਂ ਦੀ ਸਿਰਜਣਾ ਕਰਕੇ ਪੰਜਾਬੀ ਸਾਹਿਤ ਨੂੰ ਕੇਵਲ ਅਮੀਰ ਹੀ ਨਹੀਂ ਬਣਾਇਆ, ਸਗੋਂ ਵਿਸ਼ਵ ਦ੍ਰਿਸ਼ਟੀ ਵੀ ਪ੍ਰਦਾਨ ਕੀਤੀ ਹੈ। ਇਸ ਲਈ ਪਰਵਾਸੀ ਸਾਹਿਤ ਸਿਰਜਣਾ ਸਾਡੇ ਸਾਹਿਤ ਤੇ ਸਮਾਜ-ਸਭਿਆਚਾਰ ਦਾ ਅੰਗ ਹੁੰਦਿਆਂ ਹੋਇਆ ਆਪਣੇ ਵਿਸ਼ਵ ਵਰਤਾਰੇ ਦੇ ਕਾਰਨ ਤੇ ਵਿਭਿੰਨ ਪ੍ਰਸਥਿਤੀਆਂ ਕਰਕੇ ਆਪਣੀ ਨਿਵੇਕਲੀ ਪਛਾਣ ਹੀ ਨਹੀਂ ਬਣਾਉਂਦੀ, ਸਗੋਂ ਪੰਜਾਬੀ ਸਾਹਿਤ ਵਿਚ ਨਵੀਨ ਪਰਵਾਸੀ ਸਭਿਆਚਾਰਕ-ਦਵੰਦਾਂ ਅਤੇ ਵਿਲੱਖਣ ਮੁਹਾਵਰੇ ਨੂੰ ਵੀ ਪ੍ਰਗਟਾਉਂਦੀ ਹੈ। ਇਸ ਤਰ੍ਹਾਂ ਪਰਵਾਸੀ ਸਾਹਿਤ ਸਿਰਜਣਾ ਨਵੇਂ ਨੈਤਿਕ ਮੁੱਲਾਂ ਵਾਲਾ ਸਾਹਿਤ ਸਿਰਜ ਕੇ ਪਰਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੇ ਜਨ-ਜੀਵਨ ਨੂੰ ਬਿਆਨ ਕਰਨ ਦੇ ਨਾਲ-ਨਾਲ ਆਰਥਿਕ, ਰਾਜਨੈਤਿਕ, ਧਾਰਮਿਕ ਸੰਕਟ ਨੂੰ ਵੀ ਪ੍ਰਤੀਬਿੰਬ ਕਰਦੀ ਹੈ।

ਅਸਲ ਵਿੱਚ ਪਰਵਾਸ ਮਨੁੱਖੀ ਫ਼ਿਤਰਤ ਦੀ ਆਦਿ ਕਾਲ ਤੋਂ ਚਲੀ ਆ ਰਹੀ ਪ੍ਰਵਿਰਤੀ ਹੈ। ਜਿਹੜੀ ਮਨੁੱਖ ਨੂੰ ਇਕ ਥਾਂ ਤੇ ਰਹਿਣ/ਟਿਕਣ ਨਹੀਂ ਦਿੰਦੀ ਅਤੇ ਇਸ ਦਾ ਸਿੱਧਾ ਸੰਬੰਧ ਕੇਵਲ ਆਰਥਿਕਤਾ ਨਾਲ ਹੈ।

ਇਸ ਨੇ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਪੰਜਾਬ ਜਨ-ਜੀਵਨ ਨੂੰ ਇਨ੍ਹਾਂ ਪ੍ਰਭਾਵਿਤ ਕੀਤਾ ਹੈ ਕਿ ਹਰੇਕ ਨੌਜਵਾਨ ਬਾਹਰਲੇ ਮੁਲਕਾਂ ਨੂੰ ਜਾਣ ਵਿੱਚ ਲੱਗਾ ਹੋਇਆ ਹੈ। ਵਿਸ਼ੇਸ਼ ਕਰਕੇ ਉਥੋਂ ਦੀਆਂ ਸੁੱਖ-ਸਹੂਲਤਾਂ ਅਤੇ ਡਾਲਰਾਂ ਤੇ ਪੌਂਡਾ ਦੀ ਚਕਾਚੌਂਦ ਵੱਲ ਉਹ ਸਹਿਜੇ ਹੀ ਖਿੱਚੇ ਜਾਂਦੇ ਹਨ। ਇਸ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਇਹ ਅਜਿਹਾ ਸੰਕਟ ਹੈ ਕਿ ਪੜ੍ਹੇ ਲਿਖੇ ਨੌਜਵਾਨਾਂ ਨੂੰ ਆਪਣੀ ਪਸੰਦ ਦਾ ਕੰਮ ਜਾਂ ਨੌਕਰੀ ਨਹੀਂ ਮਿਲਦੀ। ਏਸੇ ਲਈ ਬਾਹਰ ਵਿਦੇਸ਼ 'ਚ' ਜਾਣ ਲਈ ਤਰਜੀਹ ਦੇਣ ਲਗ ਪਏ ਹਨ। ਇਸ ਸੰਬੰਧੀ ਡਾ. ਸੁਰਜੀਤ ਬਰਾੜ ਦਾ ਵਿਚਾਰ ਹੈ- ਪੰਜਾਬ ਦੀ ਅਜੋਕੀ ਨੌਜਵਾਨ ਪੀੜ੍ਹੀ ਆਪਣੇ ਦੇਸ਼ 'ਚ ਕੰਮ ਕਰਨ ਦੀ ਬਜਾਇ ਵਿਦੇਸ਼ਾਂ 'ਚ ਜਾਣ ਨੂੰ ਤਰਜ਼ੀਹ ਦਿੰਦੀ ਹੈ ਅਤੇ ਉਸ ਲਈ ਹਰ ਜਾਇਜ/ਨਜ਼ਾਇਜ ਹੀਲਾ ਵਰਤਣੋਂ ਗੁਰੇਜ਼ ਨਹੀਂ ਕਰਦੀ। ਇਹ ਨੌਜਵਾਨ ਮੁੰਡੇ ਗਾਇਕ ਬਣ ਕੇ ਅਮੀਰ ਬਨਣ, ਸਾਧ ਬਣਕੇ ਅਯਾਸ਼ੀਆਂ ਕਰਨ 'ਚ ਵਿਸ਼ਵਾਸ ਰੱਖਦੇ ਹਨ। ਪੂੰਜੀਵਾਦ ਨੇ ਪੰਜਾਬ 'ਚ ਕੰਮ ਸਭਿਆਚਾਰ ਨੂੰ ਖ਼ਤਮ ਕਰ ਦਿੱਤਾ ਹੈ।

ਪੰਜਾਬੀ ਨਾਵਲ : ਸਮਾਜ ਸ਼ਾਸਤਰੀ ਪਰਿਪੇਖ, ਪੰਨਾ-52

ਇਸ ਤਰ੍ਹਾਂ ਨੌਜਵਾਨ ਕਾਹਲੀ ਵਿਚ ਬਾਹਰ ਜਾਣ ਲਈ ਉਤਾਵਲੇ ਹੁੰਦੇ ਹਨ। ਜਿਸ ਕਰਕੇ ਉਹ ਅਖੌਤੀ ਏਜੰਟਾਂ ਦੀ ਧੋਖਾਧੜੀ, ਨਜ਼ਾਇਜ ਢੰਗ ਨਾਲ ਵੀਜਾ ਲਵਾਉਣਾ, ਬਿਨਾਂ ਵਰਕ ਪਰਮਿਟ ਤੇ ਭੇਜਣਾ ਤੇ ਉਥੇ ਫੜੇ ਜਾਣ ਦਾ ਡਰ ਆਦਿ ਮੁਸ਼ਕਲਾਂ ਤੋਂ ਇਲਾਵਾ ਉਥੇ ਪਹੁੰਚ ਕੇ ਪੈਦਾ ਹੋਇਆ ਨਸਲੀ ਵਿਤਕਰਾ, ਪੀੜੀਆਂ ਦਾ ਪਾੜ੍ਹਾ, ਘਰ ਬਨਾਉਣ ਦੀ ਤਾਂਘ, ਔਰਤ ਦੀ ਤ੍ਰਾਸਦੀ, ਬੱਚਿਆਂ ਦਾ ਬੇਮੋਏ ਹੋਣਾ, ਇੱਕਲਤਾ ਦਾ ਅਹਿਸਾਸ ਤੇ ਸ੍ਵੈ ਦੀ ਹੋਂਦ ਦਾ ਖਤਰਾ ਆਦਿ ਦੁਖਾਂਤਕ ਸਥਿਤੀਆਂ ਨਾਲ ਜੂਝਣਾ ਪੈਂਦਾ ਹੈ।

ਵਿਭਿੰਨ ਪੱਛਮੀ ਦੇਸ਼ਾ ਦਾ ਸਭਿਆਚਾਰ, ਸਮਾਜਕ ਆਰਥਿਕ ਤੇ ਰਾਜਨੈਤਿਕ ਸਿਸਟਮ ਮੂਲ ਰੂਪ ਵਿੱਚ ਇਕੋ ਜਿਹਾ ਨਹੀਂ ਹੁੰਦਾ ਤੇ ਖਾਸ ਕਰਕੇ ਉਥੋਂ ਦੇ ਲੋਕਾਂ ਦਾ ਪਰਵਾਸੀਆਂ ਪ੍ਰਤੀ ਵਿਵਹਾਰ ਤੇ ਨਜ਼ਰੀਆ ਪ੍ਰਸੰਸਾਮੂਲਕ ਨਹੀਂ ਹੁੰਦਾ। ਇਨ੍ਹਾਂ ਦੁਸ਼ਵਾਰੀਆਂ ਦੀ ਉਪਜ ਸਦਕਾ ਹੀ ਪਰਵਾਸੀ ਸਾਹਿਤ ਹੋਂਦ ਵਿੱਚ ਆਇਆ ਜਿਸ ਨੇ ਪਰਵਾਸੀਆਂ ਦੀ ਮਾਨਸਿਕ ਤੇ ਆਰਥਿਕ ਸਥਿਤੀ ਦਾ ਪ੍ਰਗਟਾਵਾ ਕਰਕੇ (ਸਾਹਿਤ ਦੇ ਜ਼ਰੀਏ ਹੀ) ਉਹਨਾਂ ਨੂੰ ਜਾਗਰੂਕ ਕਰਾਇਆ ਕਿ ਉਹ ਆਪਣੇ ਹੱਕਾਂ ਲਈ ਸੰਘਰਸ਼ ਕਰਨ।

ਪਰਵਾਸੀ ਸਾਹਿਤ ਸਿਰਜਣਾ ਵਿੱਚ ਕਵਿਤਾ ਤੇ ਗਲਪ (ਜਿਸ ਵਿਚ ਨਾਵਲ, ਨਾਟਕ ਤੇ ਕਹਾਣੀ) ਆਦਿ ਸਾਹਿਤ ਰੂਪਾਂ ਵਿੱਚ ਪ੍ਰਗਟਾਇਆ ਗਿਆ ਹੈ। ਸਾਹਿਤਕਾਰਾਂ ਨੇ ਸਭਿਆਚਾਰਕ ਦਵੰਦ ਦਾ ਸ਼ਿਕਾਰ ਹੋਏ ਪਰਵਾਸੀਆਂ ਦੀਆਂ ਅੰਦਰੂਨੀ ਭਾਵਨਾਵਾਂ ਅਤੇ ਆਪਣੀ ਹੋਂਦ ਦੇ ਗਵਾਚਣ ਦੀਆਂ ਸਥਿਤੀਆਂ ਨੂੰ ਸਿਰਜ ਕੇ ਪੰਜਾਬੀ ਸਾਹਿਤ ਨੂੰ ਵੱਡੀ ਦੇਣ ਦਿੱਤੀ ਹੈ। ਇਸ ਦੇ ਨਾਲ ਹੀ ਪਰਵਾਸੀ ਸਾਹਿਤ ਵਿੱਚ ਅੰਤਰ-ਸਭਿਆਚਾਰ ਵਜੋਂ ਇਕ ਮਿਸ਼ਰਿਤ ਸਭਿਆਚਾਰ ਪੈਦਾ ਕਰਕੇ ਇੱਕ ਨਵੀਂ ਤਰ੍ਹਾਂ ਦੀ ਭਾਸ਼ਾ ਤੇ ਟੈਕਨਾਲੋਜੀ ਦੀ ਤਕਨੀਕੀ ਸ਼ਬਦਾਵਲੀ ਨੂੰ ਪ੍ਰਗਟਾ ਕੇ ਨਵੀਨ ਪ੍ਰਕਾਰ ਦੇ ਮੁਹਾਵਰੇ ਵਾਲੀ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਪਰਵਾਸੀ ਸਾਹਿਤ ਸਿਰਜਣਾ ਵਿਚ ਕਵਿਤਾ ਸੰਬੰਧੀ ਗੱਲ ਕਰੀਏ ਤਾਂ ਬਹੁਤ ਸਾਰੀਆਂ ਯਥਾਰਥ, ਸਮਾਜਕ ਅਤੇ ਸਭਿਆਚਾਰਕ ਦਵੰਦਾ ਦੀਆਂ ਤੰਦਾਂ ਨੂੰ ਕਵੀਆਂ ਨੇ ਬੇਬਾਕੀ ਨਾਲ ਪ੍ਰਗਟਾਇਆ ਹੈ। ਇਸ ਸੰਦਰਭ ਵਿੱਚ ਰਵਿੰਦਰ ਰਵੀ, ਨਰਿੰਜਨ ਸਿੰਘ ਨੂਰ, ਆਜਾਇਬ

ਕਮਾਲ, ਦੇਵ, ਅਮਰ ਜਯੋਤੀ, ਪਿਆਰਾ ਸਿੰਘ ਪਿਆਰ, ਸੁਖਵਿੰਦਰ ਕੰਬੋਜ, ਸ਼ਸ਼ੀ ਸਮੁੰਦਰਾਂ, ਦੇਵਿੰਦਰ ਕੌਰ, ਮਹਿੰਦਰ ਗਿੱਲ, ਪ੍ਰਕਾਸ਼ ਹਮਰਾਹੀ, ਤਰਸੇਮ ਲਾਲ, ਸੁਰਜੀਤ ਕਲਸੀ ਆਦਿ ਕਵੀਆਂ ਦੀਆਂ ਰਚਨਾਵਾਂ ਉਥੋਂ ਦੀਆਂ ਮੁਸ਼ਕਲਾਂ ਤੇ ਤੰਗੀਆਂ ਭਰੇ ਜਨ-ਜੀਵਨ ਨੂੰ ਪ੍ਰਗਟਾਉਂਦੀਆਂ ਹਨ।

ਪਰਵਾਸੀ ਕਵਿਤਾ ਵਿੱਚ ਇਕ ਨਵੀਂ ਕਿਸਮ ਦਾ ਸਭਿਆਚਾਰਕ ਦਵੰਦ ਸਾਹਮਣੇ ਆਉਂਦਾ ਹੈ ਇਸ ਦਾ ਮੂਲ ਕਾਰਨ ਹੈ ਪੰਜਾਬੀ ਲੋਕ ਉਥੋਂ ਦੇ ਸਭਿਆਚਾਰ ਨੂੰ ਸਹਿਜੇ ਅਪਨਾਉਣ ਤੋਂ ਡਰਦੇ ਹਨ ਕਿਉਂਕਿ ਉਹ ਸਾਡੇ ਸਭਿਆਚਾਰ ਤੋਂ ਅਸਲੋਂ ਭਿੰਨ ਹੈ, ਜਿਸ ਕਰਕੇ ਉਹ ਆਪਣੇ ਸਭਿਆਚਾਰ ਦੇ ਮੋਹ ਤੋਂ ਟੁੱਟ ਨਹੀਂ ਸਕਦੇ ਪਰ ਆਪਣੀ ਆਰਥਿਕ ਮਜ਼ਬੂਰੀ ਵਸ ਉਸ ਸਭਿਆਚਾਰ ਨਾਲ ਇੱਕ ਜੁੱਟ ਹੋ ਕੇ ਆਪਣੀ ਸਾਂਝ ਨੂੰ ਪਹਿਲ ਦਿੰਦੇ ਹਨ ਅਤੇ ਇਹ ਵੀ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਪੰਜਾਬੀ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ ਜਿਸ ਕਰਕੇ ਦੋਵੇਂ ਤਰ੍ਹਾਂ ਦੇ ਸਭਿਆਚਾਰ ਨਾਲ ਆਪਣੀ ਵਫ਼ਾਦਾਰੀ ਦੀ ਇਕਸਾਰਤਾ ਨੂੰ ਬਣਾਈ ਰਖਣਾ ਚਾਹੁੰਦੇ ਹਨ। ਜਿਸ ਦਾ ਪ੍ਰਗਟਾਵਾ ਮਹਿੰਦਰ ਗਿਲ ਨੇ ਇਸ ਪ੍ਰਕਾਰ ਕੀਤਾ ਹੈ:-

ਦੇਸ਼ ਅਤੇ ਵਿਦੇਸ਼ ਦਾ ਰਿਸ਼ਤਾ
ਤਾਂ ਕਿਰਨ ਅਤੇ ਕਣ ਦਾ ਰਿਸ਼ਤਾ
ਤੇ ਅਸੀਂ ਹਾਂ ਉਸ ਮੁਕਾਮ ਨੂੰ ਪਾਉਣਾ
ਜਿਥੇ ਦੋਵੇਂ ਇੱਕ ਹੁੰਦੇ ਨੇ। ਵਿਤਕਰੇ ਦੇ

ਪਰਵਾਸੀ ਸਭਿਆਚਾਰ ਨੂੰ ਅਪਨਾਉਣ ਸੰਬੰਧੀ ਦੇਵ ਨੇ ਆਪਣੀ ਕਵਿਤਾ ਵਿਚ ਸਹਿਜਤਾ ਦਾ ਪ੍ਰਗਟਾਵਾ ਕੀਤਾ :-

ਪਰਵਾਸ ਨੇ ਮੇਰੇ ਅਖੋਰਾਂ ਨੂੰ ਖੋਰਿਆ ਨਹੀਂ ਮੈਂ ਉਦਰੇਵਿਆਂ ਤੇ ਨ੍ਹੇਰਿਆਂ 'ਚ ਹੋਕਿਆ ਦੀ ਨੀਂਦ ਨਹੀਂ ਸੌਂਦਾ। ਨਹੀਂ ਮੈਂ ਤਰਸ ਭਰਿਆ ਦੀ ਜਹਿਨੀ ਕੰਗਾਲੀ ਦਾ ਝੰਡਾ ਵੀ ਨਹੀਂ ਹੋਰ ਜ਼ਮੀਨਾਂ ਦੀ ਤਲਾਸ਼ 'ਚ ਮੈਂ ਪੁੱਲ ਉਸਾਰਦਾ ਹਾਂ।

ਅਸਲ ਵਿਚ ਜਿਨ੍ਹਾਂ ਵਿਅਕਤੀਆਂ ਨੂੰ ਪਾਰ-ਸਭਿਆਚਾਰ ਵਿੱਚ ਕੋਈ ਮੁਸ਼ਕਲਾਂ ਨਹੀ ਆਈਆਂ ਉਹ ਉਸ ਨਾਲ ਸਹਿਜੇ ਜੁੜ ਗਏ ਪਰ ਵਧੇਰੇ ਪਰਵਾਸੀ ਉਸਨੂੰ ਅਪਨਾਉਣ ਨੂੰ ਤਿਆਰ ਨਹੀਂ ਹੁੰਦੇ ਕਿਉਂਕਿ ਆਪਣੇ ਸਭਿਆਚਾਰ ਦੀ ਯਾਦ ਦੇ ਮੋਹ ਸਦਕਾ ਪੱਛਮੀ ਸਭਿਆਚਾਰ ਨੂੰ ਕਬੂਲਣ ਤੋਂ ਪ੍ਰਹੇਜ ਕਰਦੇ ਹਨ। ਇਸੇ ਕਰਕੇ ਨਵੀਨ ਸਭਿਆਚਾਰ ਦੀ ਜੱਦੋ ਜ਼ਹਿਦ ਉਹਨਾਂ ਲਈ ਹੋਣੀ ਅਤੇ ਰਾਸਦੀ ਦਾ ਕਾਰਨ ਬਣਦੀ ਹੈ, ਜਿਸ ਦਾ ਕਲਾਤਮਿਕ ਰੂਪ ਵਿੱਚ ਪ੍ਰਗਟਾਵਾ ਕਰਦੀ ਹੋਈ ਕਵਿੱਤਰੀ ਅਮਰ ਜਯੋਤੀ ਦੀ ਰਚਨਾ ਇਹ ਹੈ :-

ਅਸੀਂ ਕਿਉਂ ਭਏ ਪਰਦੇਸ, ਨੀ ਅੰਮੀ ਮੇਰੀਏ ਕਹਿਣ ਲੋਕੀ
ਅਸੀਂ ਬਹਿਸ਼ਤ ਵਸਦੇ, ਨਾਂ ਦੁੱਖ ਅਸੀਂ ਕਿਸਨੂੰ ਦੱਸਦੇ।

ਅਸਲ ਵਿਚ ਪਰਵਾਸੀ ਕਵਿਤਾ ਵਿੱਚ ਪੀੜ੍ਹੀ-ਪਾੜ੍ਹਾ, ਭੂ-ਹੇਰਵਾ, ਸਭਿਆਚਾਰਕ ਬਣਾਓ ਮਨੁੱਖੀ ਆਂਤਰਿਕ ਕਸ਼ਟ, ਘਰ ਛੱਡਣ ਦਾ ਗਮ, ਬੇਮੁਖ ਹੋਏ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਪੱਛਮੀ ਰੰਗਤ ਵਿਚ ਬੱਚਿਆਂ ਦਾ ਸਿੱਧੇ ਵਲੀਨ ਹੋ ਕੇ ਆਪਣੀਆਂ ਕਦਰਾਂ-ਕੀਮਤਾਂ ਤੋਂ ਬਾਗੀ ਹੋਣਾ ਤੇ ਨਸਲੀ ਵਿਤਕਰਾ ਜੋ ਮਨੁੱਖੀ ਹੋਂਦ ਨੂੰ ਤਾਰ-ਤਾਰ ਕਰ ਦਿੰਦਾ ਹੈ ਆਦਿ ਸਮਾਜ ਸਭਿਆਚਾਰਕ ਸੰਕਟਾਂ ਨੂੰ ਕਵੀਆਂ ਨੇ ਪ੍ਰਗਟਾਇਆ ਹੈ। ਪੈਸਿਆਂ ਦੀ ਭੁੱਖ ਪਿੱਛੇ ਡਾਲਰਾਂ ਤੇ ਪੌਂਡਾਂ ਦੀ ਦੌੜ ਨੇ ਸਾਡੀਆਂ ਪੀੜੀਆਂ ਤੰਦਾਂ ਨੂੰ ਤਹਿਸ ਨਹਿਸ ਕੀਤਾ ਹੈ ਤੇ ਇਸ ਦਾ ਖੁਲਾਸਾ ਲੱਖਾ ਸਿੰਘ ਜੌਹਰ ਦੀ ਕਵਿਤਾ ਵਿਚੋਂ ਹੋਇਆ ਹੈ :-

ਅਸੀਂ ਪੈਸਿਆਂ ਦੇ ਭੁੱਖਿਆ ਨੇ, ਬੇਸ਼ਕ ਪੌਂਡ ਕਮਾ ਲਏ,
ਇਜੱਤ, ਅੱਣਖ, ਧਰਮ ਤੇ ਗੈਰਤ, ਸਵੇ ਔਲਾਦ ਗਵਾ ਲਏ।
ਬੋਲੀ ਸਭਿਆਚਾਰ, ਸਭਿਅਤਾ, ਕੁਝ ਵੀ ਨਾ ਰਿਹਾ ਪੱਲੇ।
ਖੱਟੀ ਖੱਟਣ ਆਏ ਸੀ, ਪਰ ਸਭ ਕੁਝ ਦੇ ਕੇ ਚੱਲੇ।

ਪਿਆਰਾ ਸਿੰਘ ਪਿਆਰ ਤਾਂ ਪਰਵਾਸ ਨੂੰ ਜਲਾਵਤਨੀ ਕਹਿੰਦਾ ਹੈ, ਜਿਹੜਾ ਦੋਹਰੀ ਸ਼ਹਿਰੀਅਤ ਦੀ ਮਾਨਤਾ ਰਖਣ ਦੀ ਮੰਗ ਕਰਦਾ ਹੈ, ਉਸਦੇ ਵਿਚਾਰ ਅਨੁਸਾਰ :-

ਘਰ ਦਾ ਰਿਹਾ ਨਾ ਘਾਟ ਦਾ, ਛੱਡ ਕੇ ਪਿਆਰਾ ਦੇਸ਼ ਮੈਂ ਇੱਕ ਜਲਾਵਤਨੀ ਬਸ਼ਰ ਹਾਂ, ਤੇ ਵਤਨ ਜਾਵਾਂ ਕਿਸ ਤਰ੍ਹਾਂ। ਇਥੇ ਹੀ ਬੱਸ ਨਹੀਂ ਪਰਵਾਸੀ ਕਵਿਤਾ ਵਿੱਚ ਨਸਲੀ ਵਿਤਕਰਾ ਮਨੁੱਖੀ ਹੋਂਦ ਨੂੰ ਅਜਿਹਾ ਡੰਗ ਮਾਰਦਾ ਹੈ ਜਿਹੜਾ ਪਰਵਾਸੀਆਂ ਲਈ ਸਹਿਣਾ ਬਹੁਤ ਮੁਸ਼ਕਲ ਹੁੰਦਾ ਹੈ। ਪੂੰਜੀਵਾਦੀ ਵਿਵਸਥਾ ਦੇ ਇਸ ਯੁੱਗ ਵਿਚ ਅਜਿਹਾ ਸੰਕਟ ਤ੍ਰਾਸਮਈ ਸਥਿਤੀ ਤੇ ਡਰ, ਸਹਿਮ ਦੇ ਮਾਹੌਲ ਨੂੰ ਉਤਪੰਨ ਕਰਦਾ ਹੈ। ਇਸ ਸੰਬੰਧੀ ਕਵੀ ਡਾ. ਮਹਿੰਦਰ ਗਿੱਲ ਆਪਣੇ ਅੰਦਰੂਨੀ ਗੁਬਾਰ ਨੂੰ ਕੱਢਦਾ ਲਿਖਦਾ ਹੈ :-

ਤੇ ਇਸ ਗਲੋਬਲ ਪਿੰਡ ਦੇ ਆਧੁਨਿਕ ਮੰਨੂ ਚਮੜੀ ਰੰਗ ਨੂੰ ਵੱਡਦੇ ਨੇ ਫਿਰਦੇ ਰੰਗ ਤੋਂ
ਚਿੱਟੇ ਯੂਰਪ ਨੂੰ ਖਤਰਾ ਹੋ

ਨਰਿੰਜਨ ਸਿੰਘ ਨੂਰ ਇਸਨੂੰ ਕਾਲਖ ਕਹਿੰਦਾ ਹੋਇਆ ਲਿਖਦਾ ਹੈ :-

ਇਸ ਮੰਡੀ ਵਿੱਚ ਕਾਲਖ ਵਿਕਦੀ,
ਕਾਲਖ ਗੋਰੇ ਰੰਗ ਦੀ ਪੱਥਰ ਦਿਲ ਮਸ਼ਬੋਈ ਮੋਈ,
ਫੁੱਲ ਨੂੰ ਸੂਲੀ ਟੰਗਦੀ।

ਭਾਵੇਂ ਪੰਜਾਬੀਆਂ ਦੇ ਮਨਾਂ ਵਿੱਚ ਉਹਨਾਂ ਲਈ ਆਦਰ-ਸਤਿਕਾਰ ਪੈਦਾ ਹੁੰਦਾ ਹੈ ਪਰ ਉਹ ਇਸ ਨਾਲ ਸੰਤੁਲਨ ਨਹੀਂ ਬਣਾਉਂਦੇ। ਇਸ ਸੰਬੰਧੀ ਅਕਸਰ ਇਹ ਵਿਚਾਰ ਪ੍ਰਗਟ ਹੋਏ ਹਨ:-

ਅਸੀਂ ਅਜੇ ਵੀ ਚਿੱਟੇ ਪੁਰਸ਼ਾਂ ਨੂੰ ਭਰਾਵਾਂ ਵਾਂਗ ਜੀ ਆਇਆ

ਕਹਿੰਦੇ ਹਾਂ ਪਰ ਇਸ ਧੋਖੇਬਾਜ਼ ਪੀਲੀ ਨਸਲ ਨੂੰ ਹੋਰ ਥਾਂ ਲੱਭਣੀ ਪਵੇਗੀ।

ਇਸ ਤਰ੍ਹਾਂ ਪੰਜਾਬੀ ਓਪਰੇ ਸਭਿਆਚਾਰ ਵਿਚ ਆਪਣੇ ਸਭਿਆਚਾਰ ਦੀ ਖਾਸ ਦਿੱਖ ਦਾ ਮੁਹਾਂਦਰਾ ਪੈਦਾ ਕਰਨ ਦੇ ਯਤਨ ਵੀ ਕਰਦੇ ਹਨ ਅਤੇ ਉਸ ਸਭਿਆਚਾਰ ਵਿਚ ਵਿਚਰਨ ਲਈ ਸੰਵੇਦਨਸ਼ੀਲਤਾ ਦਾ ਹੁੰਗਾਰਾ ਵੀ ਭਰਦੇ ਹਨ। ਪਰਵਾਸੀ ਕਵਿਤਾ ਵਿਚ ਏਸੇ ਸਭਿਆਚਾਰਕ ਹੋਂਦ ਦੀ ਉਸਾਰੀ ਦਾ ਤਰਲਾ ਦੇ ਕੇ ਦਰਦ ਵਿੰਨੀ ਡਰੀ ਹੋਈ ਸਥਿਤੀ ਦੇਸ ਤੇ ਪਰਦੇਸ਼ ਦੀ, ਘਰ ਤੇ ਬੇਘਰ ਹੋਣ ਦੀ, ਵਾਪਸ ਪਰਤਣ ਤੇ ਏਥੇ ਵਸਣ ਦੀ ਭਾਵਨਾ ਅਨੇਕਾਂ ਨਿਵੇਕਲੇ ਸਭਿਆਚਾਰਕ ਸਰੋਕਾਰਾਂ ਨੂੰ ਉਭਾਰਦੀ ਹੈ। ਜਿਸ ਦਾ ਪ੍ਰਗਟਾਵਾ ਡਾ. ਮਹਿੰਦਰ ਗਿੱਲ ਦੀ ਕਵਿਤਾ 'ਚ ਇੰਝ ਹੋਇਆ :-

ਬੇਘਰ ਆਪਣੇ ਦੇਸ਼ ਰਿਹਾ ਹਾਂ ਬੇਘਰ ਵਿਚ ਪ੍ਰਦੇਸ਼ਾਂ ...
ਸਤਾਈ ਕ੍ਰਿਸਮਿਸਾਂ ਆਈਆਂ ਤੇ ਸਤਾਈ ਹੀ ਗਈਆਂ
ਹਰ ਵਰ੍ਹੇ ਮੈਂ ਵਾਅਦਾ ਕਰਦਾ ਰਿਹਾ।
ਕਿ ਇਸ ਜਗਾਹ ਨੂੰ, ਆਪਣਾ ਘਰ ਬਣਾਵਾਂਗਾ।

ਪਰਵਾਸੀ ਪੰਜਾਬੀ ਕਵਿਤਾ ਸਮੇਂ ਦੀ ਰਫ਼ਤਾਰ ਨਾਲ ਆਪਣੇ ਵਿਚਾਰਾਂ ਵਿੱਚ ਕਈ ਨਵੇਂ ਪੱਖ ਵੀ ਪ੍ਰਗਟਾਉਂਦੀ ਹੈ। ਆਧੁਨਿਕ ਯੁੱਗ ਵਿੱਚ ਵਧ ਰਹੀ ਟੈਕਨਾਲੋਜੀ ਦਾ ਸਮਾਜ ਤੇ ਜੋ ਅਸਰ ਪੈ ਰਿਹਾ ਹੈ ਉਸ ਬ੍ਰਹਿਮੰਡੀ ਚੇਤਨਾ ਨੂੰ ਰਵਿੰਦਰ ਰਵੀ ਨੇ ਨਾਹਰਾ ਲਾਉਂਦਿਆ ਕਿਹਾ ਹੈ-

ਕਮਰੇ ਵਿੱਚ ਕੰਪਿਊਟਰ ਦੀ ਅਸੁਣੀ, ਟਿਕ-ਟਿਕ ਹੋਵੇਗੀ ਘਣੀ ਸੰਘਣੀ ਚੁੱਪ ...

ਤਕਨਾਲੋਜੀ ਆਈ, ਬਦਲ ਮਸ਼ੀਨ ਬਣੀ ਬੁਧੀ ਸਾਡੇ ਕਲਪੁਰਜਿਆ ਵਿਚ ਢਲੀ ਇੱਕ ਮਸ਼ੀਨ ਦੀ ਦੂਜੇ 'ਚ ਸੰਗ ਕਿਵੇਂ ਠਣੀ।

ਬਰੂਦਾਂ ਦੀ ਭੱਠ 'ਤੇ ਭਵਿੱਖ ਉਸਰ ਰਿਹਾ ਕੈਸਾ ਇਹ ਵਿਗਿਆਨਿਕ, ਸਭ ਨੂੰ ਮਾਰ ਰਿਹਾ।

ਔਰਤ ਦੀ ਮਾਨਸਿਕ ਪੀੜਾ ਦਾ ਦੁਖਾਂਤ ਵੀ ਪੰਜਾਬੀ ਪਰਵਾਸੀ ਕਵਿਤਾ 'ਚ ਪੇਸ਼ ਹੋਇਆ ਹੈ। ਉਸ ਦੀ ਇੱਕਲਤਾ ਦਾ ਪ੍ਰਗਟਾਵਾ ਅਤੇ ਨਾਲ ਵਾਪਰੇ ਦੁਖਾਂਤ ਨੂੰ ਕਵਿੱਤਰੀ ਦਾਨਵੀਰ ਕੌਰ ਲਿਖਦੀ ਹੈ :-

ਸਮੇਂ ਦੇ ਸੁਰਮਚੂ ਸੰਗ ਵਾਪਰੇ ਹਾਦਸਿਆਂ ਦਾ ਸੂਰਮਾ। ਆਪਣੀ ਅੱਖ 'ਚ ਮਟਕਾ ਕੇ ...

ਜਦ ਵੀ ਉਸਦੇ ਸਾਹਮਣੇ ਆਈ ਹਾਂ ਤਾਂ ਉਹ, ਪਤੱਝੜ ਦੀ ਹਲੀਮੀ ਨਾਲ ਪਾਸੇ ਹਟ ਜਾਂਦਾ ਹੈ।

ਘੜਨ ਲਗਦਾ ਹੈ ਨਵੀਂ ਸਾਜਿਸ਼ ਤੇ ਧਰ ਜਾਂਦਾ ਹੈ ਸਮੇਂ ਦੇ ਸੁਰਮਚੂਪਰਵਾਸੀ ਜੀਵਨ ਵਿੱਚ ਵਿਚਰਨ ਲਈ ਪੰਜਾਬੀ ਨਵ ਵਿਆਹੀਆਂ ਕੁੜੀਆਂ ਨਾਲ ਜਿਹੇ ਜਿਹਾ ਭੈੜਾ ਸਲੂਕ ਹੁੰਦਾ ਹੈ। ਉਸਦਾ ਪ੍ਰਗਟਾਵਾ ਪਰਦੇਸ਼ ਵਿੱਚ ਆਪਣੇ ਵਤਨ ਦੀ ਯਾਦ ਵਿੱਚ ਤੜਪਦੀ ਹੋਈ ਲੜਕੀ ਦੇ ਭਾਵ ਕੁਲਵਿੰਦਰ ਕੌਰ ਮਾਨ ਇਸ ਤਰ੍ਹਾਂ ਕਰਦੀ ਹੈ :-

ਧੀਆਂ ਪ੍ਰਦੇਸ਼ਣਾਂ ਦੇ ਲਿਖੇ ਕੀਹਨੇ ਲੇਖ ਮਾਏ ਸੱਤ ਨੀ ਸਮੁੰਦਰੋਂ ਪਰੇ।

ਦੱਸੋ ਕਿੰਝ ਤੋਰਦੇ ਹੋ, ਜਿਗਰ ਦੇ ਟੋਟਿਆਂ ਨੂੰ ਕਿਸੇ ਅਣਜਾਣਾ ਦੇ ਘਰੇ।

ਸੋ ਸਭਿਆਚਾਰ ਵਿੱਚ ਥਿੜਕਦੇ ਰਿਸ਼ਤਿਆਂ ਦੀ ਉਪਜ ਦੀ ਪਰਵਾਸੀ ਕਵਿਤਾ ਸਮਾਜ ਦੀ ਤਰਾਸਦੀ ਨੂੰ ਪ੍ਰਗਟਾਉਂਦੀ ਹੈ। ਇਸ ਤਰ੍ਹਾਂ ਪ੍ਰਵਾਸੀ ਕਵੀਆਂ ਨੇ ਆਪਣੇ ਜੀਵੰਤ ਅਨੁਭਵਾਂ ਨੂੰ ਕਲਮ-ਬੱਧ ਕਰਕੇ ਪੱਛਮੀ ਸਭਿਆਚਾਰ ਤੇ ਪੰਜਾਬੀ ਸਭਿਆਚਾਰ ਦੀ ਜੀਵਨ-ਜਾਚ ਦੇ ਅੰਤਰ-ਸੰਬੰਧਾਂ ਦੀ ਪੇਸ਼ਕਾਰੀ ਕਰਕੇ ਪੰਜਾਬੀ ਸਾਹਿਤ ਨੂੰ ਸੰਸਾਰ ਪੱਧਰ ਤੇ ਅਮੀਰ ਬਣਾਇਆ ਹੈ ਅਤੇ ਨਵੇਂ ਸੰਵਾਦ ਰਚ ਕੇ ਮੁੱਲਵਾਨ ਮੁਹਾਂਦਰੇ ਦੀ ਪੇਸ਼ਕਾਰੀ ਕੀਤੀ ਹੈ।

ਏਰੇ ਹੀ ਤਰ੍ਹਾਂ ਪਰਵਾਸੀ ਗਲਪ-ਸਿਰਜਣਾ ਨੇ ਵੀ ਪੰਜਾਬੀ ਸਾਹਿਤ ਨੂੰ ਨਵੀਨ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਵਿਭਿੰਨ ਆਰਥਿਕ, ਰਾਜਨੀਤਿਕ ਮਸਲਿਆਂ ਨੂੰ ਸਾਡੇ ਸਨਮੁੱਖ ਪੇਸ਼ ਕੀਤਾ ਹੈ। ਪਰਵਾਸੀ ਪੰਜਾਬੀ ਗਲਪ ਦੇ ਅੰਤਰਗਤ ਆਉਂਦੇ ਕਹਾਣੀ, ਨਾਵਲ, ਨਾਟਕ ਸਾਹਿਤ ਰੂਪਾਂ ਵਿਚ ਸਭਿਆਤਾਰ ਦਵੰਦ ਦੀ ਉਸ ਤਸਵੀਰ ਨੂੰ ਪ੍ਰਗਟਾਇਆ ਹੈ ਜਿਹੜੀ ਅਜੇ ਤੱਕ ਅਛੂਤੀ ਹੀ ਰਹੀ ਹੈ।

ਪਰਵਾਸੀ ਪੰਜਾਬੀ ਕਹਾਣੀ ਤੇ ਨਾਵਲ ਦੇ ਸੰਦਰਭ ਵਿੱਚ ਰਘਬੀਰ ਢੰਡ, ਸਵਰਨ ਚੰਦਰ, ਹਰਜੀਤ ਅਟਵਾਲ, ਸ਼ਿਵ ਚਰਨ ਗਿੱਲ, ਕੈਲਾਸ਼ਪੁਰੀ, ਵੀਣਾ ਵਰਮਾ ਅਤੇ ਜਰਨੈਲ ਸਿੰਘ ਗਲਪਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਪਰਵਾਸੀ ਜਨ-ਜੀਵਨ ਨੂੰ, ਰਿਸ਼ਤਿਆਂ ਦੀ ਟੁੱਟ ਭੱਜ, ਪੌਂਡਾ ਤੇ ਡਾਲਰਾਂ ਦੀ ਦੋੜ ਪਿਛੇ ਆਪਣੀ ਹੋਂਦ ਨੂੰ ਗਵਾਉਣ ਤੇ ਪੀੜ੍ਹੀ ਪਾੜਾ ਆਦਿ ਸਭਿਆਚਾਰਕ-ਪਸਾਰਾਂ ਨੂੰ ਸੰਵੇਦਨਸ਼ੀਲ ਰੂਪ ਵਿਚ ਪ੍ਰਗਟਾਇਆ ਹੈ। ਇਸ ਸੰਬੰਧੀ ਚਰਚਾ ਇਸ ਪ੍ਰਕਾਰ ਹੈ :-

ਪਰਵਾਸੀ ਜਨ-ਜੀਵਨ ਦਾ ਸਭ ਤੋਂ ਵੱਡਾ ਦੁਖਾਂਤ ਪੀੜ੍ਹੀ-ਪਾਏ ਦਾ ਹੈ ਜਿਥੇ ਸਾਡੇ ਸਭਿਆਚਾਰ ਵਿੱਚ ਪਰਿਵਾਰ ਦੇ ਜੀਆਂ ਦੀ ਆਪਸੀ ਸਾਂਝ ਮਿਲਦੀ ਹੈ ਪਰ ਉਥੇ ਮਾਂ-ਬਾਪ ਵਧੇਰੇ ਕਰਕੇ ਕੰਮਾਂ ਵਿਚ ਰੁਝੇ ਰਹਿੰਦੇ ਹਨ ਤੇ ਬੱਚਿਆਂ ਪ੍ਰਤੀ ਧਿਆਨ ਨਹੀਂ ਦਿੰਦੇ ਜਿਸ ਕਰਕੇ ਬੱਚੇ ਪੱਛਮੀ ਰੰਗਤ ਤੇ ਰਹਿਤਲ ਵੱਲ ਸਿੱਧੇ ਖਿੱਚੇ ਜਾਂਦੇ ਹਨ : ਜਿਹੜਾ ਸਭਿਆਚਾਰਕ ਦਵੰਦ ਦਾ ਮੂਲ ਕਾਰਨ ਬਣਦਾ ਹੈ। ਏਥੇ ਹੀ ਬਸ ਨਹੀਂ

ਜੇਕਰ ਬਜ਼ੁਰਗ ਲੋਕ ਪ੍ਰਦੇਸ ਆਪਣੇ ਪੁੱਤਰਾਂ ਕੋਲ ਆਏ ਹੁੰਦੇ ਹਨ ਉਹਨਾਂ ਦੇ ਕੋਲ ਬੈਠ ਕੇ ਦੁੱਖ-ਸੁੱਖ ਸਾਂਝੇ ਕਰਨ ਦਾ ਧੀਆ ਪੁੱਤਰਾਂ ਤੇ ਨੂੰਹਾਂ ਕੋਲ ਟਾਈਮ ਹੀ ਨਹੀਂ ਹੁੰਦਾ। ਇਸੇ ਦ੍ਰਿਸ਼ਟੀ ਨੂੰ ਪ੍ਰਗਟਾਉਂਦੀਆਂ ਰਘਬੀਰ ਢੰਡ ਦੀਆਂ ਕਹਾਣੀਆਂ 'ਮੜ੍ਹੀਆਂ ਤੋਂ ਦੂਰ', 'ਅਮਰਨਾਥ ਦੀ ਯਾਤਰਾ', 'ਦਾਈਰੇ ਤੋਂ ਪਾਰ', 'ਦਲਦਲ' ਆਦਿ ਪੀੜ੍ਹੀ-ਪਾੜਾ, ਉਦਰੇਵਾਂ ਅਤੇ ਪਾਤਰਾਂ ਦੀ ਯਥਾਰਥਕ ਸਥਿਤੀ ਨੂੰ ਪੇਸ਼ ਕਰਦੀਆਂ ਹਨ। ਪਰਵਾਸੀ ਜੀਵਨ ਵਿਚ ਔਰਤ-ਮਰਦ ਦੇ ਸੰਬੰਧਾ ਦਾ ਤਨਾਵ, ਔਰਤਾਂ ਦਾ ਪਾਰਟੀਆਂ ਵਿਚ ਜਾ ਕੇ ਸ਼ਰਾਬ ਪੀਣਾ ਤੇ ਪੱਛਮੀ ਸਭਿਆਚਾਰ ਦੀਆਂ ਖੁਲਾਂ ਨੂੰ ਮਾਣਨਾ, ਔਰਤ ਮਰਦ ਦੇ ਰਿਸ਼ਤੇ ਪਾੜ ਤੇ ਉਸ ਦੀ ਮਨਮਰਜ਼ੀ ਆਦਿ ਸਭਿਆਚਾਰਕ ਮੁੱਲ ਜਿਥੇ ਪੰਜਾਬੀ ਸਭਿਆਚਾਰ ਵਿੱਚ ਅਸ਼ਲੀਲਪੁਣਾ ਮੰਨੇ ਗਏ ਹਨ ਤੇ ਜਿਨ੍ਹਾਂ ਕਰਕੇ ਸਾਡੀ ਸਮਾਜਕ ਸਥਿਤੀ ਗਿਰਦੀ ਹੈ ਉਸ ਦਾ ਪ੍ਰਗਟਾਵਾ ਕੈਲਾਸ਼ਪੁਰੀ ਦੇ ਕਹਾਣੀ ਸੰਗ੍ਰਹਿ 'ਇੱਕ ਸ਼ਕ', 'ਦੋ ਜਤਵੀਜ਼' ਵਿੱਚ ਬੇਬਾਕੀ ਨਾਲ ਚਿਤਰਿਆ ਗਿਆ ਹੈ। ਇਸ ਤਰ੍ਹਾਂ ਦਾ ਸਭਿਆਚਾਰਕ ਦਵੰਦ ਸਾਡੀ ਮਾਣ ਮਰਯਾਦਾ ਨੂੰ ਡੰਗਦਾ ਰਿਹਾ ਹੈ ਜਿਸ ਨਾਲ ਪਰਿਵਾਰਾਂ ਅੰਦਰ ਅਸੰਤੁਲਨ ਦੀ ਅਵਸਥਾ ਪੈਦਾ ਹੁੰਦੀ ਹੈ।

ਸਵਰਨ ਚੰਦਰ ਨੇ ਵੀ ਆਪਣੀਆਂ ਕਹਾਣੀਆਂ ਵਿੱਚ ਪੰਜਾਬ ਦੀ ਸਥਿਤੀ ਦੇ ਵਿਗੜੇ ਹੋਏ ਹਲਾਤਾਂ ਤੇ ਵਿਅੰਗ ਪ੍ਰਗਟਾਇਆ ਹੈ ਉਥੇ ਪਰਵਾਸ ਵਿਚ ਪੇਸ਼ ਆਉਂਦੀਆਂ ਅਜਿਹੀਆਂ ਦੁਸ਼ਵਾਰੀਆਂ ਨੂੰ ਪੇਸ਼ ਕੀਤਾ ਹੈ ਜਿਹੜੀਆਂ ਅਸਾਧਾਰਨ ਪ੍ਰਕਿਰਤੀ ਵਾਲੀਆ ਹਨ ਜਿਸ ਵਿਚ ਬੱਚਿਆਂ ਦਾ ਆਪ ਹੁਦਰੇ ਹੋਣਾ, ਅੰਗਰੇਜ਼ੀ ਔਰਤਾਂ ਨਾਲ ਵਿਆਹ ਕਰਵਾ ਕੇ ਭਾਸ਼ਾ ਅਤੇ ਵਿਚਾਰਾਂ ਵਿਚ ਤਣਾਓ, ਅੰਗਰੇਜ਼ੀ ਸਭਿਆਚਾਰ ਵਿਚ ਪਲ ਰਹੇ ਪੰਜਾਬੀ ਬੱਚਿਆਂ ਦਾ ਅਸ਼ਲੀਲ ਕਲਚਰ ਵਲ ਭੱਜਣਾ, ਜਾਤ-ਬਰਾਦਰੀ ਤੋਂ ਬਾਹਰੀ ਪ੍ਰੇਮ ਵਿਆਹ ਤੇ ਫਿਰ ਟੁੱਟ-ਭੱਜ, ਕੁਆਰੇ ਹੁੰਦਿਆਂ ਵਿਵਾਹਿਤ ਜੋੜਿਆਂ ਵਾਂਗ ਰਹਿਣਾ ਆਦਿ ਸਾਡੇ ਸਭਿਆਚਾਰ ਵਿੱਚ ਜੋ ਇਹ ਵਿਵਰਜਿਤ ਹਨ ਪਰ ਪਰਵਾਸ ਵਿਚ ਅਜਿਹੇ ਵਿਆਹ ਸੰਬੰਧੀ ਪੀੜ੍ਹੀ ਪਾੜ੍ਹੇ ਦਾ ਸਭਿਆਚਾਰਕ ਤਣਾਓ ਨੂੰ ਪੇਸ਼ ਕਰਦੀਆਂ ਉਸਦੀਆਂ ਕਹਾਣੀਆਂ 'ਫਰੀ ਸੁਸਾਇਟੀ', 'ਅਗਲਾ ਕਦਮ' (ਖਾਲੀ ਪਲਾਂ ਦੀ ਸਾਂਝ), 'ਇੱਕ ਨਵਾਂ ਪ੍ਰਸ਼ਨ ਚਿੰਨ੍ਹ' (ਲਾਲ ਚੌਂਕ) ਵਿਚ ਤੀਬਰ ਰੂਪ ਵਿਚ ਪੇਸ਼ ਹੋਇਆ ਹੈ। ਅਜਿਹੀ ਸਥਿਤੀ ਵਿੱਚ ਇਕ ਪੀੜ੍ਹੀ ਸਮਾਜਿਕ, ਮਾਨਸਿਕ ਤੇ ਸਰੀਰਕ ਤਣਾਉ ਭੋਗਦੀ ਹੈ।

ਸ਼ਿਵ ਚਰਨ ਗਿੱਲ ਦੀਆਂ ਕਹਾਣੀਆਂ ਵਿੱਚ ਨਸਲੀ ਵਿਤਕਰੇ ਦੇ ਕੌੜੇ ਸੱਚ ਨੂੰ, ਅੰਤਰ ਸਭਿਆਚਾਰ ਵਿਆਹ ਕਾਰਨ ਪੈਦਾ ਹੋਏ ਤਣਾਉ, ਕਾਰਨ ਮਾਨਸਿਕ ਸੰਤਾਪ ਹੰਢਾਉਂਦੇ ਪਾਤਰਾਂ ਦੀ ਸਥਿਤੀ, ਜਾਇਦਾਦ ਦੀ ਖਾਤਰ ਰਿਸ਼ਤਿਆਂ ਦਾ ਟੁੱਟਣਾ ਆਦਿ ਸਭਿਆਚਾਰਕ ਦਵੰਦ ਉਸ ਦੀਆਂ ਕਹਾਣੀਆਂ 'ਖੁਸ਼ਫਹਿਮੀ' (ਗਊ ਹੱਤਿਆ), 'ਬਦਖਲ' (ਭੋਅ ਦੇ ਪਰਛਾਵੇਂ), 'ਅਤੀਤ ਦਾ ਰੋਕਾ' (ਖਰਾ ਖੋਟਾ), 'ਪਿੱਛਾ' (ਬਦਰੰਗ) ਆਦਿ 'ਚ ਪੇਸ਼ ਹੋਇਆ ਹੈ। ਖੁਸ਼ਫਹਿਮੀ ਵਿੱਚ ਅੰਗਰੇਜ਼ ਔਰਤ ਨਾਲ ਵਿਆਹ ਕਰਵਾਉਣ ਤੇ ਪਾਤਰ ਮਾਨਸਿਕ ਪੀੜ੍ਹਾ ਭੋਗਦਾ ਹੈ। ਬੇਦਖਲ ਕਹਾਣੀ 'ਚ ਜ਼ਮੀਨ ਜਾਇਦਾਦ ਤੋਂ ਬੇਦਖਲ ਹੋਇਆ ਪਾਤਰ ਸਭਿਆਚਾਰਕ ਤ੍ਰਾਸਦੀ ਭੋਗਦਾ ਹੈ ਇਥੋਂ ਤੱਕ ਆਪਣੀ ਜਾਤ ਤੋਂ ਵੀ ਬੇਦਖਲ ਹੁੰਦਾ ਹੈ। ਪੰਜਾਬੀ ਸਭਿਆਚਾਰ ਵਿਚ ਜੇਕਰ ਕੋਈ ਅੰਤਰਜਾਤੀ ਸੰਬੰਧ ਜੋੜਦਾ ਸੀ ਤਾਂ ਉਸ ਦਾ ਵਿਰੋਧ ਪੁਰਾਣੇ ਲੋਕ ਕਰਦੇ ਸਨ ਅਜਿਹੀ ਸਥਿਤੀ ਬਦਰੰਗ ਕਹਾਣੀ 'ਚ ਪੈਦਾ ਹੋਈ ਹੈ ਕਿ ਅੰਗਰੇਜ਼ ਇਸਤਰੀ ਨਾਲ ਵਿਆਹ ਕਰਕੇ ਤੇ ਪਰਿਵਾਰਕ ਟੁੱਟ ਭੱਜ ਸਾਹਮਣੇ ਆਈ ਹੈ। ਜਿਹੜੀ ਨਸਲੀ ਵਿਆਹਾਂ ਤੇ ਰਲੇ ਦੀ ਔਲਾਦ ਨੇ ਵੀ ਮਾਪਿਆ ਦੀ ਸੋਚ ਬਦਲੀ ਹੈ।

ਪਾਰ-ਸਭਿਆਚਾਰ ਵਿੱਚ ਇਕ ਹੋਰ ਮਸਲਾ ਸਾਹਮਣੇ ਆਇਆ ਹੈ ਕਿ ਸਰਮਾਏਦਾਰਾਂ ਦੀ ਲੁੱਟ-ਘਸੁੱਟ ਦਾ ਸ਼ਿਕਾਰ ਹੋਏ ਕਿਰਤੀ ਪਰਵਾਸੀ ਕਾਮਿਆਂ ਨੂੰ ਸਰੀਰਕ ਤੇ ਮਾਨਸਿਕ ਸੰਕਟ/ਕਸ਼ਟ ਸਹਿਣੇ ਪੈਂਦੇ ਹਨ। ਕਿਰਤੀ ਉਹਨਾਂ ਦੀ ਖੋਹਾਂ ਦਾ ਇਨ੍ਹਾਂ ਸ਼ਿਕਾਰ ਹੁੰਦੇ ਹਨ ਕਿ ਡਰ ਤੇ ਸਹਿਮ ਦੇ ਮਾਹੌਲ ਵਿਚੋਂ ਗੁਜਰਦੇ ਹਨ। ਅਜਿਹੀ ਦੁਰਦਸ਼ਾ ਨੂੰ ਪੇਸ਼ ਕਰਦੀਆਂ ਦਰਸ਼ਨ ਧੀਰ ਦੀਆਂ ਕਹਾਣੀਆਂ 'ਬਾਘੜਨੀ' (ਲੂਣੀ ਮਹਿਕ), 'ਰਿਸ਼ਤਿਆਂ ਦਾ ਰੰਗ' (ਦਿੱਸ ਹੱਦੇਤੋਂ ਪਾਰ), 'ਅੱਖੀ ਘਾਟੀ' (ਡਰਿਆ ਮਨੁੱਖ) ਆਦਿ 'ਚ ਜਿਥੇ ਕਾਮਿਆ ਤੇ ਹੋ ਰਹੇ ਸ਼ੋਸ਼ਣ ਨੂੰ ਚਿਤਰਿਆ ਹੈ ਉਥੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਤੇ ਵਿਰੋਧ ਕਰਨ ਲਈ ਪ੍ਰੇਰਿਆ ਹੈ। 'ਫ਼ੁਟਿਆ ਦੁੱਧ' ਵੀ ਅਜਿਹੀ ਸਥਿਤੀ ਨੂੰ ਪ੍ਰਗਟਾਉਂਦੀ ਕਹਾਣੀ ਹੈ ਜਿਹੜੀ ਸਭਿਆਚਾਰ ਦੇ ਨਵੀਨ ਦਵੰਦਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ਤੇ ਪੰਜਾਬੀ ਸਾਹਿਤ ਵਿੱਚ ਇਕ ਨਵੀਨ ਮਸਲਾ ਪੇਸ਼ ਕਰਦੀ ਹੈ। ਕਹਾਣੀ ਵਿਚ ਦੱਸਿਆ ਹੈ ਕਿ ਕਿਵੇਂ ਭਾਰਤੀ ਪੰਜਾਬੀ ਲੋਕਾਂ ਨੂੰ ਪੱਛਮੀ ਸਭਿਆਚਾਰ ਵਿੱਚ ਵਲੀਨ ਹੋਣ ਲਈ ਕਿਹਾ ਜਾਂਦਾ ਹੈ ਕਿ ਉਹ ਦੁੱਧ ਵਿੱਚ ਖੰਡ ਦੀ ਤਰ੍ਹਾਂ ਘੁਲ ਮਿਲ ਜਾਣ, ਪਰ ਕਹਾਣੀ ਦਾ ਪਾਤਰ ਵਿਅੰਗ ਕਰਦਾ ਹੈ ਕਿ ਜੇ ਦੁੱਧ ਹੀ ਫੁੱਟਿਆ ਹੋਵੇ ਤੇ ਵਲੀਨ ਹੋਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਅਜਿਹਾ ਵਿਸ਼ਾ ਕਹਾਣੀ ਵਿੱਚ ਇਕ ਨਵਾਂ ਵਿਚਾਰ ਪ੍ਰਗਟਾਉਂਦਾ ਹੈ।

ਪਰਵਾਸੀ ਨਸਲੀ ਵਿਤਕਰੇ ਨੂੰ ਹੰਢਾਉਂਦੇ ਹੋਏ ਆਪਣੇ ਅਮਾਨਵੀ ਵਿਵਹਾਰ ਤੇ ਚੋਟ ਸਮਝਦੇ ਹਨ। ਏਸੇ ਦ੍ਰਿਸ਼ਟੀ ਨੂੰ ਪੇਸ਼ ਕਰਦੀਆਂ ਹਰਜੀਤ ਅਟਵਾਲ ਦੀਆਂ ਕਹਾਣੀਆਂ, 'ਕਾਲਾ ਹਰਾਮੀ' ਅਤੇ 'ਕਾਲਾ ਲਹੂ' ਹਨ।

ਵਰਤਮਾਨ ਸਮੇਂ ਵਿੱਚ-ਨਸਲੀ ਸਾੜਾ ਤੇ ਵਿਤਕਰਾ ਸਮਾਜ ਸਭਿਆਚਾਰਕ ਗਿਲਾਨੀ ਦਾ ਸ਼ਿਕਾਰ ਵਿਅਕਤੀਆਂ ਦੀ ਮਾਨਸਿਕਤਾ ਨੂੰ ਸੰਜੀਦਗੀ ਨਾਲ ਪ੍ਰਗਟਾਉਂਦਾ ਹੈ। 'ਕਾਲਾ ਹਰਾਮੀ'

ਕਹਾਣੀ ਵਿਚ ਇੱਕ ਅੰਗਰੇਜ ਔਰਤ ਦੁਆਰਾ ਪੰਜਾਬੀ ਮੁੰਡੇ ਨੂੰ ਦੇਹ ਵਪਾਰ ਦੇ ਧੰਦੇ ਵਿਚ ਲੱਗਣ ਲਈ ਮਜ਼ਬੂਰ ਕਰਨਾ, ਪਰ ਉਸਦੇ ਮਨ੍ਹਾ ਕਰਨ ਤੇ ਨਸਲੀ ਤੇ ਹਰਾਮੀ ਕਹਿ ਕੇ ਉਸ ਦੀ ਮਾਨਸਿਕਤਾ ਨੂੰ ਮਧੋਲਦੀ ਹੈ। ਕਹਾਣੀ 'ਕਾਲਾ ਲਹੂ' ਵੀ ਇੱਕ ਅਜਿਹੀ ਪਰਵਾਸੀ ਸਭਿਆਚਾਰਕ ਦਵੰਦ ਦੀ ਵਿਡੰਬਨਾ ਹੈ ਕਿ ਪੰਜਾਬੀ ਪਾਤਰ ਆਪਣੇ ਮਾਨਵੀ ਮੁੱਲਾਂ ਕਰਕੇ ਖ਼ੂਨ ਦਾਨ ਕਰਦਾ ਹੈ ਪਰ ਦੁਖਾਂਤ ਉਥੇ ਵਾਪਰਦਾ ਹੈ ਕਿ ਉਸਦੇ ਦਿੱਤੇ ਖ਼ੂਨ ਦਾ ਕੋਈ ਲਾਭ ਨਹੀਂ ਕਿਉਂਕਿ ਨਸਲੀ ਵਿਤਕਰੇ ਕਰਕੇ ਭਾਰਤੀਆ ਦੇ ਖ਼ੂਨ ਨੂੰ ਨਹੀਂ ਵਰਤਿਆ ਜਾਂਦਾ, ਸਗੋਂ ਗਟਰ ਵਿਚ ਸੁੱਟਿਆ ਜਾਂਦਾ ਹੈ। ਅਜਿਹਾ ਪਰਵਾਸੀ ਦਵੰਦ ਮਨੁੱਖੀ ਜੀਵਨ ਨੂੰ ਧੁਰ ਅੰਦਰੋਂ ਕੰਬਾਅ ਦਿੰਦਾ ਹੈ। ਇਹ ਲਹੂ ਅਤੇ ਜੀਨਜ਼ ਦੇ ਆਧਾਰ ਤੇ ਨਸਲੀ ਵੰਡ ਕਾਲੇ-ਗੋਰੇ ਤੱਕ ਹੀ ਸੀਮਿਤ ਨਹੀਂ ਸਗੋਂ ਸੰਸਥਾਈ ਪ੍ਰਬੰਧ ਦਾ ਸਿੱਟਾ ਹੈ। ਹਰਜੀਤ ਅਟਵਾਲ ਦੀਆਂ ਰਚਨਾਵਾਂ 'ਚ ਪੇਸ਼ ਨਸਲਵਾਦ ਸੰਬੰਧੀ ਡਾ. ਹਰਚੰਦ ਸਿੰਘ ਬੇਦੀ ਦਾ ਵਿਚਾਰ ਹੈ:-

ਹਰਜੀਤ ਅਟਵਾਲ ਦੀਆਂ ਰਚਨਾਵਾਂ ਵਿਚ ਨਸਲਵਾਦੀ ਚਿੰਤਨ ਦ੍ਰਿਸ਼ਟੀ ਦੀਆਂ ਉਹਨਾਂ ਗਹਿਨ ਪਰਤਾਂ ਨਾਲ ਪ੍ਰੀਚਿਤ ਕਰਵਾਉਂਦੀਆਂ ਹਨ, ਜਿਥੇ ਵਕਤੀ ਲਾਭ ਲਈ ਗੋਰੇ ਨਸਲਵਾਦ ਦੀ ਸ਼ਾਬਿਦਕ ਅਲੋਚਨਾ ਕਰਕੇ, ਕਾਲਿਆਂ ਦਾ ਸ਼ੋਸਣ ਕਰਦੇ ਹਨ ਅਤੇ ਸਰਕਾਰੀ ਪੱਧਰ 'ਤੇ ਕਾਲਿਆਂ ਵਲੋਂ ਦਾਨ ਕੀਤੇ ਖ਼ੂਨ ਨੂੰ ਬੇਲੋੜੀ ਤੇ ਫਾਲਤੂ ਵਸਤ ਵਾਂਗ ਵਰਤਣ ਦੀ ਥਾਂ ਗਟਰ ਦੀ ਭੇਟਾ ਕਰਕੇ ਨਸਲੀ ਨਫ਼ਰਤ ਦੀ ਚਰਮ ਸੀਮਾ ਨੂੰ ਰੇਖਾਂਕਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ, ਪੰਨਾ 100

ਪਰਵਾਸੀ ਸਭਿਆਚਾਰ ਵਿਚ ਇਕ ਦਮਨਕਾਰੀ ਸੰਬੰਧਾਂ ਕਾਰਨ ਉਪਜੀ ਜਿਨਸੀ ਸੰਬੰਧਾਂ ਤੇ ਔਰਤ ਦੀ ਦੁਖਾਂਤ ਸਥਿਤੀ ਨੂੰ ਵੀਣਾ ਵਰਮਾ ਨੇ ਮੁੱਲ ਦੀ ਤੀਵੀਂ ਅਤੇ ਫਰੰਗੀਆਂ ਦੀ ਨੂੰਹ ਕਹਾਣੀਆਂ ਵਿਚ ਔਰਤ ਦੀ ਸ਼ੋਸ਼ਿਤ ਅਵਸਥਾ ਪੇਸ਼ ਕੀਤੀ ਹੈ। ਉਸਦੀ ਪਿਛਲਾ ਦਰਵਾਜਾ ਕਹਾਣੀ ਵਿਚ ਗੀਤਾ ਪਾਤਰ ਜਿਥੇ ਨੌਕਰੀ ਕਰਨਨਾਲ ਆਪਣੀ ਹੋਂਦ ਉਪਰ ਉਠਾਉਣਾ ਚਾਹੁੰਦੀ ਹੈ ਪਰ ਸਰਮਾਏਦਾਰੀ ਪ੍ਰਬੰਧ ਉਸ ਦੀ ਲਾਚਾਰੀ ਤੇ ਮਜਬੂਰੀ ਦਾ ਫਾਇਦਾ ਉਠਾ ਕੇ ਉਸਨੂੰ ਵੇਸਵਾ ਤੱਕ ਬਣਾ ਦਿੰਦਾ ਹੈ। ਏਥੇ ਹੀ ਬਸ ਨਹੀਂ ਏਸੇ ਦ੍ਰਿਸ਼ਟੀ ਦਾ ਸ਼ਿਕਾਰ ਉਸਦੀ ਧੀ ਵੀ ਬਣਦੀ ਹੈ।

ਜਦੋਂ ਪਰਵਾਸੀ ਨਾਵਲ ਸਾਹਿਤ ਵਲ ਨਜ਼ਰ ਮਾਰਦੇ ਹਾਂ ਤਾਂ ਇਹ ਕਹਾਣੀ ਦੇ ਮੁਕਾਬਲੇ ਜ਼ਿਆਦਾ ਨਹੀਂ ਲਿਖੇ ਗਏ ਅਤੇ ਜਿਹੜੇ ਲਿਖੇ ਵੀ ਗਏ ਹਨ ਉਹ ਕਹਾਣੀਕਾਰਾਂ ਨੇ ਹੀ ਲਿਖੇ ਜਿਨ੍ਹਾਂ ਵਿੱਚ ਸਵਰਨ ਚੰਦਰ, ਹਰਜੀਤ ਅਟਵਾਲ, ਤਰਸੇਮ ਨੀਲਗਿਰੀ, ਰਘੁਬੀਰ ਢੰਡ, ਦਰਸ਼ਨ ਧੀਰ : ਇਹਨਾਂ ਨਾਵਲਕਾਰਾਂ ਨੇ ਵੀ ਕਹਾਣੀ ਵਿਚਲੀਆਂ ਸਮਾਜ ਸਭਿਆਚਾਰਕ ਤੰਦਾਂ ਨੂੰ ਪ੍ਰਗਟਾਇਆ ਹੈ। ਜਿਸ ਵਿਚ ਸਵਰਨ ਚੰਦਰ ਦੇ ਲਿਖੇ 'ਕੱਚੇ ਘਰ', 'ਕੱਖਕਾਨ ਤੇ ਦਰਿਆ', 'ਕਦਰਾਂ-ਕੀਮਤਾਂ ਤੇ ਕੰਜਕਾਂ' ਆਦਿ ਨਾਵਲਾਂ ਵਿਚ ਜਿਨਸੀ ਸੰਬੰਧਾਂ, ਵੇਸਵਾ ਵਿਰਤੀ, ਬੱਚਿਆਂ ਦਾ ਮਾਂ ਬਾਪ ਵਲੋਂ ਕਿਨਾਰਾ, ਗਿਰ ਰਹੀਆਂ ਕਦਰਾਂ ਕੀਮਤਾਂ ਆਦਿ ਸਭਿਆਚਾਰਕ ਦਵੰਦ ਪੈਦਾ ਹੋਏ ਹਨ। 'ਕੱਖ ਕਾਨ ਤੇ ਦਰਿਆ' ਦੀ ਨਾਇਕਾ ਜਿਨਸੀ ਸੰਬੰਧਾ ਦਾ ਆਸਰਾ ਲੈ ਕੇ ਐਸ਼ਪ੍ਰਸਤੀ ਕਰਨ ਅਤੇ ਮਾਂ ਬਾਪ ਤੋਂ ਕਿਨਾਰਾ ਕਰਨ ਦੀ ਸਥਿਤੀ ਨੂੰ ਭੋਗਦੀ ਹੈ ਤੇ ਕੰਜਕਾਂ ਨਾਵਲ ਦੀ ਪਾਤਰ ਜਬਰਦਸਤੀ ਦੋਸਤਾਂ ਦੀ ਹਵਸ ਦਾ ਸ਼ਿਕਾਰ ਹੋ ਕੇ ਵੇਯਾ ਬਣ ਕੇ ਆਪਣੀ ਆਰਥਿਕਤਾ ਦੀ ਮਜ਼ਬੂਰੀ ਦਾ ਸ਼ਿਕਾਰ ਹੁੰਦੀ ਹੈ। ਇਸ ਤਰ੍ਹਾਂ ਦੀ ਸਥਿਤੀ ਦੀਆਂ ਸ਼ਿਕਾਰ ਹੋਈਆਂ ਕੁੜੀਆਂ ਧੋਖਾ, ਗਰੀਬੀ ਅਤੇ ਪੂੰਜੀਪਤੀਆਂ ਵਲੋਂ ਫੈਲਾਏ ਜਾਲ ਦੀ ਲੁੱਟ ਦਾ ਸ਼ਿਕਾਰ ਹਨ। ਜੋ ਸਭਿਆਚਾਰਕ ਸੰਕਟ ਦੀ ਨਿਸ਼ਾਨੀ ਹੈ। ਦਰਸ਼ਨ ਧੀਰ ਦੇ 'ਸੰਘਰਸ਼', 'ਧੁੰਦਲਾ ਸੂਰਜ ਤੇ ਲਕੀਰਾਂ' ਤੇ 'ਮਨੁੱਖ ਨਾਵਲ' ਪਰਵਾਸੀ ਕਿਰਤੀ ਕਾਮਿਆਂ ਦੇ ਜੀਵਨ ਸੰਘਰਸ਼, ਕਸਾਨੀ ਵਿਤਕਰੇ ਅਤੇ ਪਰਵਾਸ ਪਹੁੰਚੇ ਕੇ ਲੋਕਾਂ ਨੂੰ ਆਈਆਂ ਮੁਸ਼ਕਲਾਂ ਨੂੰ ਗਟਾਉਂਦੇ ਹਨ।

ਏਸੇ ਤਰ੍ਹਾਂ ਹਰਜੀਤ ਅਟਵਾਲ ਦੇ ਨਾਵਲ 'ਵਨ-ਵੇਅ' ਵਿਚ ਪਰਵਾਸੀ ਮਜ਼ਦੂਰਾਂ ਦੇ ਸੰਘਰਸ਼, ਅਫ਼ਸਰਾਂ, ਮੰਤਰੀਆਂ ਵਲੋਂ ਨਸਲੀ ਵਿਤਕਰਾ, ਵਿਦੇਸ਼ ਜਾਣ ਲਈ ਜ਼ਾਇਜ਼-ਨਜ਼ਾਇਜ਼ ਢੰਗ, ਪਰਿਵਾਰਕ ਰਿਸ਼ਤਿਆਂ ਦੀਆਂ ਤਰੇੜਾਂ, ਪਰਵਾਸੀ ਲੋਕਾਂ ਵਲੋਂ ਆਪਣੇ ਸੰਗਠਨ ਬਣਾ ਕੇ ਨਸਲੀ ਵਿਤਕਰਿਆਂ ਦਾ ਵਿਰੋਧ ਆਦਿ ਯਥਾਰਥਕ ਰੂਪ ਵਿਚ ਪੇਸ਼ ਕਰਕੇ ਸਭਿਆਚਾਰਕ ਸੰਕਟ ਨੂੰ ਉਚਾਰਿਆ ਹੈ।

ਪਿਛਲੇ ਸਾਲਾਂ ਦੌਰਾਨ ਪੰਜਾਬ ਵਿਚ ਆਤੰਕਵਾਦ ਦਾ ਕਾਲਾ ਦੌਰ ਏਨਾ ਦੁਖਦਾਈ ਰਿਹਾ ਕਿ ਸਾਡੇ ਨੌਜਵਾਨਾਂ ਨੂੰ ਆਪਣਾ ਦੇਸ਼ ਛੱਡ ਬਾਹਰਲੇ ਮੁਲਕਾਂ ਨੂੰ ਪਲਾਇਣ ਕਰਨ ਲਈ ਮਜ਼ਬੂਰ ਹੋਣਾ ਪਿਆ। ਉਹਨਾਂ ਨੂੰ ਵਿਦੇਸ਼ ਪਹੁੰਚ ਕੇ ਜੋ ਮੁਸ਼ਕਲਾਂ ਆਈਆਂ, ਉਹਨਾਂ ਦਾ ਪ੍ਰਗਟਾਵਾ ਜਰਨੈਲ ਸਿੰਘ ਸੇਖਾਂ ਦੇ ਨਾਵਲ 'ਭਗੌੜਾ' ਵਿਚ ਹੋਇਆ ਹੈ। ਇਸ ਸੰਬੰਧੀ ਸੁਰਜੀਤ ਬਰਾੜ ਦਾ ਵਿਚਾਰ ਹੈ :-

ਜਰਨੈਲ ਸਿੰਘ ਸੇਖਾਂ ਨੇ ਆਪਣੇ ਨਾਵਲ 'ਚ ਪਛਮੀ ਸਿਹਤਮੰਦ ਤੇ ਚੰਗੇ ਸਮਾਜਕ-ਸਭਿਆਚਾਰਕ ਪ੍ਰਤਿਮਾਨਾਂ/ਮੁੱਲਾਂ ਨੂੰ ਉਚਿਆਇਆ ਅਤੇ ਵਡਿਆਇਆ ਹੈ ਉਥੇ ਬਿਮਾਰ ਅਤੇ ਅਮਾਨਵੀ ਪੰਜਾਬੀ ਕੀਮਤਾਂ/ਮੁੱਲਾਂ ਤੇ ਭਰਵਾ ਪ੍ਰਗਟਾ ਕੀਤਾ ਹੈ।ਨਾਲ ਆਪਣੀ ਹੋਂਦ ਉਪਰ ਉਠਾਉਣਾ ਚਾਹੁੰਦੀ ਹੈ ਪਰ ਸਰਮਾਏਦਾਰੀ ਪ੍ਰਬੰਧ ਉਸ ਦੀ ਲਾਚਾਰੀ ਤੇ ਮਜਬੂਰੀ ਦਾ ਫਾਇਦਾ ਉਠਾ ਕੇ ਉਸਨੂੰ ਵੇਸਵਾ ਤੱਕ ਬਣਾ ਦਿੰਦਾ ਹੈ। ਏਥੇ ਹੀ ਬਸ ਨਹੀਂ ਏਸੇ ਦ੍ਰਿਸ਼ਟੀ ਦਾ ਸ਼ਿਕਾਰ ਉਸਦੀ ਧੀ ਵੀ ਬਣਦੀ ਹੈ।

ਜਦੋਂ ਪਰਵਾਸੀ ਨਾਵਲ ਸਾਹਿਤ ਵਲ ਨਜ਼ਰ ਮਾਰਦੇ ਹਾਂ ਤਾਂ

ਇਹ ਕਹਾਣੀ ਦੇ ਮੁਕਾਬਲੇ ਜ਼ਿਆਦਾ ਨਹੀਂ ਲਿਖੇ ਗਏ ਅਤੇ ਜਿਹੜੇ ਲਿਖੇ ਵੀ ਗਏ ਹਨ ਉਹ ਕਹਾਣੀਕਾਰਾਂ ਨੇ ਹੀ ਲਿਖੇ ਜਿਨ੍ਹਾਂ ਵਿੱਚ ਸਵਰਨ ਚੰਦਰ, ਹਰਜੀਤ ਅਟਵਾਲ, ਤਰਸੇਮ ਨੀਲਗਿਰੀ, ਰਘੁਬੀਰ ਢੰਡ, ਦਰਸ਼ਨ ਧੀਰ : ਇਹਨਾਂ ਨਾਵਲਕਾਰਾਂ ਨੇ ਵੀ ਕਹਾਣੀ ਵਿਚਲੀਆਂ ਸਮਾਜ ਸਭਿਆਚਾਰਕ ਤੰਦਾਂ ਨੂੰ ਪ੍ਰਗਟਾਇਆ ਹੈ। ਜਿਸ ਵਿਚ ਸਵਰਨ ਚੰਦਰ ਦੇ ਲਿਖੇ 'ਕੱਚੇ ਘਰ', 'ਕੱਖਕਾਨ ਤੇ ਦਰਿਆ', 'ਕਦਰਾਂ-ਕੀਮਤਾਂ ਤੇ ਕੰਜਕਾਂ' ਆਦਿ ਨਾਵਲਾਂ ਵਿਚ ਜਿਨਸੀ ਸੰਬੰਧਾਂ, ਵੇਸਵਾ ਵਿਰਤੀ, ਬੱਚਿਆਂ ਦਾ ਮਾਂ ਬਾਪ ਵਲੋਂ ਕਿਨਾਰਾ, ਗਿਰ ਰਹੀਆਂ ਕਦਰਾਂ ਕੀਮਤਾਂ ਆਦਿ ਸਭਿਆਚਾਰਕ ਦਵੰਦ ਪੈਦਾ ਹੋਏ ਹਨ। 'ਕੱਖ ਕਾਨ ਤੇ ਦਰਿਆ' ਦੀ ਨਾਇਕਾ ਜਿਨਸੀ ਸੰਬੰਧਾ ਦਾ ਆਸਰਾ ਲੈ ਕੇ ਐਸ਼ਪ੍ਰਸਤੀ ਕਰਨ ਅਤੇ ਮਾਂ ਬਾਪ ਤੋਂ ਕਿਨਾਰਾ ਕਰਨ ਦੀ ਸਥਿਤੀ ਨੂੰ ਭੋਗਦੀ ਹੈ ਤੇ ਕੰਜਕਾਂ ਨਾਵਲ ਦੀ ਪਾਤਰ ਜਬਰਦਸਤੀ ਦੋਸਤਾਂ ਦੀ ਹਵਸ ਦਾ ਸ਼ਿਕਾਰ ਹੋ ਕੇ ਵੇਸ਼ਾ ਬਣ ਕੇ ਆਪਣੀ ਆਰਥਿਕਤਾ ਦੀ ਮਜ਼ਬੂਰੀ ਦਾ ਸ਼ਿਕਾਰ ਹੁੰਦੀ ਹੈ। ਇਸ ਤਰ੍ਹਾਂ ਦੀ ਸਥਿਤੀ ਦੀਆਂ ਸ਼ਿਕਾਰ ਹੋਈਆਂ ਕੁੜੀਆਂ ਧੋਖਾ, ਗਰੀਬੀ ਅਤੇ ਪੂੰਜੀਪਤੀਆਂ ਵਲੋਂ ਫੈਲਾਏ ਜਾਲ ਦੀ ਲੁੱਟ ਦਾ ਸ਼ਿਕਾਰ ਹਨ। ਜੋ ਸਭਿਆਚਾਰਕ ਸੰਕਟ ਦੀ ਨਿਸ਼ਾਨੀ ਹੈ। ਦਰਸ਼ਨ ਧੀਰ ਦੇ 'ਸੰਘਰਸ਼', 'ਧੁੰਦਲਾ ਸੂਰਜ ਤੇ ਲਕੀਰਾਂ' ਤੇ 'ਮਨੁੱਖ ਨਾਵਲ' ਪਰਵਾਸੀ ਕਿਰਤੀ ਕਾਮਿਆਂ ਦੇ ਜੀਵਨ ਸੰਘਰਸ਼, ਕਸਾਨੀ ਵਿਤਕਰੇ ਅਤੇ ਪਰਵਾਸ ਪਹੁੰਚੇ ਕੇ ਲੋਕਾਂ ਨੂੰ ਆਈਆਂ ਮੁਸ਼ਕਲਾਂ ਨੂੰ ਗਟਾਉਂਦੇ ਹਨ।

ਏਸੇ ਤਰ੍ਹਾਂ ਹਰਜੀਤ ਅਟਵਾਲ ਦੇ ਨਾਵਲ 'ਵਨ-ਵੇਅ' ਵਿਚ ਪਰਵਾਸੀ ਮਜ਼ਦੂਰਾਂ ਦੇ ਸੰਘਰਸ਼, ਅਫ਼ਸਰਾਂ, ਮੰਤਰੀਆਂ ਵਲੋਂ ਨਸਲੀ ਵਿਤਕਰਾ, ਵਿਦੇਸ਼ ਜਾਣ ਲਈ ਜ਼ਾਇਜ਼-ਨਜ਼ਾਇਜ਼ ਢੰਗ, ਪਰਿਵਾਰਕ ਰਿਸ਼ਤਿਆਂ ਦੀਆਂ ਤਰੇੜਾਂ, ਪਰਵਾਸੀ ਲੋਕਾਂ ਵਲੋਂ ਆਪਣੇ ਸੰਗਠਨ ਬਣਾ ਕੇ ਨਸਲੀ ਵਿਤਕਰਿਆਂ ਦਾ ਵਿਰੋਧ ਆਦਿ ਯਥਾਰਥਕ ਰੂਪ ਵਿਚ ਪੇਸ਼ ਕਰਕੇ ਸਭਿਆਚਾਰਕ ਸੰਕਟ ਨੂੰ ਉਚਾਰਿਆ ਹੈ।

ਪਿਛਲੇ ਸਾਲਾਂ ਦੌਰਾਨ ਪੰਜਾਬ ਵਿਚ ਆਤੰਕਵਾਦ ਦਾ ਕਾਲਾ ਦੌਰ ਏਨਾ ਦੁਖਦਾਈ ਰਿਹਾ ਕਿ ਸਾਡੇ ਨੌਜਵਾਨਾਂ ਨੂੰ ਆਪਣਾ ਦੇਸ਼ ਛੱਡ ਬਾਹਰਲੇ ਮੁਲਕਾਂ ਨੂੰ ਪਲਾਇਣ ਕਰਨ ਲਈ ਮਜਬੂਰ ਹੋਣਾ ਪਿਆ। ਉਹਨਾਂ ਨੂੰ ਵਿਦੇਸ਼ ਪਹੁੰਚ ਕੇ ਜੋ ਮੁਸ਼ਕਲਾਂ ਆਈਆਂ, ਉਹਨਾਂ ਦਾ ਪ੍ਰਗਟਾਵਾ ਜਰਨੈਲ ਸਿੰਘ ਸੇਖਾਂ ਦੇ ਨਾਵਲ 'ਭਗੌੜਾ' ਵਿਚ ਹੋਇਆ ਹੈ। ਇਸ ਸੰਬੰਧੀ ਸੁਰਜੀਤ ਬਰਾੜ ਦਾ ਵਿਚਾਰ ਹੈ :-

ਜਰਨੈਲ ਸਿੰਘ ਸੇਖਾਂ ਨੇ ਆਪਣੇ ਨਾਵਲ 'ਚ ਪਛਮੀ ਸਿਹਤਮੰਦ ਤੇ ਚੰਗੇ ਸਮਾਜਕ-ਸਭਿਆਚਾਰਕ ਪ੍ਰਤਿਮਾਨਾਂ/ਮੁੱਲਾਂ ਨੂੰ ਉਚਿਆਇਆ ਅਤੇ ਵਡਿਆਇਆ ਹੈ ਉਥੇ ਬਿਮਾਰ ਅਤੇ ਅਮਾਨਵੀ ਪੰਜਾਬੀ ਕੀਮਤਾਂ/ਮੁੱਲਾਂ ਤੇ ਭਰਵਾ ਪ੍ਰਗਟਾ ਕੀਤਾ ਹੈ। ਏਸੇ ਤਰ੍ਹਾਂ ਰਘੁਬੀਰ ਢੰਡ ਨੇ 'ਰਿਸ਼ਤਿਆਂ ਦੀ ਯਾਤਰਾ', ਤਰਸੇਮ ਨੀਲਗਿਰੀ ਨੇ 'ਗਲੋਰੀਆਂ', ਕੈਲਾਸ਼ਪੁਰੀ ਨੇ 'ਮੈ ਇੱਕ ਔਰਤ', 'ਕਟਹਿਰੇ ਵਿਚ ਖੜ੍ਹੀ ਔਰਤ' ਆਦਿ ਪਰਵਾਸੀ ਪੰਜਾਬੀ ਨਾਵਲ ਸਮਾਜ ਸਭਿਆਚਾਰਕ ਦਵੰਦਾ ਦੀਆਂ ਪਰਤਾਂ ਨੂੰ ਪ੍ਰਗਟਾਉਂਦੇ ਹਨ।

ਪਰਵਾਸੀ ਗਲਪ-ਸਾਹਿਤ ਵਿੱਚ ਨਾਵਲ ਤੇ ਕਹਾਣੀ ਤੋਂ ਇਲਾਵਾ ਨਾਟਕ ਵੀ ਸਿਰਜਿਆ ਗਿਆ ਹੈ। ਭਾਵੇਂ ਗਿਣਾਤਮਕ ਪੱਖੋਂ ਘੱਟ ਨਾਟਕ ਲਿਖੇ ਗਏ ਪਰ ਗੁਣਾਤਮਕ ਪੱਖੋਂ ਆਪਣੇ ਨਿਵੇਕਲੀ ਪਛਾਣ ਬਣਾਉਂਦੇ ਹਨ।

ਜਿਨ੍ਹਾਂ ਵਿਚ ਦਰਸ਼ਨ ਸਿੰਘ ਗਿਆਨੀ ਦਾ 'ਆਤੂ ਦਾ ਵਿਆਹ' ਤੇ 'ਨਿਮਾਣੀਆਂ ਗਊਆਂ' ਤਰਸੇਮ ਨੀਲਗਿਰੀ ਨੇ 'ਛੜਿਆਂ ਦਾ ਗੀਤ', 'ਲੰਬੀ ਸੜਕ ਲਾਹੌਰ ਦੀ' ਤੇ 'ਚੱਕਰ ਵਿਊ'। ਜਗਤਾਰ ਢਾਅ ਦੇ ਤਿੰਨ ਕਾਵਿ ਨਾਟਕ : 'ਸੁਪਨਾ ਇੱਕ ਮੱਛਲੀ ਦਾ', 'ਨਰਿੰਜਨ ਨੂਰ ਦਾ ਹਾਤ ਰਾਬੇ' ਅਤੇ ਆਤਮਜੀਤ ਦਾ 'ਕੈਮਲੂਪਸ ਦੀਆਂ ਮੱਛੀਆਂ' ਆਦਿ ਸਭਿਆਚਾਰਕ ਦਵੰਦਾਂ ਦੀ ਪੇਸ਼ਕਾਰੀ ਕਰਦੇ ਨਾਟਕ ਹਨ।

ਇਸ ਤਰ੍ਹਾਂ ਪਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਸਾਹਿਤ ਰੂਪਾਂ ਦੀ ਸਿਰਜਨਾ ਕਰਕੇ ਵਿਸਤ੍ਰਿਤ ਅਨੁਭਵ ਤੇ ਪਰਵਾਸੀ ਬੋਧ ਰਾਹੀਂ ਸਮਾਜ-ਸਭਿਆਚਾਰਕ ਵਜੋਂ ਉਪਜੇ ਵਿਭਿੰਨ ਸੰਕਟਾਂ, ਰਿਸ਼ਤਿਆਂ ਦੀ ਤਿੜਕਣ, ਨਸਲੀ-ਵਿਤਕਰੇ ਦੀ ਸੋਚ, ਪੀੜ੍ਹੀ ਪਾੜਾ, ਔਰਤ ਦਾ ਦੁਖਾਂਤ, ਗਿਰ ਰਹੀਆਂ ਕਦਰਾਂ-ਕੀਮਤਾਂ ਕਾਰਨ ਤਣਾਵ ਆਦਿ ਨਵੀਨ ਪ੍ਰਸਥਿਤੀਆਂ ਦੀਆਂ ਪਰਤਾਂ ਨੂੰ ਫਰੋਲਿਆ ਹੈ। ਜਿਹੜਾ ਕਿ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਪ੍ਰਤੀ ਬਲਸ਼ਾਲੀ ਪ੍ਰਭਾਵ ਪਾਉਂਦਾ ਹੋਇਆ ਗੌਰਵ ਪ੍ਰਦਾਨ ਕਰਦਾ ਹੈ।

ਪੁਸਤਕ ਸੂਚੀ


1. ਸੁਖਦੇਵ ਸਿੰਘ (ਡਾ.) ਸੰਪਾਦਕ, ਕੈਮਲੂਪਸ ਦੀਆਂ ਮੱਛੀਆਂ (ਸੰਵਾਦ ਤੇ ਸਮੀਖਿਆ), ਲੋਕਗੀਤ ਪ੍ਰਕਾਸ਼ਨ, ਰੇਡੀਗੜ੍ਹ 2002.

2. ਜੀਤ, ਇੰਦਰਜੀਤ ਸਿੰਘ (ਸੰਪਾਦਕ) ਵੁਲਵਰ ਹੈਂਪਟਨ, ਕਵੀਆਂ ਦਾ ਸ਼ਹਿਰ, ਮੰਜ਼ਕੀ ਪੰਜਾਬੀ ਸੱਥ, ਲਾਂਘਨਾ 2010.

3. ਬਰਾੜ, ਸੁਰਜੀਤ (ਡਾ.) ਪੰਜਾਬੀ ਨਾਵਲ : ਸਮਾਜ ਸ਼ਾਸਤਰੀ ਪਰਿਪੇਖ (ਅਲੋਚਨਾ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2005.

4. ਬੇਦੀ, ਹਰਚੰਦ ਸਿੰਘ (ਡਾ.) ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਜ਼ਾਰ, ਅੰਮ੍ਰਿਤਸਰ 2004.


***

# ਇਕ ਲੱਪ ਯਾਦਾਂ ਦੀ

ਭੁਪਿੰਦਰ ਉਸਤਾਦ

**ਭੁਪਿੰਦਰ ਉਸਤਾਦ ਇੱਕ ਅਣਗੌਲਿਆ ਪਰ ਸੰਜੀਦਾ ਗਲਪਕਾਰ ਹੈ। ਉਸ ਨੇ ਬੜੀਆਂ ਖੂਬਸੂਰਤ ਕਹਾਣੀਆਂ ਪੰਜਾਬੀ ਗਲਪ ਨੂੰ ਦਿੱਤੀਆਂ ਹਨ। ਇਕ ਲੱਪ ਯਾਦਾਂ ਦੀ ਉਸਦਾ ਸਫ਼ਰਨਾਮਾ ਹੈ। ਜੋ ਜੋ ਅਨੁਭਵ ਉਸਨੇ ਅਰਬ ਦੇਸ਼ ਓਮਾਨ ਵਿਚ ਰਹਿ ਕੇ ਹੰਢਾਏ। ਉਹਨਾਂ ਦਾ ਬੜਾ ਦਿਲਚਸਪ ਵਰਣਨ ਇਸ ਸਫ਼ਰਨਾਮੇ ਵਿਚ ਪੜ੍ਹਣ ਨੂੰ ਮਿਲਦਾ ਹੈ। ਆਪਣੀ ਆਵਾਜ਼ ਦੇ ਪਾਠਕਾਂ ਲਈ ਇਹ ਸਫ਼ਰਨਾਮਾ ਲੜੀਵਾਰ ਛਾਪਣ ਦੀ ਅਸੀਂ ਖ਼ੁਸ਼ੀ ਲੈ ਰਹੇ ਹਾਂ। ਜਿਸ ਦਾ ਤੀਜਾ ਅੰਸ਼ ਇੱਥੇ ਪੇਸ਼ ਹੈ -**

### ਚੌਦਾਂ ਸਾਲ ਬਾਅਦ

ਸੰਨ 1977 ਜੂਨ ਮਹੀਨੇ ਦੀ ਹੈ। ਮੇਰਾ ਦੋਸਤ ਮਲਕੀਤ ਮਸਕਟ ਗਿਆ ਹੋਇਆ ਸੀ। ਜਨਵਰੀ ਵਿਚ ਉਹ ਪਹਿਲੀ ਛੁੱਟੀ ਆਇਆ। ਮੈਨੂੰ ਕਹਿਨ ਲੱਗਾ, "ਵੀਰਾ ਤੂੰ ਵੀ ਚਲੇ ਚੱਲ ਉੱਥੇ। ਏਥੇ ਨਾਲੋਂ ਚੰਗਾ ਰਹੇਂਗਾ।" ਜਿਨ੍ਹਾਂ ਪੇਪਰਾਂ ਦੀ ਲੋੜ ਸੀ, ਉਹ ਪੇਪਰ ਅਤੇ ਦਸ ਕੁ ਫੋਟੋ ਵੀ ਲੈ ਗਿਆ। ਮਈ ਵਿਚ ਉਸ ਨੇ ਡਾਕ ਰਾਹੀਂ ਵੀਜ਼ਾ ਮੈਨੂੰ ਭੇਜ ਦਿੱਤਾ। ਮੇਰੇ ਨਾਲ ਹੀ ਉਸ ਦੇ ਆਪਣੇ ਛੋਟੇ ਸਾਂਢੂ ਬਲਦੇਵ ਦਾ ਵੀ ਵੀਜ਼ਾ ਭੇਜਿਆ। ਬਲਦੇਵ ਪਹਿਲਾਂ ਅਫ਼ਰੀਕਾ ਵਿਚ 5-7 ਸਾਲ ਕੰਮ ਕਰ ਆਇਆ ਸੀ। ਇਕ ਦਿਨ ਮੈਂ ਤੇ ਬਲਦੇਵ ਦਿੱਲੀ ਗਏ ਤੇ ਪਾਸਪੋਰਟ ਉੱਤੇ ਮਸਕਟ ਅੰਬੈਸੀ 'ਚੋਂ ਮੋਹਰ ਲੁਆ ਲਈ। ਸਾਡੇ ਕੋਲ ਗਿਣਤੀ ਦੇ ਸੱਤ ਦਿਨ ਹੀ ਸਨ। ਅਸੀਂ ਨੱਠ-ਭੱਜ ਕਰ ਕੇ ਟਿਕਟਾਂ ਲਈਆਂ ਤੇ ਦੋ ਜੂਨ ਨੂੰ ਦਿੱਲੀ ਏਅਰਪੋਰਟ 'ਤੇ ਪਹੁੰਚ ਗਏ। ਤਿੰਨ ਜੂਨ ਨੂੰ ਸਿਖ਼ਰ ਦੁਪਹਿਰਿ ਜਹਾਜ਼ ਨੇ ਸਾਨੂੰ ਮਸਕਟ ਦੇ ਸੀਬ ਏਅਰਪੋਰਟ ਉੱਤੇ ਜਾ ਲਾਹਿਆ।

ਜਹਾਜ਼ ਦਾ ਦਰਵਾਜ਼ਾ ਖੁੱਲ੍ਹਦਿਆਂ ਹੀ ਓਮਾਨ ਦੀ ਹਵਾ ਦੇ ਗਰਮ ਬੁੱਲੇ ਨੇ ਬੜੀ ਗਰਮਜੋਸ਼ੀ ਨਾਲ ਸਾਡਾ ਸਵਾਗਤ ਕੀਤਾ। ਜਦ ਪੌੜੀ ਤੋਂ ਹੇਠਾਂ ਉਤਰ ਕੇ ਰਨ-ਵੇ ਉੱਤੇ ਆਏ ਤਾਂ ਉੱਥੋਂ ਦੀ ਗਰਮ ਹਵਾੜ ਨੇ ਬਾਹਾਂ ਅੱਡ ਕੇ ਸਾਨੂੰ ਆਪਣੇ ਕਲਾਵੇ 'ਚ ਲੈ ਲਿਆ। ਸਕਿੰਟਾਂ ਵਿਚ ਹੀ ਪਸੀਨੋ ਪਸੀਨਾ ਹੋ ਗਏ। ਜਹਾਜ਼ ਏਅਰਪੋਰਟ ਦੀ ਇਮਾਰਤ ਤੋਂ ਦੋ ਕੂ ਸੌ ਮੀਟਰ ਦੂਰ ਖੜ੍ਹਾ ਸੀ। ਅਸੀਂ ਆਪਣੇ ਬੈਗ ਸੰਭਾਲਦੇ ਹੋਏ ਓਧਰ ਨੂੰ ਤੁਰ ਪਏ। ਇਮਾਰਤ ਦੇ ਅੰਦਰ ਵੜਦਿਆਂ ਹੀ ਇਕ ਓਮਾਨੀ ਨੇ ਸਾਡੇ ਹੱਥਾਂ ਉੱਤੇ ਦਸ-ਬਾਰ੍ਹਾਂ ਗੋਲੀਆਂ ਰੱਖ ਦਿੱਤੀਆਂ ਤੇ ਦੂਜੇ ਨੇ ਅੱਧੀ ਗਲਾਸੀ ਪਾਣੀ ਦੀ ਫੜਾ ਦਿੱਤੀ। ਬੜੀ ਮੁਸ਼ਕਲ ਨਾਲ ਉਹ ਕੌੜੀਆਂ ਗੋਲੀਆਂ ਅੰਦਰ ਲੰਘਾਈਆਂ। ਹੋਰ ਪਾਣੀ ਮਿਲਣ ਦੀ ਕੋਈ ਉਮੀਦ ਨਹੀਂ ਸੀ।

ਏਅਰਪੋਰਟ ਉੱਤੇ ਸਾਨੂੰ ਲੈਣ ਕੋਈ ਨਹੀਂ ਸੀ ਆਇਆ। ਬਲਦੇਵ ਨੂੰ ਥੋੜ੍ਹਾ ਜਿਹਾ ਅੰਦਾਜ਼ਾ ਸੀ। ਅਸੀਂ ਇਕ ਟੈਕਸੀ ਵਾਲੇ ਨੂੰ ਕੰਪਨੀ ਦਾ ਨਾਮ ਦੱਸਿਆ ਤਾਂ ਉਸ ਨੇ ਕਿਹਾ, ਬੈਠ ਜਾਉ, ਮੈਨੂੰ ਪਤਾ ਹੈ। ਪੰਜ ਡਾਲਰ ਲਵਾਂਗਾ। ਪੁੱਛ ਪੁਛਾ ਕੇ ਉੱਥੇ ਪਹੁੰਚ ਗਏ। ਟੈਕਸੀ ਵਾਲਾ ਪੰਜ ਡਾਲਰ ਦੀ ਬਜਾਏ ਪੰਜ ਰਿਐਲ ਮੰਗਣ ਲੱਗਾ। ਮਲਕੀਤ ਨੇ ਕਿਹਾ ਦੇ ਦਿਉ ਨਹੀਂ ਤਾਂ ਇਹ ਝਗੜਾ ਕਰੇਗਾ ਤੇ ਥਾਣੇ ਲੈ ਜਾਏਗਾ। ਫਿਰ ਪੰਜ ਰਿਐਲ ਹੋਰ ਦੇਣੇ ਪੈਣਗੇ। ਉਸ ਨੂੰ ਪੰਜ ਰਿਐਲ ਦੇ ਕੇ ਤੋਰਿਆ। ਸਾਨੂੰ ਤਿੰਨ ਦਿਨ ਮਲਕੀਤ ਹੋਰਾਂ ਕੋਲ ਹੀ ਰਹਿਣਾ ਪਿਆ। ਸਾਡਾ ਤੀਜਾ ਸਾਥੀ ਮੇਜਰ ਸਿੰਘ ਏਥੇ ਹੀ ਮਿਲਿਆ। ਸਾਡਾ ਰਵਾਬ ਤਿੰਨ ਦਿਨ ਬਾਅਦ ਸਾਨੂੰ ਕੌਣ ਆਇਆ। ਉਸ ਨੇ ਟਰੱਕ ਪਲਾਈਆਂ, ਬਾਲਿਆਂ ਅਤੇ ਸੀਮਿੰਟ ਦੀਆਂ ਬੋਰੀਆਂ ਨਾਲ ਭਰਿਆ ਹੋਇਆ ਸੀ। ਉਸ ਨੇ ਸਾਨੂੰ ਆਪਣੇ ਨਾਲ ਚੱਲਣ ਲਈ ਕਿਹਾ ਤਾਂ ਅਸੀਂ ਆਪਣਾ ਸਾਮਾਨ ਵੀ ਟਰੱਕ ਵਿਚ ਰੱਖ ਲਿਆ। ਬਾਜ਼ਾਰ ਵਿੱਚੋਂ ਤੁਹਾਡੀ ਲੋੜ ਦਾ ਰਾਸ਼ਨ ਨਹੀਂ ਮਿਲਣਾ। ਅਸੀਂ ਲੂਣ, ਮਿਰਚ, ਦਾਲਾਂ, ਆਟਾ, ਦੁੱਧ, ਚਾਹ, ਖੰਡ ਬਗ਼ੈਰਾ ਲੈ ਲਏ। ਪੈਸੇ ਉਸ ਨੇ ਲੈ ਦਿੱਤੇ। ਟਰੱਕ ਪਿੰਡ ਵਾਲੀ ਸੜਕੇ ਪੈ ਗਿਆ।




ਕੋਈ ਸੌ ਕੁ ਕਿਲੋਮੀਟਰ ਜਾ ਕੇ ਉਸਨੇ ਟਰੱਕ ਖੜ੍ਹਾ ਕਰਾਇਆ। ਚਾਹ ਪਾਣੀ ਪੀਣਾ ਹੈ ਤਾਂ ਪੀ ਲਉ। ਰਵਾਬ ਨੇ ਬਲਦੇਵ ਨੂੰ ਕਿਹਾ। ਬਲਦੇਵ ਅਫ਼ਰੀਕਾ ਵਿਚ ਰਿਹਾ ਸੀ, ਉਸ ਨੂੰ ਸਹੇਲੀ ਆਉਂਦੀ ਸੀ। ਸਾਰੀ ਗੱਲ ਉਸ ਦੇ ਜ਼ਰੀਏ ਹੁੰਦੀ ਸੀ। ਮਲਕੀਤ ਨੇ ਸਾਨੂੰ ਕਿਹਾ ਕਿ ਪਿੰਡ ਅਜੇ ਦੂਰ

ਹੈ। ਪਹੁੰਚਦਿਆਂ ਕਾਫੀ ਹਨੇਰਾ ਹੋ ਜਾਣਾ, ਇਸ ਕਰਕੇ ਰਾਤ ਦੀ ਰੋਟੀ ਜੋਗਾ ਕੰਮ ਏਥੇ ਹੀ ਕਰ ਲਈਏ। ਸੋ ਅਸੀਂ ਉਸ ਹਿਸਾਬ ਨਾਲ ਜੋ ਮਿਲਿਆ ਖਾ ਕੇ ਢਿੱਡ ਭਰ ਗਿਆ।

ਰਸਤੇ ਵਿਚ ਜਾਂਦਿਆਂ ਮੈਂ ਆਲੇ-ਦੁਆਲੇ ਦੇ ਆਉਂਦੇ ਪਿੰਡਾਂ ਦੇ ਘਰਾਂ ਵੱਲ ਨਜ਼ਰ ਮਾਰ ਰਿਹਾ ਸੀ। ਮੈਨੂੰ ਕੋਈ ਵੀ ਘਰ ਸਾਬਤਾ ਨਜ਼ਰ ਨਹੀਂ ਸੀ ਆ ਰਿਹਾ। ਕਿਸੇ ਕਮਰੇ ਦੀ ਤਾਂ ਛੱਤ ਹੀ ਨਹੀਂ ਸੀ, ਦਿਸਦੀ ਤੇ ਕਿਸੇ ਘਰ ਦੀਆਂ ਕੰਧਾਂ ਵੀ ਟੁੱਟੀਆਂ ਭੱਜੀਆਂ ਸਨ। ਘਰ ਉੱਜੜੇ ਉੱਜੜੇ ਦਿਸਦੇ ਹਨ।

ਮੈਨੂੰ ਥੋੜ੍ਹੀ ਜਿਹੀ ਹੈਰਾਨੀ ਹੋ ਰਹੀ ਸੀ। ਮੈਂ ਆਪਣੀ ਸ਼ੰਕਾ ਬਲਦੇਵ ਨੂੰ ਦੱਸੀ ਤਾਂ ਉਸ ਨੇ ਰਵਾਬ ਨੂੰ ਪੁੱਛ ਲਿਆ। ਉਹ ਮੇਰੇ ਵੱਲ ਦੇਖਦਾ ਦੱਸਣ ਲੱਗਾ।

"ਏਥੇ ਜੋ ਪਹਿਲਾ ਰਾਜਾ ਸੀ, ਉਸ ਨੂੰ ਲੋਕਾਂ ਦੀ ਕੋਈ ਫ਼ਿਕਰ ਨਹੀਂ ਸੀ। ਇਸ ਕਰਕੇ ਬਹੁਤੇ ਲੋਕ ਅਫ਼ਰੀਕਾ ਚਲੇ ਗਏ ਸਨ। ਮੈਂ ਵੀ ਅਫ਼ਰੀਕਾ ਤੋਂ ਹੀ ਆਇਆ ਹਾਂ। ਜੋ ਹੁਣ ਰਾਜਾ ਹੈ, ਉਸ ਨੇ ਸੋਚਿਆ ਕਿ ਜੇ ਸਾਰੇ ਲੋਕ ਅਫ਼ਰੀਕਾ ਚਲੇ ਜਾਣਗੇ ਤਾਂ ਮੇਰੇ ਦੇਸ਼ ਨੂੰ ਕੌਣ ਜਾਣੇਗਾ। ਉਸ ਨੇ ਰਾਜਗੱਦੀ ਉੱਤੇ ਬੈਠਦਿਆਂ ਹੀ ਇਹ ਐਲਾਨ ਕਰ ਦਿੱਤਾ ਕਿ ਜਿਹੜੇ ਪਰਿਵਾਰ ਇਹ ਮੁਲਕ ਛੱਡ ਕੇ ਅਫ਼ਰੀਕਾ ਚਲੇ ਗਏ ਹਨ, ਉਹ ਵਾਪਸ ਆ ਜਾਣ। ਏਥੇ ਆ ਕੇ ਆਪਣੇ ਕੰਮ ਕਰਨ, ਸਰਕਾਰ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰੇਗੀ। ਮੈਂ ਵੀ ਏਥੇ ਆ ਕੇ ਲਿਖ ਕੇ ਦਿੱਤਾ ਸੀ ਕਿ ਮੈਨੂੰ ਜ਼ਮੀਨ ਦਿੱਤੀ ਜਾਵੇ ਮੈਂ ਖੇਤੀ ਕਰਨਾ ਚਾਹੁੰਦਾ ਹਾਂ। ਸਰਕਾਰ ਨੇ ਅਰਜ਼ੀ ਮਨਜ਼ੂਰ ਕਰ ਲਈ। ਜਿਸਨੇ ਵੀ ਜਿਸ ਕੰਮ ਲਈ ਅਰਜ਼ੀ ਦਿੱਤੀ ਸੀ, ਮਨਜ਼ੂਰ ਹੋ ਗਈ। ਤੁਹਾਨੂੰ ਏਥੇ ਬੁਲਾਉਣ ਲਈ ਵੀ ਸਰਕਾਰ ਨੇ ਮੈਨੂੰ ਵੀਜ਼ੇ ਦਿੱਤੇ ਹਨ। ਬਹੁਤ ਲੋਕਾਂ ਨੇ ਕੰਮ ਚਾਲੂ ਕਰ ਲਏ ਹਨ। ਲੋਕਾਂ ਦੇ ਏਥੋਂ ਜਾਣ ਕਰਕੇ ਖ਼ਾਲੀ ਪਏ ਘਰ ਮੀਂਹ ਹਨੇਰੀਆਂ ਨਾਲ ਢੱਠ ਗਏ ਸਨ, ਹੁਣ ਲੋਕ ਹੌਲੀ-ਹੌਲੀ ਉਨ੍ਹਾਂ ਦੀ ਮੁਰੰਮਤ ਕਰਵਾ ਰਹੇ ਹਨ। ਇਸ ਕਰਕੇ ਬਹੁਤੇ ਘਰ ਅਜੇ ਵੀ ਟੁੱਟੇ-ਭੱਜੇ ਦੇਖਦੇ ਹਨ।" ਉਸ ਨੇ ਥੋੜ੍ਹੇ ਲਫ਼ਜ਼ਾਂ ਵਿੱਚ ਹੀ ਸਾਰੀ ਗੱਲ ਦੱਸ ਦਿੱਤੀ।

ਇੱਕ ਵੱਡੀ ਸੜਕ ਤੋਂ ਬਿਨਾਂ ਹੋਰ ਸਾਰੇ ਰਸਤੇ ਕੱਚੇ ਹੀ ਦਿਸ ਰਹੇ ਸਨ। ਸਾਡਾ ਟਰੱਕ ਵੀ ਵੱਡੀ ਸੜਕ ਛੱਡ ਕੇ ਪਿੰਡ ਵਾਲੇ ਕੱਚੇ ਰਾਹ ਉਤਰ ਗਿਆ। ਇਸ ਪਿੰਡ ਦਾ ਨਾਮ ਸੜਕ ਉੱਤੇ ਲੱਗੇ ਬੋਰਡ ਉੱਤੇ ਅੰਗਰੇਜ਼ੀ ਅਤੇ ਅਰਬੀ ਵਿਚ 'ਦਰੀਜ਼' ਲਿਖਿਆ ਹੋਇਆ ਸੀ। ਏਸੇ ਤਰ੍ਹਾਂ ਕੱਚੇ ਰਸਤੇ ਉੱਤੇ ਪਿੰਡ ਦਾ ਨਾਮ 'ਇੰਜ' ਲਿਖਿਆ ਹੋਇਆ ਸੀ। ਜੋ ਗੱਡੀ ਦੀਆਂ ਲਾਈਟਾਂ ਨਾਲ ਚਮਕਦੇ ਅੱਖਰ ਪੜ੍ਹ ਹੁੰਦੇ ਸਨ। ਇਸ ਪਿੰਡ ਦੇ ਘਰ ਵੀ ਟੁੱਟੇ ਭੱਜੇ, ਅੱਧੇ ਅਧੂਰੇ ਹੀ ਸਨ। ਜਿਸ ਘਰ ਅੱਗੇ ਜਾ ਕੇ ਟਰੱਕ ਖੜ੍ਹਾ ਹੋਇਆ, ਉਸ ਦੀਆਂ ਵੀ ਬਾਹਰਲੀਆਂ ਕੰਧਾਂ ਅੱਧੀਆਂ-ਅੱਧੀਆਂ ਭੁਰੀਆਂ ਹੋਈਆਂ ਸਨ ਤੇ ਬਨੇਰੇ ਢੱਠੇ ਹੋਏ ਸਨ। ਲੇਅ ਲੱਥੇ ਹੋਏ ਸਨ।

ਰਵਾਬ ਨੇ ਅੱਗੇ ਹੋ ਕੇ ਘਰ ਦਾ ਦਰਵਾਜ਼ਾ ਖੋਲ੍ਹਿਆ। ਅਸੀਂ ਆਪਣਾ ਸਮਾਜ ਲੈ ਕੇ ਬੂਹਾ ਲੰਘੇ ਤਾਂ ਕੀ ਦੇਖਦੇ ਹਾਂ। ਅੰਦਰ ਕਮਰਾ ਨਾਂ ਦੀ ਕੋਈ ਚੀਜ਼ ਨਹੀਂ ਸੀ। ਦਰਵਾਜ਼ੇ ਦੇ ਖੱਬੇ ਹੱਥ ਬਲੌਕਾਂ ਉੱਤੇ ਬਾਲੇ ਰੱਖ ਕੇ ਉਸ ਉੱਤੇ ਸਮਾਨ ਰੱਖਣ ਦਾ ਇਸ਼ਾਰਾ ਕੀਤਾ।

ਅਸੀਂ ਸਾਮਾਨ ਲਾਹ ਕੇ ਉੱਥੇ ਰੱਖ ਲਿਆ। ਖੱਬੇ ਹੱਥ ਹੀ ਇਕ ਟੁੱਟਾ ਜਿਹਾ ਬਰਾਂਡਾ ਤੇ ਪਿੱਛੇ ਕਮਰਾ ਸੀ, ਜਿਸ ਦੇ ਦਰਵਾਜ਼ੇ ਨੂੰ ਤਾਲਾ ਲੱਗਾ ਹੋਇਆ ਸੀ। ਬਾਕੀ ਖੁੱਲ੍ਹਾ ਥਾਂ ਸੀ। ਮੈਨੂੰ ਲੱਗਦਾ ਕਿਸੇ ਵੇਲੇ ਉਹ ਬੱਕਰੀਆਂ ਦਾ ਵਾੜਾ ਹੋਏਗਾ। ਮੇਂਗਣਾਂ ਦੀ ਬਦਬੂ ਅਜੇ ਵੀ ਆ ਰਹੀ ਸੀ। ਜਦੋਂ ਮੈਂ ਕਮਰੇ ਵੱਲ ਨੂੰ ਹੋਇਆ ਤਾਂ ਉੱਧਰੋਂ ਸੁੱਕੀ ਮੱਛੀ ਦੀ ਬਦਬੂ ਨੇ ਮੇਰੇ ਕਦਮ ਰੋਕ ਦਿੱਤੇ। ਆਲਾ-ਦੁਆਲਾ ਦੇਖਦੇ ਅਸੀਂ ਚਾਰੇ ਹੈਰਾਨ ਹੋਏ ਇਕ ਦੂਜੇ ਦੇ ਮੂੰਹ ਵੱਲ ਦੇਖ ਰਹੇ ਸਾਂ। ਮੈਂ ਸੋਚੀਂ ਪੈ ਗਿਆ ਕਿ ਅਸੀਂ ਇੱਦਾਂ ਟੁੱਟੀਆਂ-ਭੱਜੀਆਂ ਕੰਧਾਂ ਵਾਲੇ ਘਰਾਂ ਦੇ ਮੁਲਕ ਵਿਚ ਕੁਝ ਕਮਾਉਣ ਆਏ ਹਾਂ। ਹਵਾ ਬੰਦ ਸੀ ਤੇ ਹੁੱਟ ਨਾਲ ਪਸੀਨੇ-ਪਸੀਨੇ ਹੋ ਗਏ। ਸਾਡੇ ਭਿੱਜੇ ਕੱਪੜੇ ਦੇਖ ਕੇ ਇਕ ਮੁੰਡਾ ਦੋ ਪੱਖੀਆਂ ਲੈ ਕੇ ਆਇਆ। ਪੱਖੀਆਂ ਫਰੇਮ ਉੱਤੇ ਕੱਪੜਾ ਅਤੇ ਝਾਲਰ ਲੱਗੀ ਵਾਲੀਆਂ ਸਨ। ਦੂਜੇ ਮੁੰਡੇ ਨੇ ਇਕ ਧੁਆਂਖੀ ਜਿਹੀ ਚਿਮਨੀ ਵਾਲੀ ਲਾਲਟੇਨ ਲਿਆ ਕੇ ਰੱਖ ਦਿੱਤੀ। ਉਸ ਦੀ ਰੌਸ਼ਨੀ ਨਾਂਹ ਦੇ ਬਰਾਬਰ ਹੀ ਸੀ।

ਅਸੀਂ ਸੋਚ ਹੀ ਰਹੇ ਸਾਂ ਕਿ "ਏਥੇ ਕਿਸ ਤਰ੍ਹਾਂ ਰਹਿ ਹੋਏਗਾ? ਕੀ ਇਸ ਚਟਾਈ ਉੱਤੇ ਹੀ ਰਹਿਣਾ ਪਏਗਾ?" ਬਾਹਰਲਾ ਦਰਵਾਜ਼ਾ ਖੁੱਲ੍ਹਾ ਜੋ ਆਪਣੇ ਆਪ ਹੀ ਬੰਦ ਹੋ ਜਾਂਦਾ ਸੀ। ਉਸ ਦੀ ਫਿਟਿੰਗ ਹੀ ਅੱਧੀ ਸੀ। ਇਕ ਮੁੰਡਾ ਦੋ ਕੁ ਫੁੱਟ ਦੀ ਪਰਾਤ ਜੋ ਟੀਸੀ ਕੱਢ ਕੇ ਚੌਲਾਂ ਨਾਲ ਭਰੀ ਹੋਈ ਸੀ ਤੇ ਉਸ ਉੱਤੇ ਬੱਕਰੀ ਜਾਂ ਭੇਡ ਦੀ ਭੁੱਜੀ ਹੋਈ ਲੱਤ ਰੱਖੀ ਹੋਈ ਸੀ, ਲੈ ਕੇ ਆਇਆ।

"ਲਓ ਬਈ ਲੱਤ ਖਾ ਲਉ ਜਿਸ ਨੂੰ ਭੁੱਖ ਲੱਗੀ ਹੈ।" ਮਲਕੀਤ ਨੇ ਉਸ ਵੱਲ ਦੇਖਦਿਆਂ ਕਿਹਾ। ਮੇਜਰ ਸਿੰਘ ਨੇ ਉਸ ਵੱਲ ਦੇਖਦਿਆਂ ਬੁਰਾ ਜਿਹਾ ਮੂੰਹ ਬਣਾਇਆ। "ਭਾਊ ਗੁੱਸਾ ਨਾ ਕਰ, ਅਸੀਂ ਉਸ ਦੇਸ਼ ਵਿਚ ਆਏ ਹਾਂ ਜਿੱਥੇ ਅਜਿਹੇ ਨਜ਼ਾਰੇ ਦਿਨ ਵਿਚ ਕਈ ਵਾਰ ਦੇਖਣੇ ਪੈਣਗੇ।" ਬਲਦੇਵ ਨੇ ਮੇਜਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਬਲਦੇਵ ਤਾਂ ਸਭ ਕੁਝ ਹਜ਼ਮ ਕਰ ਜਾਂਦਾ ਸੀ। ਇਸ ਕਰਕੇ ਉਸ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ। ਮੈਂ ਉਸ ਨੂੰ ਕਿਹਾ, "ਇਨ੍ਹਾਂ ਨੂੰ ਆਖਦੇ ਕਿ ਅਸੀਂ ਰੋਟੀ ਖਾ ਆਏ ਹਾਂ, ਇਸ ਵੇਲੇ ਲੋੜ ਨਹੀਂ। ਤੁਹਾਡਾ ਬਹੁਤ ਬਹੁਤ ਧੰਨਵਾਦ। ਸਵੇਰ ਦੀ ਵੀ ਤੁਸੀਂ ਫ਼ਿਕਰ ਨਾ ਕਰਨਾ। ਅਸੀਂ ਆਪ ਹੀ ਪ੍ਰਬੰਧ ਕਰ ਲਵਾਂਗੇ।" ਉਹ ਪਰਾਤ ਚੁੱਕ ਕੇ ਚਲੇ ਗਏ।

ਬੱਦਲ ਪਹਿਲਾਂ ਥੋੜ੍ਹਾ-ਥੋੜ੍ਹਾ ਲਿਸ਼ਕਦਾ ਸੀ। ਅਸੀਂ ਬਿਸਤਰੇ ਵਿਛਾਉਣ ਬਾਰੇ ਸੋਚ ਰਹੇ ਸਾਂ ਕਿ ਬੱਦਲਾਂ ਦੀ ਦਹਾੜ ਥੋੜ੍ਹੀ ਉੱਚੀ ਹੋ ਗਈ, ਜਿਵੇਂ ਗੁੱਸੇ 'ਚ ਆਇਆ ਸ਼ੇਰ, ਸ਼ਿਕਾਰ ਨੂੰ

ਹੱਥੋਂ ਨਿਕਲ ਜਾਣ 'ਤੇ ਦਹਾੜਦਾ ਹੈ। ਏਨੇ ਨੂੰ ਰਵਾਬ ਅੰਦਰ ਆਇਆ। ਮੈਂ ਬਲਦੇਵ ਨੂੰ ਕਿਹਾ, "ਇਸ ਨੂੰ ਪੁੱਛ ਜੇ ਰਾਤ ਨੂੰ ਮੀਂਹ ਆ ਗਿਆ ਤਾਂ ਕਿੱਥੇ ਜਾਵਾਂਗੇ?"

"ਏਥੇ ਬੱਦਲ ਏਸੇ ਤਰ੍ਹਾਂ ਗਰਜਦੇ ਰਹਿੰਦੇ ਹਨ। ਜਿਵੇਂ ਕਹਿੰਦੇ ਹਨ ਜੋ ਗਰਜਦੇ ਹਨ ਉਹ ਬਰਸਦੇ ਨਹੀਂ।" ਕਹਿੰਦਾ ਹੋਇਆ ਰਵਾਬ ਹੱਸ ਪਿਆ। ਪਰ ਰਵਾਬ ਇਹ ਤਾਂ ਕਹਿੰਦੇ ਹਨ 'ਅਸੀਂ ਗਰਜਾਂਗੇ ਵੀ ਤੇ ਬਰਸਾਂਗੇ ਵੀ।' ਮੈਂ ਬੱਦਲਾਂ ਵੱਲ ਦੇਖਦਿਆਂ ਕਿਹਾ।

"ਏਥੇ ਚੌਦਾਂ ਸਾਲ ਹੋ ਗਏ ਹਨ ਬੱਦਲ ਗਰਜਦੇ ਤਾਂ ਬਹੁਤ ਵਾਰੀ ਹਨ ਪਰ ਬਰਸੇ ਨਹੀਂ।" ਰਵਾਬ ਬੱਦਲਾਂ ਵੱਲ ਦੇਖਦਾ ਹੋਇਆ ਘਰ ਨੂੰ ਚਲੇ ਗਿਆ। ਗੱਲਾਂ ਕਰਦਿਆਂ ਅਸੀਂ ਚਟਾਈ ਉੱਤੇ ਬਿਸਤਰੇ ਸਿੱਧੇ ਕਰ ਲਏ। ਇਸ ਤੋਂ ਪਹਿਲਾਂ ਕਿ ਅਸੀਂ ਬਿਸਤਰਿਆਂ ਉੱਤੇ ਸਿੱਧੇ ਹੁੰਦੇ, ਮੀਂਹ ਇਕਦਮ ਆ ਡਿੱਗਾ। ਉਸ ਨੇ ਸਾਨੂੰ ਬਿਸਤਰੇ ਗੋਲ ਕਰਨ ਦਾ ਵੀ ਮੌਕਾ ਨਾ ਦਿੱਤਾ। ਇਕਦਮ ਹਫੜਾ-ਦਫੜੀ ਮਚ ਗਈ। ਛੱਤ ਤਾਂ ਕੋਈ ਹੈ ਨਹੀਂ ਸੀ ਨੇੜੇ, ਅਸੀਂ ਫਟਾਫਟ ਬਿਸਤਰੇ ਗੋਲ ਕਰਕੇ ਕੰਧ ਨਾਲ ਰੱਖ ਕੇ ਖੜ੍ਹੇ ਹੋ ਗਏ।

ਸਾਹੋ ਸਾਹ ਹੋਇਆ ਰਵਾਬ ਆਇਆ। ਉਹ ਬਹੁਤ ਖ਼ੁਸ਼ ਮੁਸਕੁਰਾ ਰਿਹਾ ਸੀ। ਉਸ ਨੇ ਸਾਡੇ ਵੱਲ ਦੇਖਦਿਆਂ ਕਿਹਾ, "ਤੁਹਾਡੀ ਜ਼ੁਬਾਨ ਮੁਬਾਰਕ ਹੋਵੇ। ਤੁਸੀਂ ਕਿਹਾ ਸੀ ਤਾਂ ਬਰਸਾਤ ਹੋ ਗਈ। ਤੁਸੀਂ ਸਾਮਾਨ ਚੁੱਕ ਕੇ ਮੇਰੇ ਮਗਰ ਆਓ। ਨੇੜੇ ਹੀ ਇਕ ਘਰ ਦਾ ਕਾਫੀ ਵੱਡਾ ਕਮਰਾ ਸੀ, ਜਿੱਥੇ ਉਹ ਲੈ ਕੇ ਗਿਆ। ਉਹ ਕਮਰਾ ਵੀ ਮੱਛੀ ਅਤਕੇ ਮੇਂਗਣਾਂ ਦੀ ਬਦਬੂ ਨਾਲ ਭਰਿਆ ਪਿਆ ਸੀ। ਬਲਦੇਵ ਨੇ ਰਵਾਬ ਨੂੰ ਕਿਹਾ, "ਏਥੇ ਬਦਬੂ ਬਹੁਤ ਆਉਂਦੀ ਹੈ ਸੌਂ ਕਿਵੇਂ ਹੋਊ?" ਇਕ ਮੁੰਡੇ ਨੇ ਕਮਰੇ ਦੀਆਂ ਚਾਰ ਪੰਜ ਖਿੜਕੀਆਂ ਜੋ ਰਸਤੇ ਵੱਲ ਖੁੱਲ੍ਹਦੀਆਂ ਸਨ, ਖੋਲ੍ਹ ਦਿੱਤੀਆਂ। ਮੈਨੂੰ ਲੱਗਦਾ ਉਹ ਕਮਰਾ ਮਜਲਸ ਘਰ ਸੀ। ਇਕ ਖੂੰਜੇ ਵਿਚ 7-8 ਚਟਾਈਆਂ ਪਈਆਂ ਸਨ। ਅਸੀਂ ਉਹ ਫ਼ਰਸ਼ ਉੱਤੇ ਵਿਛਾ ਕੇ ਬਿਸਤਰੇ ਰੱਖ ਗਲਏ। ਇਕ ਮੁੰਡਾ ਅਸਰ ਦੀਆਂ ਦੋ ਸ਼ੀਸ਼ੀਆਂ ਲੈ ਕੇ ਆਇਆ ਤੇ ਕਮਰੇ ਵਿੱਚ ਛਿੜਕਾਅ ਦਿੱਤੀਆਂ। ਫਿਰ ਹਵਾ ਦੇ ਬੁੱਲੇ ਨਾਲ ਇਕ ਵਾਰ ਮੱਛੀਆਂ ਤੇ ਮੇਂਗਣਾਂ ਦੀ ਬਦਬੂ ਆਏ ਤੇ ਦੂਜੀ ਵਾਰ ਅਤਰ ਦੀ।

"ਜਿਵੇਂ ਕਿਵੇਂ ਰਾਤ ਲੰਘ ਗਈ। ਸਵੇਰੇ ਅੱਠ ਕੁ ਵਜੇ ਰਵਾਬ ਆ ਗਿਆ। ਬਹੁਤ ਖ਼ੁਸ਼ ਸੀ। ਰਾਤ ਬਾਰੇ ਪੁੱਛਣ ਲੱਗਾ। ਅਸੀਂ ਕਿਹਾ ਵਧੀਆ ਲੰਘ ਗਈ। ਜੇ ਘਟੀਆ ਵੀ ਹੁੰਦੀ ਤਾਂ ਕਿਸੇ ਨੇ ਕੀ ਕਰ ਲੈਣਾ ਸੀ?"

"ਤੁਸੀਂ ਨਾਸ਼ਤਾ ਕਰ ਲਿਆ ਤਾਂ ਮੇਰੇ ਨਾਲ ਆ ਜਾਓ। ਪਿੰਡ ਵਾਲੇ ਤੁਹਾਨੂੰ ਉਡੀਕ ਰਹੇ ਹਨ।" ਅਸੀਂ ਹੈਰਾਨੀ ਨਾਲ ਉਸ ਵੱਲ ਦੇਖਣ ਲੱਗੇ।

"ਹਾਂ ਅਸੀਂ ਨਾਸ਼ਤਾ ਕਰ ਲਿਆ।" ਬਲਦੇਵ ਨੇ ਉਸ ਨੂੰ ਦੱਸਿਆ। ਉਹ ਅੱਗੇ ਅੱਗੇ ਤੇ ਅਸੀਂ ਸਾਰੇ ਉਸਦੇ ਪਿੱਛੇ-ਪਿੱਛੇ ਤੁਰ ਪਏ। ਅਸੀਂ ਚਿੱਟੇ ਕੁੜਤੇ ਪਜਾਮੇ ਪਾਏ ਹੋਏ ਸਨ ਤੇ ਦਾੜ੍ਹੇ ਖੁੱਲ੍ਹੇ ਅਤੇ ਸਿਰਾਂ ਉੱਤੇ ਪਟਕੇ ਸਨ ਕੇਸਰੀ। ਜਦੋਂ ਅਸੀਂ ਉਸ ਘਰੋਂ ਬਾਹਰ ਨਿਕਲੇ ਤਾਂ ਬਹੁਤ ਸਾਰੇ ਘਰਾਂ ਵਾਲੇ ਆਦਮੀ ਔਰਤਾਂ ਆਪਣੇ ਘਰਾਂ ਦੇ ਦਰਵਾਜ਼ਿਆਂ ਵਿਚ ਖੜ੍ਹੇ ਸਨ। ਬਹੁਤੀਆਂ ਔਰਤਾਂ ਦਰਵਾਜ਼ਿਆਂ ਦੀਆਂ ਝੀਥਾਂ ਵਿੱਚ ਦੀ ਦੇਖ ਰਹੀਆਂ ਸਨ। ਰਵਾਬ ਦੇ ਘਰ ਦੇ ਨਾਲ ਦੀ ਗਲੀ ਚਾਰ ਕੁ ਫੁੱਟ ਚੌੜੀ ਅਤੇ ਸੌ ਕੁ ਗਜ਼ ਲੰਬੀ ਸੀ। ਸਾਡੇ ਪੰਜਾਂ ਨਾਲ ਉਹ ਰੁਕ ਗਈ।

ਔਰਤਾਂ ਮਰਦ ਦਰਵਾਜ਼ਿਆਂ ਵਿਚ ਖੜ੍ਹੇ ਸਨ। ਸਾਰੇ ਵਾਰੀ-ਵਾਰੀ ਅੱਗੇ ਹੋ ਕੇ ਮਿਲ ਰਹੇ ਸਨ, ਹੱਥ ਮਿਲਾ ਰਹੇ ਸਨ। ਸਾਰੇ ਖ਼ੁਸ਼ ਸਨ। ਬਹੁਤੇ ਲੋਕ ਸਾਨੂੰ ਮੁਸਲਿਮ ਹੀ ਸਮਝ ਰਹੇ ਸਨ। ਬਾਅਦ 'ਚ ਪਤਾ ਲੱਗਾ ਕਿ ਸਿੱਖ ਧਰਮ ਬਾਰੇ ਉਹ ਕੁਝ ਨਹੀਂ ਜਾਣਦੇ। ਪਰ ਨਾਨਕ ਪੀਰ ਨੂੰ ਕਾਫੀ ਲੋਕ ਜਾਣਦੇ ਸਨ। ਜਿੱਥੇ ਉਹ ਗਲੀ ਖ਼ਤਮ ਹੋਈ ਉਸ ਤੋਂ ਅੱਗੇ ਵੱਡਾ ਰਸਤਾ ਆ ਗਿਆ ਤੇ ਉਸ ਤੋਂ ਅੱਗੇ ਕਾਫ਼ੀ ਸਾਰਾ ਖੁੱਲ੍ਹਾ ਥਾਂ ਸੀ। ਉਸ ਤੋਂ ਅੱਗੇ ਪਹਾੜੀ ਸੀ।

ਉਸ ਖ਼ਾਲੀ ਥਾਂ ਦੇ ਇਕ ਪਾਸੇ ਪਿੰਡ ਦੇ ਲੋਕ ਇਕੱਠੇ ਹੋ ਕੇ ਨੱਚ ਰਹੇ ਸਨ। ਸਾਨੂੰ ਰਵਾਬ ਨੇ ਦੱਸਿਆ ਕਿ "ਰਾਤ ਬਹੁਤ ਬਰਸਾਤ ਹੋਈ ਸੀ। ਏਧਰਲੇ ਦੂਰ ਵਾਲੇ ਪਹਾੜ ਤੋਂ ਰਿੜ ਕੇ ਪਾਣੀ ਏਧਰ ਆਇਆ ਹੈ। ਬਰਸਾਤ ਅਤੇ ਪਾਣੀ ਆਉਣ ਦੀ ਖ਼ੁਸ਼ੀ ਵਿਚ ਹੀ ਪਿੰਡ ਦੇ ਲੋਕ ਨੱਚ ਰਹੇ ਹਨ।"

ਜਦੋਂ ਅਸੀਂ ਥੋੜ੍ਹਾ ਅੱਗੇ ਗਏ ਤਾਂ ਨੱਚ ਰਹੇ ਲੋਕ ਸਾਨੂੰ ਦੇਖ ਕੇ ਸਾਡੇ ਵੱਲ ਨੂੰ ਆ ਗਏ। ਉਨ੍ਹਾਂ ਨੇ ਸਾਨੂੰ ਚੌਹਾਂ ਨੂੰ ਮੋਢਿਆਂ ਉੱਤੇ ਚੁੱਕ ਲਿਆ ਤੇ ਨੱਚਣ ਲੱਗੇ। ਉਹ ਸਾਨੂੰ ਕਹਿ ਰਹੇ ਸਨ ਕਿ ਤੁਸੀਂ ਸਾਡੇ ਪਿੰਡ ਵਿੱਚ ਆਏ। ਤੁਸੀਂ ਕਿਹਾ ਕਿ ਅੱਜ ਬਰਸਾਤ ਆਏਗੀ। ਚੌਦ੍ਹਾਂ ਸਾਲ ਬਾਅਦ ਤੁਹਾਡੇ ਰਹਿਣ 'ਤੇ ਬਰਸਾਤ ਆਈ ਹੈ। ਅਸੀਂ ਸਾਰੇ ਬਹੁਤ ਖ਼ੁਸ਼ ਹਾਂ ਤੇ ਏਸੇ ਖ਼ੁਸ਼ੀ ਵਿਚ ਅਸੀਂ ਤੁਹਾਡਾ ਇਸਤਕਬਾਲ ਕਰਦੇ ਹਾਂ। ਤੁਸੀਂ ਸਾਡੇ ਨਾਲ ਨੱਚੋ ਤਾਂ ਸਾਨੂੰ ਬਹੁਤ ਚੰਗਾ ਲੱਗੇਗਾ। ਸਾਡੀ ਖ਼ੁਸ਼ੀ ਦੋਗੁਣੀ ਹੋ ਜਾਏਗੀ।"

ਅਸੀਂ ਵੀ ਉਨ੍ਹਾਂ ਦਾ ਮਾਣ ਰੱਖਦੇ ਹੋਏ ਪਿੜ ਵਿਚ ਕੁੱਦ ਪਏ। ਉਹ ਪਲ ਸਾਡੇ ਲਈ ਵੀ ਅਨੰਦ ਭਰਪੂਰ ਸਨ। ਇਸ ਤਰ੍ਹਾਂ ਚੌਦ੍ਹਾਂ ਸਾਲ ਬਾਅਦ ਪਿੰਡ ਵਾਲਿਆਂ ਨੂੰ ਮਿਲੀ ਖ਼ੁਸ਼ੀ ਦੇ ਅਸੀਂ ਵੀ ਭਾਈਵਾਲ ਬਣ ਗਏ। ਉਹ ਪਲ ਅਜੇ ਵੀ ਸਾਡੀਆਂ ਯਾਦਾਂ ਵਿਚ ਵਸੇ ਹੋਏ ਹਨ।

**ਰਹਿਣ ਲਈ ਕੁਆਟਰ ਬਣਾਉਣਾ**

ਨੱਚਦਿਆਂ ਕਾਫੀ ਸਮਾਂ ਹੋ ਗਿਆ ਤਾਂ ਸਾਡੇ ਰਵਾਬ ਨੇ ਪਿੰਡ ਵਾਲਿਆਂ ਨੂੰ ਰੁਕਣ ਦਾ ਇਸ਼ਾਰਾ ਕੀਤਾ। ਸਾਰੇ ਰੁਕ ਗਏ। ਰਵਾਬ ਨੇ ਫਿਰ ਇਕ ਉਮਾਨੀ ਨੂੰ ਕੁਝ ਕਿਹਾ ਤਾਂ ਉਹ ਬੰਦਾ ਪਿੰਡ ਵੱਲ ਨੂੰ ਦੌੜ ਪਿਆ। ਰਵਾਬ ਨੇ ਸਾਰਿਆਂ ਨੂੰ ਬੈਠਣ ਲਈ ਕਿਹਾ ਤਾਂ ਸਾਰੇ ਗੋਲ ਘੇਰਾ ਬਣਾ ਕੇ ਉੱਥੇ ਹੀ ਰੇਤਾ ਵਿਚ ਚੌਂਕੜੀਆਂ ਮਾਰ ਕੇ ਬੈਠ ਗਏ। ਪੰਜਾਂ ਕੁ ਮਿੰਟਾਂ ਪਿੱਛੋਂ ਉਹ ਬੰਦਾ ਆ ਗਿਆ ਜੋ ਪਿੰਡ ਵੱਲ ਗਿਆ ਸੀ। ਉਸ ਦੇ ਪਿੱਛੇ ਪਿੱਛੇ ਦੋ ਬੰਦੇ ਹੋਰ ਸਨ। ਉਨ੍ਹਾਂ ਦੋਹਾਂ ਨੇ ਵੱਡੇ-ਵੱਡੇ ਥਾਲ ਚੁੱਕੇ ਹੋਏ ਸਨ। ਉਨ੍ਹਾਂ ਥਾਲਾਂ ਵਿੱਚ ਖਜੂਰਾਂ ਅਤੇ ਹਲਕਾ ਰੱਖਿਆ ਹੋਇਆ ਸੀ। ਉਨ੍ਹਾਂ ਦੇ ਪਿੱਛੇ ਤਿੰਨ ਚਾਰ ਆਦਮੀ ਥਰਮੋਸਾਂ ਅਤੇ ਬਾਲਟੀ ਚੁੱਕੀ ਆ ਰਹੇ ਸਨ।

ਪਹਿਲਾਂ ਇਕ ਥਾਲ ਵਾਲੇ ਨੇ ਖਜੂਰਾਂ ਦਾ ਥਾਲ ਸਾਡੇ ਅੱਗੇ ਕੀਤਾ। ਅਸੀਂ ਇਕ-ਇਕ, ਦੋ-ਦੋ ਖਜੂਰਾਂ ਚੁੱਕ ਲਈਆਂ। ਫਿਰ ਹਲਵੇ ਦੇ ਥਾਲ ਵਾਲੇ ਨੇ ਥਾਲ ਸਾਡੇ ਅੱਗੇ ਕੀਤਾ। ਉਸ ਵਿੱਚੋਂ ਵੀ ਅਸੀਂ ਚੂੰਢੀ-ਚੂੰਢੀ ਹਲਵਾ ਚੁੱਕਿਆ ਤੇ ਮੂੰਹ ਵਿੱਚ ਪਾ ਲਿਆ। ਏਸੇ ਤਰ੍ਹਾਂ ਉਹ ਥਾਲ ਗੋਲ ਘੇਰੇ ਵਿਚ ਬੈਠੇ ਮਰਦਾਂ-ਔਰਤਾਂ ਦੇ ਅੱਗੋਂ ਦੀ ਸਾਡੇ ਤੱਕ ਮੁੜ ਆਏ। ਜਦ ਤੱਕ ਇਕ ਬਾਲਟੀ ਵਾਲਾ ਸਾਡੇ ਕੋਲ ਆਇਆ। ਉਸ ਨੇ ਬਾਲਟੀ ਵਿੱਚ ਰੱਖੇ ਛੋਟੇ-ਛੋਟੇ ਕੱਪਾਂ ਵਿਚੋਂ ਇਕ-ਇਕ ਕੱਪ ਸਾਡੇ ਹੱਥਾਂ ਵਿਚ ਫੜਾ ਦਿੱਤੇ। ਉਸ ਦੇ ਪਿੱਛੇ ਪਿੱਛੇ ਕਾਹਵੇ ਦੀ ਥਰਮੋਸ ਫੜੀ ਬੰਦਾ ਆ ਗਿਆ। ਪਿਛਲਿਆਂ ਵੱਲ ਦੇਖ ਕੇ ਅਸੀਂ ਕੱਪ ਅਗਾਂਹ ਨੂੰ ਕਰ ਦਿੱਤਾ। ਉਹ ਇਕ-ਇਕ ਘੁੱਟ ਕਾਹਵਾ ਪਾਉਂਦਾ ਹੋਇਆ ਅੱਗੇ ਨਿਕਲ ਗਿਆ।

ਅਸੀਂ ਡਰਦਿਆਂ-ਡਰਦਿਆਂ ਕੱਪ ਮੂੰਹ ਨੂੰ ਲਾਇਆ। ਕਿਉਂਕਿ ਸਾਨੂੰ ਨਹੀਂ ਸੀ ਪਤਾ ਕਿ ਉਹ ਕੀ ਚੀਜ਼ ਹੈ ਤੇ ਉਸ ਦਾ ਸਵਾਦ ਕੀ ਹੈ। ਮੈਂ ਕੱਪ ਮੂੰਹ ਨੂੰ ਲਾਉਣ ਤੋਂ ਪਹਿਲਾਂ ਬਲਦੇਵ ਨੂੰ ਕਿਹਾ, "ਰਵਾਬ ਨੂੰ ਪੁੱਛ ਇਹ ਕੀ ਚੀਜ਼ ਹੈ? ਕਿਤੇ ਗਾਂ ਦੇ ਮੀਟ ਦੀ ਤਰ੍ਹਾਂ ਹੀ ਨਾ ਹੋਵੇ।" ਰਵਾਬ ਨੇ ਦੱਸਿਆ ਕਿ "ਇਹ ਕਾਹਵਾ ਹੈ। ਸੁਆਦ ਹੁੰਦਾ।"

ਫਿਰ ਵੀ ਅਸੀਂ ਸੰਭਲ ਕੇ ਕੱਪ ਬੁੱਲ੍ਹਾਂ ਨੂੰ ਲਾਏ। ਵਾਕਿਆ ਹੀ ਉਹ ਸੁਆਦ ਸੀ, ਇਲਾਇਚੀ ਦੀ ਮਹਿਕ ਆ ਰਹੀ ਸੀ। ਮਿੱਠਾ ਉਸ ਵਿਚ ਨਹੀਂ ਸੀ। ਪਹਿਲਾਂ ਵਰਤਾਏ ਹਲਵੇ ਵਿੱਚ ਵੀ ਇਲਾਇਚੀ ਦੀ ਮਹਿਕ ਆ ਰਹੀ ਸੀ। ਜੋ ਖਜੂਰਾਂ ਸਨ, ਉਹ ਵੀ ਖ਼ਾਸ ਤਰੀ ਦੇ ਨਾਲ ਬਣਾਈਆਂ ਹੋਈਆਂ ਸਨ, ਤੇ ਸੁਆਦ ਸਨ। ਉਹ ਜਦੋਂ ਦੂਜੇ ਗੇੜੇ ਆਇਆ ਸੀ ਤਾਂ ਅਸੀਂ ਮੁੱਠਾਂ ਭਰ ਲਈਆਂ ਸਨ।

ਕਾਹਵਾ ਪੀ ਕੇ ਤੇ ਖਜੂਰਾਂ ਖਾ ਕੇ ਉਨ੍ਹਾਂ ਦਾ ਸੁਆਦ ਮੂੰਹ ਵਿਚ ਲਈ ਅਸੀਂ ਉੱਠ ਕੇ ਰਵਾਬ ਦੇ ਪਿੱਛੇ-ਪਿੱਛੇ ਹੋ ਤੁਰੇ। 20-25 ਗਜ਼ ਅੱਗੇ ਜਾ ਕੇ ਰਵਾਬ ਇਕ ਚੁਬੱਚੇ ਕੋਲ ਜਾ ਖੜ੍ਹਾ ਹੋਇਆ। ਆਲਾ ਦੁਆਲਾ ਦੇਖ ਕੇ ਉਹ ਹੋਰ ਅੱਗੇ ਨੂੰ ਤੁਰ ਪਿਆ। ਦਸ ਕੁ ਗਜ ਜਾ ਕੇ ਉਹ ਫਿਰ ਖੜ੍ਹਾ ਹੋ ਗਿਆ। ਉਸ ਨੇ ਬਲਦੇਵ ਨੂੰ ਆਵਾਜ਼ ਮਾਰੀ। ਅਸੀਂ ਚਾਰੇ ਉਸ ਕੋਲ ਚਲੇ ਗਏ। ਉਸ ਨੇ ਨੇੜੇ ਪਿਆ ਇਕ ਵੱਟਾ ਚੁੱਕਿਆ ਤੇ ਆਪਣੇ ਪੈਰਾਂ ਵਿੱਚ ਰੱਖ ਕੇ ਬਲਦੇਵ ਨੂੰ ਕੁਝ ਕਿਹਾ। ਬਲਦੇਵ ਨੇ ਸਾਨੂੰ ਦੱਸਿਆ ਕਿ ਇਹ ਕਹਿੰਦਾ ਹੈ ਆਪਾਂ ਏਥੇ ਵਲਗਲਾ ਕਰਨਾ ਹੈ। ਰਵਾਬ ਇਕ ਪਾਸੇ ਨੂੰ ਤੁਰ ਪਿਆ। ਅਸੀਂ ਵੀ ਉਸਦੇ ਮਗਰ ਹੋ ਗਏ। ਤਕਰੀਬਨ ਡੇਢ ਦੋ ਸੌ ਗਜ਼ ਜਾ ਕੇ ਉਸਨੇ ਪੈਰ ਨਾਲ ਲਾਈਨ ਮਾਰੀ ਤੇ ਨੇੜਿਓਂ ਚੁੱਕ ਕੇ ਇਕ ਵੱਟਾ ਉੱਥੇ ਰੱਖ ਦਿੱਤਾ। ਉੱਥੋਂ ਉਹ ਸੱਜੇ ਹੱਥ ਮੁੜ ਪਿਆ। ਏਧਰ ਦਰੀਜ਼ ਤੋਂ ਰਸਤਾ ਪਿੰਡ ਵੱਲ ਆਉਂਦਾ ਸੀ। ਉਸ ਰਸਤੇ ਤੋਂ 5 ਕੁ ਗਜ਼ ਪਹਿਲਾਂ ਉਸ ਨੇ ਫਿਰ ਪੈਰ ਨਾਲ ਲਕੀਰ ਮਾਰ ਕੇ ਇਕ ਪੱਥਰ ਰੱਖ ਦਿੱਤਾ ਤੇ ਸੱਜੇ ਹੱਥ ਰਸਤੇ ਦੇ ਨਾਲ-ਨਾਲ ਪਿਛਾਂਹ ਨੂੰ ਆ ਗਿਆ। ਏਧਰ ਵੀ ਉਹ ਡੇਢ ਦੋ ਸੌ ਗਜ਼ ਆਇਆ ਤੇ ਪੈਰ ਨਾਲ ਨਿਸ਼ਾਨ ਲਾ ਦਿੱਤਾ। "ਏਥੇ ਚਾਰੇ ਪਾਸੇ ਮੁਰੱਬੇ (ਬਾਲੇ) ਗੱਡ ਕੇ ਤਾਰ ਲਾ ਦੇਣੀ ਹੈ। ਇਹ ਸਾਰੀ ਥਾਂ ਮੇਰੀ ਹੋ ਜਾਏਗੀ।"

"ਮੁਫ਼ਤੋ-ਮੁਫ਼ਤੀ।" ਬਲਦੇਵ ਨੇ ਹੱਸਦਿਆਂ ਪੁੱਛਿਆ।

"ਹਾਂ ਮੁਫ਼ਤੋ-ਮੁਫ਼ਤੀ।" ਫਿਰ ਉਹ ਬਲਦੇਵ ਦੇ ਮੋਢੇ 'ਤੇ ਹੱਥ ਰੱਖਦਾ ਬੋਲਿਆ, "ਇਹ ਥਾਂ ਮੈਨੂੰ ਸੁਲਤਾਨ ਨੇ ਦਿੱਤੀ ਹੈ।" ਉਸ ਦੇ ਗੱਲ ਕਰਦਿਆਂ ਉਹ ਟਰੱਕ ਵੀ ਮੁੰਡੇ ਲੈ ਆਏ, ਜਿਸ ਵਿਚ ਅਸੀਂ ਰਾਤੀਂ ਆਏ ਸੀ। ਉਨ੍ਹਾਂ ਨੇ ਟਰੱਕ ਲਿਆ ਕੇ ਚੁਬੱਚੇ ਕੋਲ ਖੜ੍ਹਾ ਕਰ ਦਿੱਤਾ। ਰਵਾਬ ਨੇ ਇਸ਼ਾਰਾ ਕੀਤਾ ਕਿ "ਸਾਰਾ ਸਾਮਾਨ ਚੁਬੱਚੇ ਦੀ ਚਾਰ ਫੁੱਟ ਉੱਚੀ ਕੰਧ ਨਾਲ ਟਿਕਾ ਕੇ ਰੱਖ ਦਿਓ।" ਉਹ ਤਿੰਨ ਉਮਾਨੀ ਸਨ। ਉਨ੍ਹਾਂ ਨੇ ਇਕ ਕੰਧ ਨਾਲ ਪੰਜਾਹ ਬੋਰੀਆਂ ਸੀਮਿੰਟ, ਦੂਜੀ ਕੰਧ ਨਾਲ ਸੌ ਕੁ ਬਾਲਾ ਤੇ ਇਕ ਪਾਸੇ 20-25 ਪਲਾਈਆਂ ਅਤੇ ਕੰਡੇ ਵਾਲੀ ਤਾਰ ਦੇ ਪੱਚੀ ਰੋਲ ਟਿਕਾ ਦਿੱਤੇ।

ਕੁਝ ਫੱਟੇ ਸਨ 4 ਫੁੱਟ × 1 ਫੁੱਟ ਦੇ 6 ਫੁੱਟ × 1 ਫੁੱਟ। ਉਹ ਵੀ ਪਲਾਈਆਂ ਨਾਲ ਰੱਖ ਕੇ ਟਰੱਕ ਖ਼ਾਲੀ ਕਰਕੇ ਉਨ੍ਹਾਂ ਪੈਸੇ ਲਏ ਤੇ ਚਲੇ ਗਏ।

ਰਵਾਬ ਫਿਰ ਕਹਿਣ ਲੱਗਾ, ਪਹਿਲਾਂ ਚਾਰ ਖੂੰਜਿਆਂ ਵਿਚ ਟੋਟੇ ਕੱਢ ਕੇ ਤਕਰੀਬਨ ਦੋ ਫੁੱਟ ਡੂੰਘਾ ਤੇ ਦਸ ਫੁੱਟ ਦੂਰ। ਕੰਕਰੀਟ ਮਿਲਾ ਕੇ ਸੀਮਿੰਟ ਪਾ ਕੇ ਮੁਰੱਬੇ ਖੜ੍ਹੇ ਕਰ ਦਿਓ।

ਪਿੰਡ ਨੂੰ ਤੁਰੇ ਆਉਂਦਿਆਂ ਰਵਾਬ ਨੇ ਆਪਣੀ ਮੁਫ਼ਤੋ-ਮੁਫ਼ਤ ਵਾਲੀ ਗੱਲ ਸ਼ੁਰੂ ਕਰ ਦਿੱਤੀ। ਉਸ ਨੇ ਦੱਸਿਆ ਕਿ ਏਥੇ ਦਾ ਜੋ ਪਹਿਲਾ ਸੁਲਤਾਨ ਸੀ, ਉਸ ਦਾ ਲੋਕਾਂ ਨਾਲ ਵਿਹਾਰ ਚੰਗਾ ਨਹੀਂ ਸੀ। ਲੋਕ ਉਸ ਤੋਂ ਬਹੁਤ ਤੰਗ ਸਨ। ਇਸ ਕਰਕੇ ਬਹੁਤ ਲੋਕਾਂ ਨੇ ਆਪਣੇ ਘਰ ਬਾਹਰ ਛੱਡ ਦਿੱਤੇ ਤੇ ਅਫ਼ਰੀਕਾ ਚਲੇ ਗਏ। ਮੈਂ ਵੀ ਉਨ੍ਹਾਂ ਵਿੱਚੋਂ ਇਕ ਸਾਂ, ਕਿਉਂਕਿ ਮੇਰੇ ਕੋਲ ਰੋਟੀ-ਰੋਜ਼ੀ ਦਾ ਕੋਈ ਵਸੀਲਾ ਨਹੀਂ ਸੀ ਰਿਹਾ। ਮੈਂ ਪਰਿਵਾਰ ਨੂੰ ਲੈ ਕੇ ਅਫ਼ਰੀਕਾ ਚਲੇ ਗਿਆ। ਉੱਥੇ ਮਿਹਨਤ ਕਰਕੇ ਪਰਿਵਾਰ ਨੂੰ ਪਾਲ਼ਿਆ। ਫਿਰ ਪਤਾ ਲੱਗਾ ਕਿ ਸੁਲਤਾਨ ਕਬੂਸ ਨੇ ਆਪਣੇ ਪਿਤਾ ਨੂੰ ਮਾਰ ਦਿੱਤਾ ਹੈ ਤੇ ਗੱਦੀ ਸੰਭਾਲ ਲਈ ਹੈ। ਫਿਰ ਸੁਲਤਾਨ ਨੇ ਇੱਥੋਂ ਦਾ ਪ੍ਰਬੰਧ ਸੁਧਾਰ ਕੇ ਅਫ਼ਰੀਕਾ ਗਏ ਲੋਕਾਂ ਨੂੰ ਸੁਨੇਹੇ ਭੇਜੇ ਕਿ ਤੁਹਾਨੂੰ ਕੰਮ ਕਰਨ ਲਈ ਜਿਸ ਵੀ ਚੀਜ਼ ਦੀ ਲੋੜ ਹੈ, ਉਹ ਸਰਕਾਰ ਪੂਰੀ ਕਰੇਗੀ। ਤੁਸੀਂ ਆ ਕੇ ਕੰਮ ਕਰੋ।'' ਗਏ ਹੋਏ ਲੋਕ ਹੌਲੀ-ਹੌਲੀ ਵਾਪਸ ਆ ਗਏ। ਸੁਲਤਾਨ ਕਬੂਸ ਨੇ ਹਰ ਕਿਸੇ ਦੀ ਮੱਦਦ ਕੀਤੀ। ਮੈਂ ਖੇਤੀ ਕਰਨੀ ਚਾਹੁੰਦਾ ਸੀ। ਮੇਰੀ ਅਰਜ਼ੀ ਮਨਜ਼ੂਰ ਹੋ ਗਈ ਤੇ ਸੁਲਤਾਨ ਨੇ ਕਿਹਾ ਜਿੰਨੀ ਜ਼ਮੀਨ ਚਾਹੀਦੀ ਹੈ, ਲੈ ਲੈ ਤੇ ਖੇਤੀ ਕਰ। ਇਸ ਬਦਲੇ ਮੈਨੂੰ ਕੋਈ ਪੈਸਾ ਨਹੀਂ ਦੇਣਾ ਪਏਗਾ। ਫਿਰ ਮੈਂ ਕੰਮ ਕਰਨ ਲਈ ਕਾਰੀਗਰ ਮੰਗਵਾਉਣ ਲਈ ਇਜਾਜ਼ਤ ਮੰਗੀ ਤਾਂ ਮੈਨੂੰ ਤਿੰਨ ਕਾਰੀਗਰਾਂ ਦੀ ਇਜਾਜ਼ਤ ਮਿਲ ਗਈ। ਮੈਂ ਤੁਹਾਨੂੰ ਬੁਲਾ ਲਿਆ। ਖੇਤੀ ਦਾ ਕੰਮ ਮੈਂ ਖ਼ੁਦ ਕਰਾਂਗਾ ਤੇ ਬਾਕੀ ਘਰ ਬਣਾਉਣ ਦਾ ਕੰਮ ਤੁਸੀਂ ਕਰੋਗੇ। ਵੱਡੇ ਸਰਕਾਰੀ ਕੰਮ ਕਰਨ ਲਈ ਵੱਡੀਆਂ ਕੰਪਨੀਆਂ ਨੂੰ ਸਰਕਾਰ ਵੱਲੋਂ ਠੇਕੇ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਹੌਲੀ-ਹੌਲੀ ਬਾਹਰ ਗਏ ਸਾਰੇ ਓਮਾਨੀ ਵਾਪਸ ਆ ਗਏ ਹਨ ਅਤੇ ਕੰਮ ਸਿੱਖਣ ਲੱਗ ਪਏ ਹਨ। ਮੁਲਖ ਹੌਲੀ-ਹੌਲੀ ਆਪਣੇ ਕੰਮ ਵਿਚ ਰੁੱਝ ਗਿਆ ਹੈ। ਲੋਕਾਂ ਨੂੰ ਵੀ ਕੰਮ ਮਿਲਣ ਲੱਗ ਪਿਆ ਹੈ। ਉਹ ਮੁਹੰਮਦ ਨੇ ਵੀ ਏਸੇ ਤਰ੍ਹਾਂ ਕਾਰਖ਼ਾਨਾ ਬਣਾ ਲਿਆ ਹੈ। ਉਸ ਨੇ ਵੀ ਭਾਰਤੀ ਕਾਰੀਗਰ ਸੱਦੇ ਹਨ।'' ਰਵਾਬ ਨੇ ਸੜਕ ਵੱਲ ਦਿਸਦੇ ਇਕ ਮਕਾਨ ਵੱਲ ਇਸ਼ਾਰਾ ਕਰ ਕੇ ਦੱਸਿਆ।

ਸਾਡਾ ਕਮਰਾ ਆ ਗਿਆ ਸੀ। ਅਸੀਂ ਰਵਾਬ ਨੂੰ ਦੱਸ ਦਿੱਤਾ ਕਿ ਇਕ ਘੰਟਾ ਛੁੱਟੀ ਕਰਕੇ ਰੋਟੀ ਖਾ ਕੇ ਜਾਵਾਂਗੇ। ਉਹ ਹੱਥ ਹਿਲਾਉਂਦਾ ਆਪਣੀ ਹਵੇਲੀ 'ਚ ਵੜ ਗਿਆ। ਸਬਜ਼ੀ ਮੈਂ ਸਵੇਰੇ ਬਣਾ ਲਈ ਸੀ। ਮੇਜਰ ਬਲਦੇਵ ਨੇ ਆਟਾ ਗੁੰਨ੍ਹਿਆ ਤੇ ਰੋਟੀਆਂ ਲਾਹ ਲਈਆਂ। ਮਲਕੀਤ ਕਹਿਣ ਲੱਗਾ ''ਚਾਹ ਵੀ ਰੱਖ ਦੇ ਰੋਟੀ ਖਾਂਦਿਆਂ-ਖਾਂਦਿਆਂ ਬਣ ਜਾਊ।'' ਰੋਟੀ ਖਾ ਕੇ ਤੇ ਚਾਹ ਪੀ ਕੇ ਅਸੀਂ ਮੁੜ ਕੰਮ ਉੱਤੇ ਆ ਲੱਗੇ। ਪਹਿਲਾਂ ਅਸੀਂ ਸਿਰਿਆਂ ਵਾਲੇ ਚਾਰ ਟੋਏ ਕੱਢੇ। ਫਿਰ ਦੋ ਬੋਰੀਆਂ ਦੇ ਹਿਸਾਬ ਨਾਲ ਮਸਾਲਾ ਬਣਾ ਲਿਆ। ਪਹਿਲਾਂ ਤਾਂ ਆਪਣੇ ਕਿਹੜਾ ਇਹ ਵਾਲੇ ਪਾਸੇ ਦੇ ਦੋ ਬਾਲੇ ਖੜ੍ਹੇ ਕੀਤੇ। ਸਾਰੇ ਪਾਸੇ ਰੇਤਾ ਹੀ ਰੇਤਾ ਸੀ, ਸੀਮਿੰਟ ਦਾ ਕੰਮ ਕਰਦੇ ਸੀ। ਲੈ ਜਾਣਾ ਔਖਾ ਸੀ। ਮਲਕੀਤ ਨੇ ਸਲਾਹ ਦਿੱਤੀ ਕਿ ''ਜਿਹੜੇ 6'' ਵਾਲੇ ਮੈਂ ਖਰਾਦ ਫੱਟੇ ਹਨ ਉਨ੍ਹਾਂ ਦੀ ਲਾਈਨ ਨਾ ਲਈਏ।'' ਏਸੇ ਤਰ੍ਹਾਂ ਕੀਤੀ। ਸੀਮਿੰਟ ਕੰਮ ਕਰਦਾ ਸਾਂ ਵਾਲੀ ਥਾਂ ਤੋਂ ਟੋਏ ਤੱਕ ਫੱਟੇ ਰੱਖ ਲਏ। ਉਨ੍ਹਾਂ ਉੱਤੇ ਵੀ ਸੀਮਿੰਟ ਦਾ ਭਰਿਆ ਥੋੜ੍ਹਾ ਬਹੁਤ ਰਵਾਨਾ ਲੈ ਜਾਣਾ ਔਖਾ ਸੀ। ਜਿਵੇਂ ਕਿਵੇਂ ਉਹ ਦੋ ਟੋਏ ਤਾਂ ਭਰ ਹੋ ਗਏ। ਲੱਕੜ ਦਾ ਵੀ ਘਰ ਬਾਹਾਂ ਦਾ ਬੁਰਾ ਹਾਲ ਹੋ ਗਿਆ। ਤੀਜੇ ਵਾਲੇ ਵੱਲ ਨੂੰ ਫੱਟਿਆ ਆਉਂਦਾ ਸੀ, ਦੀ ਲਾਈਨ ਲਾ ਲਈ। ਇਹ ਵਾਇਆ ਲੰਬਾ ਸੀ ਫੱਟੇ ਮਸੀਂ ਪੂਰੇ ਹੋਏ। ਮੇਜਰ ਹੌਜਰੀ ਖਿੱਚ ਧੂ ਕਰਕੇ ਉਹ ਟੋਇਆ ਵੀ ਭਰ ਗਿਆ। ਪਰ ਸੀਮਿੰਟ ਬਚਦਾ ਤੇ ਬਲਦੇਵ ਗਿਆ। ਪੰਜ ਵੀ ਵੱਜ ਹਟੇ ਸਨ ਤੇ ਮਲਕੀਤ ਨੇ ਵੀ ਵਾਪਸ ਜਾਣਾ ਸੀ। ਮਕੈਨ ਸੀ ਰਵਾਬ ਵੀ ਆ ਗਿਆ। ਉਹ ਖ਼ੁਸ਼ ਸੀ।

ਅਸੀਂ ਆਪਸ ਵਿਚ ਸਲਾਹ ਕੀਤੀ ਕਿ ਕਮਰੇ 'ਚ ਜਾ ਕੇ ਚਾਹ ਪੀ ਲਈਏ ਤੇ ਮਲਕੀਤ ਵਾਪਸ ਚਲਾ ਜਾਏ ਤੇ ਤਿੰਨ ਜਣੇ ਆ ਕੇ ਚੌਥਾ ਟੋਇਆ ਵੀ ਭਰ ਦੇਈਏ। ਨਹੀਂ ਤਾਂ ਸਵੇਰ ਤੱਕ ਸੀਮਿੰਟ ਜੰਮ ਜਾਣਾ। ਰਵਾਬ ਨੂੰ ਸਾਰੀ ਗੱਲ ਦੱਸੀ ਤਾਂ ਉਹ ਮੰਨ ਗਿਆ। ਕਹਿਣ ਲੱਗਾ, ਜਿੰਨਾ ਟਾਈਮ ਲੱਗੇਗਾ, ਮੈਂ ਓਵਰਟਾਈਮ ਦੇ ਦਿਆਂਗਾ।''

ਅਸੀਂ ਕਮਰੇ 'ਚ ਗਏ, ਚਾਹ ਬਣਾ ਕੇ ਪੀਤੀ ਤੇ ਮਲਕੀਤ

ਨੂੰ ਰਵਾਬ ਨੇ ਸੜਕ ਤੱਕ ਜਾਣ ਲਈ ਕਿਸੇ ਨੂੰ ਕਹਿ ਦਿੱਤਾ। ਉਹ ਬੰਦਾ ਗੱਡੀ ਲੈ ਕੇ ਮਲਕੀਤ ਨੂੰ ਲੈ ਗਿਆ, ਅਸੀਂ ਤਿੰਨੋਂ ਆ ਕੇ ਕੰਮ ਉੱਤੇ ਲੱਗ ਗਏ। ਏਧਰ ਨੂੰ ਫੱਟੇ ਘੱਟ ਗਏ ਸਨ। ਇਕ ਪਾਸੇ ਦੋ ਪਲਾਈਆਂ ਸੁੱਟੀਆਂ ਤੇ ਦੂਜੇ ਪਾਸੇ ਚਾਰ ਇੰਚ ਦੇ ਚਾਰ ਫੱਟੇ ਰੱਖ ਲਏ। ਜਦੋਂ ਤੱਕ ਸਾਡਾ ਕੰਮ ਮੁੱਕਾ, ਅੱਠ ਵੱਜ ਗਏ ਸਨ। ਰਵਾਬ ਵੀ ਨਮਾਜ਼ ਪੜ੍ਹ ਕੇ ਆ ਗਿਆ ਸੀ। ਕਹਿਣ ਲੱਗਾ, "ਸਾਮਾਨ ਏਦਾਂ ਹੀ ਪਿਆ ਰਹਿਣ ਦਿਓ, ਸਵੇਰ ਨੂੰ ਆ ਕੇ ਚੁੱਕ ਲੈਣਾ ਕਿਤੇ ਨਹੀਂ ਜਾਂਦਾ।" ਅਸੀਂ ਚਾਹ ਪੀਣ ਆਏ ਲੈ ਗਏ ਸਾਂ। ਮਲਕੀਤ ਨੇ ਸਾਨੂੰ ਦੱਸ ਦਿੱਤਾ ਸੀ ਕਿ 'ਪਜਾਮਾ ਕਮੀਜ਼ ਪਾ ਕੇ ਰੱਖਣੇ ਹਨ। ਲੱਤਾਂ ਨੰਗੀਆਂ ਹੋਣ ਤਾਂ ਇਹ ਲੋਕ ਚੰਗਾ ਨਹੀਂ ਸਮਝਦੇ।"

ਦੂਸਰੇ ਦਿਨ ਸਵੇਰੇ ਰੋਟੀ ਖਾ ਕੇ ਸੱਤ ਵਜੇ ਕੰਮ ਉੱਤੇ ਆ ਲੱਗੇ। ਪਹਿਲਾਂ ਤਾਂ ਰਾਤ ਦਾ ਖਿੱਲਰਿਆ ਸਾਮਾਨ ਸਾਂਭਿਆ, ਅਤੇ ਸੀਮਿੰਟ ਨੂੰ ਪਾਣੀ ਲਾਇਆ। ਫਿਰ ਇਕ ਬਾਲੇ ਤੋਂ ਦੂਸਰੇ ਬਾਲੇ ਤੱਕ ਲਾਈਨ ਡੋਰੀ ਬੰਨ੍ਹ ਕੇ, ਜ਼ਮੀਨ ਉੱਤੇ ਚੂਨਾ ਪਾ ਕੇ ਸਿੱਧੀ ਲਾਈਨ ਲਾ ਲਈ।

ਦੂਸਰੇ ਦਿਨ ਰਵਾਬ ਨੇ ਸੀਮਿੰਟ ਰਲਾਉਣ ਲਈ ਮਸ਼ੀਨ ਵੀ ਲਿਆ ਦਿੱਤੀ। ਉਹ ਮਸ਼ੀਨ ਅਸੀਂ ਮੈਦਾਨ ਦੇ ਗੱਭੇ ਰੱਖ ਲਈ ਤਾਂ ਕਿ ਸੀਮਿੰਟ ਲੈ ਜਾਣ ਲਈ ਔਖੇ ਘੱਟ ਹੋਣਾ ਪਵੇ। ਸੱਤਾਂ ਦਿਨਾਂ ਵਿੱਚ ਅਸੀਂ ਇਕ ਵੱਡੀ ਤੇ ਇਕ ਛੋਟੀ ਲਾਈਨ ਦੇ 90 ਬਾਲੇ ਗੱਡ ਦਿੱਤੇ। ਸ਼ੁੱਕਰਵਾਰ ਨੂੰ ਮਲਕੀਤ ਫਿਰ ਆ ਗਿਆ। ਸਵੇਰੇ ਉੱਠ ਕੇ ਕਵਾਟਰ ਬਣਾਉਣ ਦਾ ਕੰਮ ਚਾਲੂ ਕੀਤਾ।

ਪਹਿਲਾਂ ਜ਼ਮੀਨ ਉੱਤੇ ਚੂਨੇ ਦੇ ਨਿਸ਼ਾਨ ਲਾ ਕੇ ਘੇਰਾ ਬਣਾ ਲਿਆ। ਚਾਰ-ਚਾਰ ਫੁੱਟ ਉੱਤੇ ਨਿਸ਼ਾਨ ਲਾ ਦਿੱਤੇ ਬਾਲੇ ਛੱਡਣ ਲਈ। ਮੇਜਰ ਤੇ ਬਲਦੇਵ ਟੋਏ ਕੱਢਣ ਲੱਗ ਪਏ। ਮੈਂ ਤੇ ਮਲਕੀਤ ਬਾਲੇ ਰੱਖ ਕੇ ਉੱਤੇ ਪਲਾਈਆਂ ਲਾਉਣ ਲੱਗ ਪਏ। ਅਸੀਂ ਚਾਰੇ ਕੰਧਾਂ ਤਿਆਰ ਕੀਤੀਆਂ ਤਾਂ ਰੋਟੀ ਦਾ ਟਾਈਮ ਹੋ ਗਿਆ। ਮੇਜਰ ਹੋਰਾਂ ਦੇ ਅਜੇ ਤਿੰਨ ਖੱਡੇ ਰਹਿੰਦੇ ਸਨ। ਅਸੀਂ ਉਨ੍ਹਾਂ ਨਾਲ ਹੋ ਕੇ ਖੱਡੇ ਪੂਰੇ ਕੀਤੇ। ਦੋ ਦਿਨ ਤੋਂ ਗਰਮੀ ਆਪਣੇ ਜੋਬਨ ਉੱਤੇ ਸੀ। ਸਾਰਿਆਂ ਨੇ ਹੱਥ ਮੂੰਹ ਧੋ ਕੇ ਚੁਬੱਚੇ ਦੀ ਕੰਧ ਓਹਲੇ ਹੋ ਕੇ ਰੋਟੀ ਖਾ ਲਈ। ਰੋਟੀ ਸਵੇਰੇ ਹੀ ਨਾਲ ਲੈ ਆਏ ਸੀ। ਰੋਟੀ ਖਾਂਦਿਆਂ ਦੋ ਵਾਰ ਹਨੇਰੀ ਦਾ ਬੁੱਲਾ ਆਇਆ। ਬੜੀ ਮੁਸ਼ਕਲ ਨਾਲ ਰੇਤਾ ਤੋਂ ਰੋਟੀ ਬਚਾਈ। ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਬਾਹਰ ਦੇ ਕੀ ਨਜ਼ਾਰੇ ਹਨ।

ਰੋਟੀ ਖਾ ਕੇ ਕਵਾਟਰ ਦੀ ਇਕ ਪਾਸ ਦੇ 12 ਫੁਟੀ ਕੰਧ ਖੜ੍ਹੀ ਕੀਤੀ। ਉੱਧਰੋਂ ਤੇਜ਼ ਹਵਾ ਚੱਲਣ ਲੱਗ ਪਈ। ਬੜੀ ਮੁਸ਼ਕਲ ਨਾਲ ਉਹ ਪਲਾਈਆਂ ਦੀ ਕੰਧ ਤਿੰਨਾਂ ਬੰਦਿਆਂ ਤੋਂ ਸਾਂਭ ਹੋਵੇ। ਕਿਸੇ ਤਰ੍ਹਾਂ ਮਲਕੀਤ ਨੇ ਅੰਦਰ ਬਾਹਰ ਦੋ ਦੋ ਸਪੋਟਾਂ ਲਾਈਆਂ। ਹਵਾ, ਥੋੜ੍ਹੀ ਜਿਹੀ ਘਟ ਗਈ ਸੀ। ਇਕ ਲੰਬੀ ਕੰਧ ਨੂੰ ਖੜ੍ਹੀ ਕਰਕੇ ਲੈਵਲ ਦੇਖ ਕੇ ਇਕ ਪਾਸਾ ਛੋਟੀ ਕੰਧ ਨਾਲ ਜੋੜ ਕੇ ਕਿੱਲ ਠੋਕ ਦਿੱਤੇ। ਉਸ ਨੂੰ ਤਿੰਨ ਥਾਵਾਂ 'ਤੇ ਸਪੋਟਾਂ ਲਾ ਕੇ ਲਾਈਨ ਲੈਵਲ ਦੇਖ ਕੇ ਬੰਨ੍ਹ ਦਿੱਤਾ। ਸ਼ਾਮ ਦੇ ਸੱਤ ਵੱਜ ਗਏ ਸਨ ਜਦੋਂ ਤਕ ਚਾਰੇ ਕੰਧਾਂ ਖੜ੍ਹੀਆਂ ਹੋਈਆਂ। ਅਜੇ ਉਨ੍ਹਾਂ ਨੂੰ ਸੰਭਾਲਣ ਦਾ ਬਹੁਤ ਕੰਮ ਬਾਕੀ ਸੀ। ਮਲਕੀਤ ਕਹਿਣ ਲੱਗਾ, ਮੇਜਰ ਤੇ ਬਲਦੇਵ ਜਾ ਕੇ ਰੋਟੀ ਬਣਾ ਲੈਣ, ਆਪਾਂ ਦੋਵੇਂ ਇਨ੍ਹਾਂ ਟੋਇਆਂ ਵਿੱਚ ਪੱਥਰ ਪਾ ਦੇਈਏ। ਜੇ ਕਿਤੇ ਰਾਤ ਨੂੰ ਤੇਜ਼ ਹਵਾ ਆ ਗਈ ਤਾਂ ਸਵੇਰੇ ਤੁਹਾਨੂੰ ਏਥੇ ਕੁਝ ਨਹੀਂ ਲੱਭਣਾ।" ਫਿਰ ਮੈਂ ਸੋਚਿਆ ਕਿ ਕਿਉਂ ਨਾ ਸੀਮਿੰਟ ਵੀ ਹੁਣੇ ਪਾ ਦਿੱਤਾ ਜਾਵੇ। ਸਾਰੇ ਰਾਜ਼ੀ ਹੋ ਗਏ। ਮੇਜਰ ਤੇ ਬਲਦੇਵ ਮਸਾਲਾ ਬਣਾਉਣ ਲੱਗ ਪਏ। ਜਦੋਂ ਤੱਕ ਉਨ੍ਹਾਂ ਨੇ ਮਸਾਲਾ ਬਣਾਇਆ। ਅਸੀਂ ਨੇੜੇ ਪਏ ਸੁੱਕੀ ਨਦੀ ਦੇ ਪੱਥਰ ਲਿਆ ਕੇ ਟੋਟੇ ਭਰ ਦਿੱਤੇ। ਸਾਢੇ ਅੱਠ ਵਜੇ ਤੱਕ ਅਸੀਂ ਸਾਰਾ ਕੰਮ ਮੁਕਾਇਆ।

ਪਿੰਡ ਕਮਰੇ 'ਚ ਪਹੁੰਚੇ ਹੀ ਸੀ ਕਿ ਇਕ ਉਮਾਨੀ ਆ ਗਿਆ। ਕਹਿਣ ਲੱਗਾ ਮੈਨੂੰ ਮਜੀਦ (ਰਵਾਬ) ਨੇ ਭੇਜਿਆ। ਮੈਂ ਰੂਵੀ ਚੱਲਿਆ ਹਾਂ, ਜੇ ਕਿਸੇ ਨੇ ਜਾਣਾ ਤਾਂ ਚਲੇ ਚੱਲੋ। ਮਲਕੀਤ ਬਗ਼ੈਰ ਰੋਟੀ ਖਾਧੇ ਹੀ ਉਸ ਨਾਲ ਚਲੇ ਗਿਆ। ਸਭ ਨੂੰ ਰੋਟੀ ਖਾਂਦਿਆਂ 10 ਵੱਜ ਗਏ।

ਸਵੇਰੇ ਜਾ ਕੇ ਅਸੀਂ ਰਾਤ ਦੇ ਪਾਏ ਸੀਮਿੰਟ ਦੇ ਟੋਇਆਂ ਨੂੰ ਪਾਣੀ ਲਾਇਆ। ਮਲਕੀਤ ਦੇ ਦੱਸੇ ਮੁਤਾਬਕ ਤਬੂਕ ਬਾਲੇ ਚਾਰੇ ਪਾਸੇ। ਫਿਰ ਮਸਾਲਾ ਬਣਾ ਕੇ ਕਮਰੇ ਦੇ ਅੰਦਰ ਫ਼ਸਾ ਪਾ ਦਿੱਤਾ। ਦਰਵਾਜ਼ੇ, ਖਿੜਕੀਆਂ ਬਣਾਉਂਦੇ ਸਾਨੂੰ ਹਫ਼ਤਾ ਲੱਗ ਗਿਆ। ਵੀਰਵਾਰ ਰਾਤ ਨੂੰ ਮਲਕੀਤ ਫਿਰ ਆ ਗਿਆ। ਸਵੇਰ ਨੂੰ ਕਮਰੇ ਦੀਆਂ ਚਾਦਰਾਂ ਦਾ ਕੰਮ ਮੁਕਾਇਆ ਤਾਂ ਕਮਰਾ ਬਣ ਗਿਆ। ਹੌਲੀ-ਹੌਲੀ ਅਸੀਂ ਉਸਦਾ ਬਾਕੀ ਕੰਮ ਕਰਦੇ ਰਹੇ।

**ਮੁਰੱਬੇ ਗੱਡ ਕੇ ਕੰਡਿਆਲੀ ਤਾਰ ਲਾਉਂਦਿਆਂ ਸਾਨੂੰ ਹਫ਼ਤਾ ਲੱਗ ਗਿਆ।**

**(ਬਾਕੀ ਅਗਲੇ ਅੰਕ ਵਿਚ)**

# ਮੇਰਾ ਵਸਦਾ ਰਹੇ ਪੰਜਾਬ !

ਅਮ੍ਰਿਤ ਬਰਸੇ, ਸੋਨਾ ਉਗਲੇ,
ਉਮੜੇ ਪ੍ਰੇਮ ਤੇ ਪਿਆਰ ।
ਰਹਿਮਤ ਵਰਤੇ ਵਰਤੇ ਸ਼ਾਂਤੀ,
ਆਵੇ ਫੇਰ ਬਹਾਰ ।

ਪਾਪ ਵਿਰਤੀਆਂ ਦਫ਼ਨ ਹੋਣ ਸਭ,
ਵੱਸੋ ਹਿਰਦੈ ਸੁਆਬ ।
ਮੇਰਾ ਵਸਦਾ ਰਹੇ ਪੰਜਾਬ ।

ਕਦਮ ਤੁਰਨ ਨੇਕੀ ਵੱਲ ਵਧਦੇ,
ਬਦੀ ਦਾ ਕਾਇਦਾ ਸੜ ਕੇ ।
ਡੁੱਬੇ, ਗਰਕੇ ਵਿੱਚ ਗਹਿਰਾਈਆਂ,
ਪਾਪ ਦਾ ਬੇੜਾ ਭਰ ਕੇ ।
ਰਹੇ ਨਾ ਧਰਤੀ ਖ਼ੂਨ 'ਚ ਭਿੱਜੀ,
ਉਭਰਨ ਨੇਕ ਖ਼ੁਆਬ ।
ਮੇਰਾ ਵਸਦਾ ਰਹੇ ਪੰਜਾਬ !

ਰੁੜ੍ਹਦੀ ਜਾਂਦੀ ਬਚੇ ਜਵਾਨੀ,
ਤੇ ਬੁਢਾਪਾ ਸੁੱਖ ਪਾਵੇ ।
ਧੀਆਂ ਨੂੰਹਾਂ ਸਿਰ ਕੱਜੇ ਰਹਿਸਣ,
ਨਾ ਮਾਨਵ ਕੁਰਲਾਵੇ ।
ਰਾਖ਼ਸ਼ਸ਼-ਬੁੱਧੀ ਪ੍ਰਭੂ ਸਮੇਟੇ,
ਹਰ ਚਿਹਰੇ 'ਤੇ ਆਵੇ ਤਾਬ ।
ਮੇਰਾ ਵਸਦਾ ਰਹੇ ਪੰਜਾਬ !

ਸਦੀਆਂ ਤੋਂ ਦਰਬਾਨ ਦੇਸ਼ ਦਾ,
ਮੁਦਤਾਂ ਤੋਂ ਅੰਨ ਦਾਤਾ ।
ਗੁਰੂ-ਪੀਰਾਂ, ਸੰਤਾਂ ਦੀ ਧਰਤੀ,
ਸਭਦਾ ਭਾਈ ਭਰਾਤਾ ।
ਮਿੱਟੀ ਇਸ ਦੀ ਸੋਨ-ਗੜੁੱਚੀ,
ਧਰਮ, ਕਰਮ ਦੀ ਇਸ 'ਤੇ ਤਾਬ ।
ਮੇਰਾ ਵਸਦਾ ਰਹੇ ਪੰਜਾਬ !

ਖੇਤਾਂ ਵਿੱਚ ਹਰਿਆਲੀ ਨੱਚੇ,
ਹੋ ਜਾਏ ਸਾਡੀ ਦੂਰ ਕੰਗਾਲੀ ।

ਕਾਇਰਤਾ, ਕਾਰੂਰਤਾ ਡੁੱਬੇ,
ਧਰਮ-ਕਰਮ ਦੀ ਹੋਏ ਬਹਾਲੀ ॥
ਹਰ ਕਦਮ ਏਕੇ ਵੱਲ ਵਧ ਜਾਏ,
ਝੱਲੀ ਜਾਏ ਨਾ ਸਾਡੀ ਤਾਬ ।
ਮੇਰਾ ਵਸਦਾ ਰਹੇ ਪੰਜਾਬ।

ਰਿਸ਼ਵਤ ਮੁੱਕੇ, ਠੱਗੀ ਮੁੱਕੇ,
ਮੁੱਕੇ ਹਰ ਬਦ-ਅਨੁਆਨੀ ।
ਦੇਸ਼ ਦੀ ਖ਼ਾਤਰ ਮਰਨਾ ਸਿੱਖੀਏ,
ਲਿਖੀਏ ਅਮਨ ਕਹਾਣੀ ।

ਕਦਮ ਕਦਮ 'ਤੇ ਬਿਖਰਨ ਖੇੜੇ,
ਹਰ ਕਦਮ 'ਤੇ ਸੁਆਬ ।
ਮੇਰਾ ਵਸਦਾ ਰਹੇ ਪੰਜਾਬ !

ਖਿੱਤੇ, ਨੁੱਕਰ ਦੇ ਸਭ ਝਗੜੇ,
ਪਿਆਰ ਮੁਹੱਬਤ ਨਾਲ ਮੁਕਾਈਏ ।
ਮਤ, ਮਜਹਬ ਦੀ ਗੱਲ ਨਾ ਕਰੀਏ,
ਸਭ ਵੀਰਾਂ ਨੂੰ ਗਲੇ ਲਗਾਈਏ ।
ਫ਼?ਰਕਾਪ?ਸਤੀ ਤਿਆਗ, ਸਾੜ ਕੇ,
ਪ੍ਰਾਪਤ ਕਰੀਏ ਨੇਕ ਖ਼ੁਆਬ
ਮੇਰਾ ਵਸਦਾ ਰਹੇ ਪੰਜਾਬ !

ਮਨ ਨੀਵਾਂ ਮੱਤ ਉੱਚੀ ਸਾਡੀ,
ਵਾਰ-ਵਾਰ ਕਿਉਂ ਭੁਲੀਏ ।

ਵੀ ਪੰਜਾਬੀ ਪੁੱਤ ਭਾਰਤੀ,
ਕਿਸ ਆਸ਼ੇ ਤੋਂ ਭੁੱਲੀਏ ?
'ਪਰਵਾਨੇ' ਦਾ ਇਹ ਵਿਚਾਰ ਏ,
ਨਫ਼ਰਤ ਦੇਈਏ ਤਿਆਗ ।
ਮੇਰਾ ਵਸਦਾ ਰਹੇ ਪੰਜਾਬ !



ਪੰਡਿਤ ਕ੍ਰਿਸ਼ਨ ਲਾਲ ਪਰਵਾਨਾ (ਸਵਰਗੀ)
ਦੀ ਪੁਸਤਕ
ਮੇਰਾ ਵਸਦਾ ਰਹੇ ਪੰਜਾਬ ਵਿੱਚੋਂ

## ਕੌਣ ਕਹੇਗਾ ਮਾਰ ਪਈ ਏ, ਏਤੀ ਅੱਜ ਕੁਰਲਾਣੇ ਨੂੰ

ਨਿੱਕੀਆਂ-ਨਿੱਕੀਆਂ ਗੱਲਾਂ ਦੇ ਵਿੱਚ, ਵੱਡੇ-ਵੱਡੇ ਸਾਕੇ ਨੇ।
ਹਿਜ਼ਰੀ, ਬਿਕ੍ਰਮ, ਈਸਾ ਲੜਦੇ, ਲੰਘੇ ਸਦੀ ਦਹਾਕੇ ਨੇ।
ਫ਼ਿਰਕੇ ਦੇ ਨਾਲ ਫ਼ਿਰਕਾ ਲੜਿਆ, ਹਰ ਖਿੱਤੇ ਵਿੱਚ ਹੋਇਆ ਏ।
ਮੈਂ ਤੇ ਤੂੰ ਦੇ ਝਗੜੇ ਖ਼ਾਤਰ, ਕੋਈ ਜਿਊਂਦਾ ਕੋਈ ਮੋਇਆ ਏ।
ਕਦਮ ਕਿਸੇ ਦਾ ਰੁਕਿਆ ਨਹੀਂ ਏ, ਭੇੜੇ ਚੰਗੇ ਕਰਮਾਂ ਤੋਂ।
ਮੰਦਿਰ, ਮਸਜਿਦ, ਗਿਰਜੇ ਘੁੰਮੇ, ਕੀ ਮਿਲਿਆ ਏ ਧਰਮਾਂ ਤੋਂ ?
ਬਦੀਆਂ ਦੇ ਅੰਬਾਰ ਖੜੇ ਨੇ, ਨੇਕੀ ਵਿੱਚੋਂ ਲੱਭਦੀ ਨਹੀਂ।
ਘੰਟੇ, ਸ਼ੰਖ ਨਗਾਰੇ ਵੱਜਣ, ਬੇ-ਸੁਰਤੀ ਟੁੱਟੀ ਰੱਬ ਦੀ ਨਹੀਂ।
ਦਿਸਦਾ ਰੱਬ ਵੀ ਗਾਫ਼ਲ ਹੋਇਆ, ਲੰਮੀਆਂ ਤਾਨ ਕੇ ਸੁੱਤਾ ਏ।
ਜ਼ੁਲਮਾਂ ਦੇ ਘੇਰੇ ਵਿੱਚ ਆਇਆ, ਗੰਦਗੀ ਵਿੱਚ ਗੜੁਚਾ ਏ।
ਮਾਨਵਤਾ ਲਿਤੜੀ ਪਈ ਜਾਂਦੀ, ਭੁੱਲੀ ਪਈ ਹਨੇਰੀ ਏ।
ਇੱਕ ਦੂਜੇ ਹੱਥ ਬੇਦੀ ਸਭ ਦੀ, ਨਾ ਤੇਰੀ ਨਾ ਮੇਰੀ ਏ।
ਧਰਤੀ ਤੇ ਅਕਾਸ਼ ਵੀ ਸੁੱਤੇ, ਆ ਕੇ ਕੌਣ ਜਗਾਵੇਗਾ ?
ਲੰਮੀਆਂ ਤਾਨ ਕੇ ਸੁੱਤੇ ਰੱਬ ਨੂੰ,
ਕੌਣ ਕਦੇ ਸਮਝਾਵੇਗਾ ?
ਕੌਣ ਕਹੇਗਾ ਮਾਰ ਪਈ ਏ, ਏਤੀ ਅੱਜ ਕੁਰਲਾਣੇ ਨੂੰ ?
ਵੰਡਣ ਤੋਂ ਕੋਈ ਰੋਕ ਨਾ ਸਕਿਆ, ਪੰਜਾਬ ਅਤੇ ਹਰਿਆਣੇ ਨੂੰ ?
ਫੁੱਲਾਂ 'ਚੋਂ ਖ਼ੁਸ਼ਬੂ ਹੈ ਉੱਡ ਗਈ, ਅੱਥਰੂ ਵਗਦੇ ਰੁੱਖਾਂ 'ਚੋਂ ।
ਸ਼ਾਇਦ ਕਦੀ ਸੁੱਖ ਪ੍ਰਾਪਤ ਹੋਵੇ, ਅੱਜ ਦੇ ਭੈੜੇ ਦੁੱਖਾਂ 'ਚੋਂ ।
ਕਲੀਆਂ ਸ਼ਾਇਦ ਕਦੀ ਟਹਿਕਣ, ਫਿਰ ਅੱਜ ਦੇ ਏਸ ਸੰਨਾਟੇ 'ਚੋਂ ।
ਅਮ੍ਰਿਤ ਫੇਰ ਛਕਾਵੇ ਆ ਕੇ, ਕਦੇ ਕੋਈ ਇੱਕ ਬਾਟੇ 'ਚੋਂ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦਾ ਸਨਮਾਨ ਮਿਲਣ 'ਤੇ

# ਡਾ.ਕੰਵਲਜੀਤ ਕੌਰ ਢਿੱਲੋਂ : ਇੱਕ ਬਹੁਪੱਖੀ ਪ੍ਰਤਿਭਾ

ਡਾ. ਪਰਮਜੀਤ ਸਿੰਘ
ਐਸੋਸੀਏਟ ਪ੍ਰੋਫੈਸਰ,
ਪੋਸਟ ਗ੍ਰੈਜੂਏਟ ਸਰਕਾਰੀ ਕਾਲਜ
ਸੈਕਟਰ-11, ਚੰਡੀਗੜ੍ਹ

ਡਾ.ਕੰਵਲਜੀਤ ਕੌਰ ਢਿੱਲੋਂ ਇੱਕ ਬਹੁਪੱਖੀ ਪ੍ਰਤਿਭਾ ਦਾ ਨਾਂ ਹੈ। ਜੀਵਨ ਵਿੱਚ ਕਿੱਤੇ ਵਜੋਂ ਭਾਵੇਂ ਉਸਨੇ ਅਧਿਆਪਨ ਨੂੰ ਚੁਣਿਆ ਪਰ ਆਪਣੇ ਵਿਵੇਕਸ਼ੀਲ, ਚਿੰਤਨਸ਼ੀਲ ਅਤੇ ਨਿਡਰ ਸੁਭਾਅ ਕਾਰਨ ਉਸਨੇ ਸਮਾਜਕ ਮੁੱਦਿਆਂ ਪ੍ਰਤੀ ਹਮੇਸ਼ਾਂ ਅਹਿਮ ਤੇ ਸਰਗਰਮ ਭੂਮਿਕਾ ਨਿਭਾਈ ਹੈ। ਉਹ ਆਲੋਚਨਾ, ਖੋਜ, ਰੰਗਮੰਚ, ਫ਼ਿਲਮੀ-ਸੰਸਾਰ, ਮਨੁੱਖੀ ਅਧਿਕਾਰਾਂ ਨਾਲ ਜੁੜੇ ਅੰਦੋਲਨਾਂ ਨਾਲ ਤਾ-ਉਮਰ ਉਹ ਬੜੀ ਹੀ ਕਰਮਠਤਾ, ਹੌਂਸਲੇ ਅਤੇ ਸ਼ਿੱਦਤ ਨਾਲ ਜੁੜੇ ਰਹਿਣ ਵਾਲੀ ਸ਼ਖਸੀਅਤ ਹੈ। ਖੋਜ, ਆਲੋਚਨਾ, ਕਾਵਿ-ਸੰਪਾਦਨ, ਵਾਰਤਕ-ਸੰਪਾਦਨ ਅਤੇ ਸਰਵੇ-ਅਧਾਰਤ ਉਸ ਦੀਆਂ ਕੋਈ ਦਸ ਤੋਂ ਵਧ ਕਿਤਾਬਾਂ ਪ੍ਰਕਾਸ਼ਿਤ ਜੋ ਚੁੱਕੀਆਂ ਹਨ। ਇਨ੍ਹਾਂ ਪੁਸਤਕਾਂ ਦੀ ਪੜ੍ਹਤ ਤੋਂ ਇੱਕ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਡਾ. ਕੰਵਲਜੀਤ ਕੌਰ ਢਿੱਲੋਂ ਭਾਵੇਂ ਉਪਾਧੀ-ਸਾਪੇਖ ਖੋਜ-ਕਾਰਜ ਕਰ ਰਹੀ ਹੋਵੇ, ਸਿਰਜਣਾਤਮਕ ਕਾਰਜਾਂ ਦਾ ਸੰਕਲਨ ਕਰ ਰਹੀ ਹੋਵੇ ਜਾਂ ਨਾਰੀ ਮਸਲਿਆਂ ਤੇ ਨਜ਼ਰਸਾਨੀ ਕਰ ਰਹੀ ਹੋਵੇ; ਖੱਬੇ-ਪੱਖੀ ਵਿਚਾਰਧਾਰਾ ਹਮੇਸ਼ਾਂ ਸੰਸਕਾਰ ਵਾਂਗ ਉਸ ਦੇ ਨਾਲੋ-ਨਾਲ ਤੁਰਦੀ ਹੈ। ਵਿਚਾਰਧਾਰਕ ਚੇਤਨਾ ਦਾ ਇਹ ਪ੍ਰਵਾਹ ਉਸ ਦੀ ਸਿਰਜਣਕਾਰੀ, ਜੀਵਨ ਦੇ ਕਾਰ-ਵਿਹਾਰ ਅਤੇ ਆਮ ਗੱਲ-ਬਾਤ ਵਿਚੋਂ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ।

ਵਿਚਾਰਧਾਰਾ ਦੀ ਜੀਵਨ ਵਿੱਚ ਸੰਸਕਾਰ ਵਾਂਗ ਸ਼ਮੂਲੀਅਤ ਕੰਵਲਜੀਤ ਢਿੱਲੋਂ ਨੂੰ ਪਿਤਾ-ਪੁਰਖੀ ਵਿਰਸੇ ਵਿੱਚ ਮਿਲੀ ਹੈ। 'ਹੱਕ-ਸੱਚ ਦਾ ਸੰਗਰਾਮ', ਜੋ ਕਿ ਉਸਦੇ ਪਿਤਾ ਸਰਦਾਰ ਲਾਲ ਸਿੰਘ ਢਿੱਲੋਂ ਦੀ ਸਵੈ-ਜੀਵਨੀ ਹੈ ਦੇ ਵੇਰਵੇ ਦੱਸ ਪਾਉਂਦੇ ਹਨ ਕਿ ਇਹ ਵਿਚਾਰਧਾਰਕ ਚੇਤਨਾ ਪੀੜ੍ਹੀਆਂ ਤੋਂ ਇਸ ਪਰਿਵਾਰ ਦਾ ਹਿੱਸਾ ਰਹੀ ਹੈ। ਪਰਿਵਾਰ ਦੇ ਬਜ਼ੁਰਗ ਕਾਮਰੇਡ ਮੋਦਨ ਸਿੰਘ ਅਕਾਲੀ ਜਨਤਕ ਤੌਰ ਤੇ ਲੋਕਪਖੀ ਸ਼ਖਸੀਅਤ ਸਨ ਅਤੇ ਜਿਨ੍ਹਾਂ ਦਾ ਵਿਅਕਤੀਤਵ ਸਿੱਖੀ-ਵਿਵੇਕ ਅਤੇ ਮਾਰਕਸੀ-ਚਿੰਤਨ ਦਾ ਅਨੂਠਾ ਸੁਮੇਲ ਸੀ। ਅਜਿਹੇ ਆਦਰਸ਼ਾਂ ਦੀ ਹੀ ਪਾਹ ਚੜ੍ਹੀ ਹੋਣ ਕਾਰਨ ਕੰਵਲਜੀਤ ਦੇ ਪਿਤਾ ਸ੍ਰ. ਲਾਲ ਸਿੰਘ ਢਿੱਲੋਂ ਇੱਕ ਆਗੂ ਵਜੋਂ ਜੱਥੇਬੰਧਕ ਢੰਗ ਨਾਲ ਸੰਘਰਸ਼ ਕਰਦੇ ਰਹੇ। ਸਰਕਾਰੀ ਨੌਕਰੀ ਵਿੱਚ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੇ ਮੁਲਾਜ਼ਮਾਂ ਅਤੇ ਅਧਿਆਪਕਾਂ ਨੂੰ ਆਪਣੇ ਹੱਕਾਂ ਲਈ ਅੜਨਾਂ-ਖੜਨਾਂ ਸਿਖਾਇਆ ਅਤੇ ਇਸ ਬੇਝਿਜਕ ਹੋ ਕੇ ਇੱਕ ਮੁਹਰੀ ਦੀ ਭੂਮਿਕਾ ਵੀ ਨਿਭਾਈ। ਅਜਿਹੇ ਵਿਅਕਤੀ ਪ੍ਰਤੀ ਪ੍ਰਸ਼ਾਸਨ ਦਾ ਖ਼ਫ਼ਾ ਹੋਣਾ ਲਾਜ਼ਮੀ ਸੀ ਅਤੇ ਜਿਸਦੇ ਨਤੀਜੇ ਵਜੋਂ ਤਬਾਦਲਿਆਂ, ਆਰੋਪਾਂ-ਪ੍ਰਤਿਅਰੋਪਾਂ ਦਾ ਲੰਬਾ ਦੌਰ, ਅਦਾਲਤੀ ਖੱਜਲ-ਖੁਆਰੀ, ਬੇਵਜ?ਹਾ ਦਫ਼ਤਰੀ ਚੱਕਰ-ਝਮੇਲੇ ਅਤੇ ਹੋਰ ਬਹੁਤ ਕੁਝ ਦਹਾਕਿਆਂ ਬੱਧੀ ਸਹਾਰਨਾ ਪਿਆ। ਸਵੈ-ਜੀਵਨੀ ਪੜ੍ਹਨ ਤੋਂ ਸਮਝ ਪੈਂਦਾ ਹੈ ਸ੍ਰ. ਲਾਲ ਸਿੰਘ ਲਈ ਇਸ ਸੰਘਰਸ਼ ਤੋਂ ਪਾਸਾ ਵੱਟਣ ਦੀ ਥਾਂ ਇਸ ਨੂੰ ਜਿਊਣ ਦੀ ਇੱਕ ਅਦਾ ਬਣਾ ਲੈਂਦਾ ਹੈ ਅਤੇ ਇੱਕ ਸਿਰੜੀ ਵਾਂਗ ਮੰਜ਼ਿਲ ਹਾਂਸਿਲ ਕਰਨ ਤਕ ਬੇਰੋਕ ਚੱਲਦਾ ਰਹਿੰਦਾ ਹੈ। ਉਸ ਦੀ ਜ਼ਿੰਦਗੀ ਨਾਲ ਜੁੜੇ ਅਜੇਹੇ ਪਹਿਲੂਆਂ ਨੂੰ ਸੁਖਦੇਵ ਸਿੰਘ ਸਿਰਸਾ ਪੰਜਾਬ ਦੇ ਪਿਛਲੀ ਪੌਣੀ ਸਦੀ ਦੇ ਸਿੱਖਿਆ-ਪ੍ਰਬੰਧ, ਪੰਜਾਬ ਦੀ ਆਰਥਿਕਤਾ, ਸਭਿਆਚਾਰਕ ਸੰਦਰਭ ਅਤੇ ਰਾਜਸੀ ਮੰਜ਼ਰ ਵਿੱਚ ਵਾਪਰਨ ਵਾਲੇ ਹਾਦਸਿਆਂ ਅਤੇ ਜ਼ਲਜ਼ਲਿਆਂ ਨਾਲ ਵਾਬਸਤਾ ਕਰਦਾ ਹੈ।1 ਡਾ. ਕੰਵਲਜੀਤ ਕੌਰ ਬਾਰੇ ਜਿਨ੍ਹਾਂ ਵਿਚਾਰਧਾਰਕ ਸੰਸਕਾਰਾਂ ਦੀ ਗੱਲ ਉਪਰ ਕੀਤੀ ਗਈ ਹੈ, ਉਸਦਾ ਅਧਾਰ ਇਹੀ ਪਰਿਵਾਰਕ ਪਿਛੋਕੜ ਹੀ ਹੈ। ਹੱਕ-ਸੱਚ ਦਾ ਸੰਗਰਾਮ ਦੀ ਆਦਿਕਾ 'ਜਿਉਂਦੇ ਹੋਣ ਦੀ ਗਵਾਹੀ : ਸੰਘਰਸ਼ਾਂ ਭਰੀ ਵਿਰਾਸਤ' ਵਿੱਚ ਉਹ ਖੁਦ ਇਸ ਗੱਲ ਦੀ ਤਸਦੀਕ ਕਰਦੀ ਹੈ - "ਜੋ ਵਿਅਕਤੀ ਸਮਝੌਤਾਵਾਦੀ ਹੋ ਗਿਆ, ਉਹ ਆਪ ਵੀ ਸੁਖ ਵਿੱਚ ਹੋ ਜਾਂਦਾ ਹੈ ਅਤੇ ਆਪਣੇ ਪਰਿਵਾਰ ਨੂੰ ਵੀ ਜੋਖਮ ਵਿੱਚ ਨਹੀਂ ਪਾਉਂਦਾ ਪਰ ਸਮਾਜ ਲਈ ਨਵੀਆਂ ਪੈੜਾਂ ਨਹੀਂ ਪਾਉਂਦਾ। ਮੇਰੇ ਪਿਤਾ ਤਾ-ਉਮਰ ਅਸੂਲਾਂ ਉੱਤੇ ਪਹਿਰਾ ਦਿੰਦੇ ਹਰ ਜ਼ਿਆਦਤੀ ਖਿਲਾਫ਼ ਡਟ ਕੇ ਖੜ੍ਹੇ ਰਹੇ। ਉਹ ਵਿਰੋਧ ਵਿਚਾਰਧਾਰਕ ਪੱਧਰ ਉੱਤੇ ਵੀ ਸੀ ਅਤੇ ਵਿਅਕਤੀਗਤ ਪੱਧਰ ਉੱਤੇ ਵੀ। ਪਰਿਵਾਰ ਨੇ ਵੀ ਉਨ੍ਹਾਂ ਤਲਖ ਹਕੀਕਤਾਂ ਨੂੰ ਮਾਨਸਿਕ ਤੌਰ ਤੇ ਭੋਗਿਆ। ਮੇਰੀ ਸਿਮਰਿਤੀ ਵਿੱਚ ਸਾਡੇ ਘਰ ਵਿੱਚ ਸੰਘਰਸ਼ੀ ਅਧਿਆਪਕਾਂ ਅਤੇ ਹੋਰ ਟਰੇਡ ਯੂਨੀਅਨ ਆਗੂਆਂ ਦੀਆਂ ਹੁੰਦੀਆਂ ਬੈਠਕਾਂ ਦੀ ਸਿਮਰਤੀ ਦਰਜ ਹੈ।"2 ਇਉਂ ਵਿਚਾਰਧਾਰਕ ਚੇਤਨਾ ਦੀ ਬੀਜ ਡਾ. ਕੰਵਲਜੀਤ ਨੂੰ ਵਿਰਸੇ ਵਿਚੋਂ ਮਿਲੇ ਅਤੇ ਵਿਚਾਰਧਾਰਕ ਵਿਵੇਕਸ਼ੀਲਤਾ ਜੀਵਨ ਪੰਧ ਦੇ ਸਫ਼ਰ ਦੌਰਾਨ ਜ਼ਿੰਦਗੀ ਦਾ ਹਾਸਿਲ ਬਣਦੀ ਰਹੀ। ਉਸ ਦੀ ਸਮੁੱਚੀ ਕਲਮਕਾਰੀ ਨੂੰ ਇਸ ਪਰਿਪੇਖ ਵਿੱਚ

ਸਮਝਿਆ-ਵਿਚਾਰਿਆ ਜਾ ਸਕਦਾ ਹੈ।

ਇਹ ਗੱਲ ਵਿਸ਼ੇਸ਼ ਧਿਆਨਯੋਗ ਹੈ ਕਿ ਡਿਗਰੀ ਪ੍ਰਾਪਤੀ ਲਈ ਆਪਣੇ ਖੋਜ ਅਭਿਆਸਾਂ ਦੇ ਨਾਲੋ-ਨਾਲ ਡਾ. ਕੰਵਲਜੀਤ ਢਿੱਲੋਂ ਆਪਣੇ ਖਿੱਤੇ ਨਾਲ ਸੰਬੰਧਿਤ ਅਣਗੌਲੇ ਮਲਵਈ ਕਿੱਸਾਕਾਰ-ਕਵੀਸ਼ਰ ਨੱਥਾ ਸਿੰਘ ਭੂਰੀਵਾਲ ਨੂੰ ਵੱਖਰੇ ਤੌਰ ਤੇ ਆਪਣੇ ਅਧਿਅਨ ਦਾ ਵਿਸ਼ਾ ਬਣਾਉਂਦੀ ਹੈ। ਇਹ ਕੰਮ ਸਰਵੇਖਣ ਅਧਾਰੀ ਵੀ ਹੈ ਜਿਸ ਵਿੱਚ ਭੂਰੀਵਾਲ ਦੀਆਂ ਕਲਾ-ਕਿਰਤਾਂ ਦੀ ਲੱਭਤ ਵੀ ਸ਼ਾਮਿਲ ਹੈ ਅਤੇ ਸ਼ਾਸਤਰੀ ਅਧਾਰਾਂ ਉੱਤੇ ਇਨ੍ਹਾਂ ਲਿਖਤਾਂ ਦਾ ਮੁਲਾਂਕਣ ਵੀ ਕੀਤਾ ਗਿਆ ਹੈ। ਖੋਜ-ਅਭਿਆਸ ਦੇ ਇਸ ਮੁੱਢਲੇ ਪੜਾਅ ’ਤੇ ਉਹ ਇਨ੍ਹਾਂ ਰਚਨਾਵਾਂ ਦੀ ਭਾਸ਼ਾਈ ਪੜਚੋਲ ਵੀ ਕਰਦੀ ਹੈ ਅਤੇ ਇਨ੍ਹਾਂ ਦੀ ਵਿਚਾਰਾਤਮਕ ਪ੍ਰਵਾਹ ਨੂੰ ਵੀ ਧਿਆਨ ਕੇਂਦਰਿਤ ਕਰਦੀ ਹੈ। ਇਹ ਕੰਮ ਰਚਨਾ ਦੇ ਪ੍ਰਸੰਗਿਕ ਵੇਰਵਿਆਂ ਨੂੰ ਉਸਦੇ ਵਿਸ਼ੇਗਤ ਅਤੇ ਰੂਪਕ ਪੱਖਾਂ ਦੀ ਪੜਚੋਲ ਕਰਨ ਨਾਲ ਸੰਬੰਧਿਤ ਤਾਂ ਹੈ ਹੀ, ਨਾਲੋ-ਨਾਲ ਭੂਰੀਵਾਲ ਦੇ ਜੀਵਨ ਅਤੇ ਵਿਅਕਤੀਤਵ ਨੂੰ ਉਸਾਰਨ ਵਿੱਚ ਵੀ ਯਤਨਸ਼ੀਲ ਹੈ। ਇਉਂ ਇਹ ਪੁਸਤਕ ਰਚਨਾ ਦੇ ਨਿਕਟ ਅਧਿਅਨ ਅਤੇ ਰਚਨਾ ਦੀ ਇਤਿਹਾਸਕਤਾ, ਦੋਹਾਂ ਨੂੰ ਬਰਾਬਰ ਦਾ ਮਹੱਤਵ ਦਿੰਦੀ ਹੈ। ਉਹ ਤੁਲਨਾਤਮਿਕ ਦ੍ਰਿਸ਼ਟੀ ਤੋਂ ਨੱਥਾ ਸਿੰਘ ਭੂਰੀਵਾਲ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਵੱਡੇ ਕਵੀਆਂ, ਜਿਵੇਂ ਕਿ ਭਾਈ ਵੀਰ ਸਿੰਘ ਅਤੇ ਮੋਹਨ ਸਿੰਘ ਆਦਿ, ਦੇ ਸਮਾਨਾਂਤਰ ਰੱਖਕੇ ਇਸ ਦੀ ਯੋਗਤਾ ਨੂੰ ਸਥਾਪਤ ਕਰਨ ਦਾ ਯਤਨ ਵੀ ਕਰਦੀ ਹੈ। ਕਿਸੇ ਅਜਿਹੀ ਅਣਗੌਲੀ ਪ੍ਰਤਿਭਾ, ਜੋ ਸਿਰਫ਼ ਇੱਕ ਇਲਾਕੇ ਤਕ ਮਿਹਦੂਦ ਹੋਵੇ, ਨੂੰ ਵੱਡੇ ਲੋਕ-ਸਮੂਹ ਤਕ ਲੈ ਜਾਣ ਵਾਲਾ ਇਹ ਕੰਮ ਇੱਕ ਵੰਗਾਰ-ਪੂਰਨ ਕੰਮ ਹੁੰਦਾ ਹੈ ਜਿਸਦਾ ਆਪਣਾ ਮਹੱਤਵ ਹੈ। ਇਸ ਖੋਜ ਦੀ ਸਾਰਥਕਤਾ ਅਤੇ ਅਹਿਮੀਅਤ ਨੂੰ ਦਰਸਾਉਂਦਿਆਂ ਡਾ. ਆਤਮ ਹਮਰਾਹੀ ਲਿਖਦਾ ਹੈ - “ਇਹ ਖੋਜ ਕਾਰਜ ਇਸ ਕਵੀ ਦਾ ਹੱਕੀ ਬਣਦਾ ਅਭਿਨੰਦਨ ਵੀ ਹੈ ਅਤੇ ਆਪਣੀ ਜਨਮ-ਭੂਮੀ ਦੀ ਸਾਹਿਤਕਤਾ ਵੱਲੋਂ ਪੰਜਾਬੀ ਸਾਹਿਤ ਨੂੰ ਭੇਟ ਕੀਤਾ ਉਪਹਾਰ ਵੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੀ ਨਵੀਂ ਪੀੜ੍ਹੀ ਨੂੰ ਆਪਣੇ ਇਲਾਕੇ ਦੇ ਸਾਹਿਤਕਾਰਾਂ ਸੰਬੰਧੀ ਖੋਜ ਕਰਨ ਲਈ ਵੰਗਾਰ ਵੀ ਹੈ।3

ਡਾ. ਕੰਵਲਜੀਤ ਢਿੱਲੋਂ ਦੀਆਂ ਦੋ ਪੁਸਤਕਾਂ, ‘ਪੰਜਾਬੀ ਆਲੋਚਨਾ ਅਤੇ ਵਿਚਾਰਧਾਰਾ’ ਅਤੇ ‘ਪੰਜਾਬੀ ਨਾਟਕ: ਵਿਚਾਰਧਾਰਕ ਪ੍ਰਵਿਰਤੀਆਂ’ ਉਸਦੀ ਅਕਾਦਮਿਕ ਯੋਗਤਾ ਦਾ ਮੁੱਖ ਪ੍ਰਮਾਣ ਕਹੀਆਂ ਜਾ ਸਕਦੀਆਂ ਹਨ। ਇਹ ਦੋਵੇਂ ਕਾਰਜ ਉਸਦੀ ਐਮ.ਫਿਲ ਅਤੇ ਪੀਐੱਚ.ਡੀ ਦੀਆਂ ਡਿਗਰੀਆਂ ਨਾਲ ਸੰਬੰਧਿਤ ਹਨ। ਵਿਚਾਰਧਾਰਾ ਦਾ ਸੰਕਲਪ ਇਨ੍ਹਾਂ ਦੋਹਾਂ ਦੇ ਕੇਂਦਰ ਵਿੱਚ ਹੈ। ਪਹਿਲੀ ਪੁਸਤਕ ਪੰਜਾਬੀ ਆਲੋਚਨਾ ਅਤੇ ਵਿਚਾਰਧਾਰਾ ਵਿੱਚ ਭਾਵੇਂ ਉਹ ਪੰਜਾਬੀ ਆਲੋਚਨਾ ਦੀਆਂ ਮਾਰਕਸਵਾਦੀ, ਅਸਤਿਤਵਵਾਦੀ ਅਤੇ ਸੰਰਚਨਾਵਾਦੀ ਧਾਰਾਵਾਂ ਨੂੰ ਆਪਣੇ ਅਧਿਅਨ ਦਾ ਵਿਸ਼ਾ ਬਣਾਉਂਦੀ ਹੈ ਪਰ ਉਸ ਦੀ ਮੂਲ ਟੇਕ ਮਾਰਕਸਵਾਦੀ ਸਾਹਿਤ ਸਿਧਾਂਤਾਂ ਨੂੰ ਤਰਕਸੰਗਤ ਢੰਗ ਨਾਲ ਵਿਆਖਿਆਉਣ ਤਕ ਬਣੀ ਰਹਿੰਦੀ ਹੈ। ਉਹ ਸੰਰਚਨਾਵਾਦ ਦੇ ਮਕਾਨਕੀ ਬਿੰਦੂਆਂ ਨੂੰ ਕੇਂਦਰ ਵਿੱਚ ਲਿਆਉਂਦਿਆ ਪੰਜਾਬੀ ਵਿੱਚ ਉਸਰ ਰਹੇ ਸੰਰਚਨਾਵਾਦੀ ਚਿੰਤਨ ਦੀਆਂ ਸੀਮਾਵਾਂ ਨੂੰ ਤਲਾਸ਼ ਤਾਂ ਕਰਦੀ ਹੈ, ਪਰੰਤੂ ਇਸ ਪ੍ਰਣਾਲੀ ਨੂੰ ਰੱਦ ਕਰਨ ਦੇ ਰਾਹੇ ਨਹੀਂ ਤੁਰਦੀ। ਉਸਦੀ ਇਸੇ ਵਿਸ਼ੇਸ਼ਤਾ ਨੂੰ ਪੰਜਾਬੀ ਆਲੋਚਨਾ ਅਤੇ ਵਿਚਾਰਧਾਰਾ ਪੁਸਤਕ ਦੀ ਭੂਮਿਕਾ ਵਿੱਚ ਉਲੀਕਦਿਆਂ ਡਾ.ਅਤਰ ਸਿੰਘ ਨੇ ਲਿਖਿਆ ਹੈ - “ਭਾਵੇਂ ਲੇਖਿਕਾ ਦੀ ਮਾਰਕਸਵਾਦੀ ਚਿੰਤਨ ਨਾਲ ਪ੍ਰਤੀਬੱਧਤਾ ਸਪਸ਼ਟ ਹੈ ਪਰ ਇਸ ਦੇ ਬਾਵਜੂਦ ਉਸ ਨੇ ਵਧ ਤੋਂ ਵਧ ਅਨਾਤਮੀ ਦ੍ਰਿਸ਼ਟੀ ਅਪਨਾਈ ਹੈ।”4 ਆਪਣੀ ਦੂਸਰੀ ਆਲੋਚਨਾ ਪੁਸਤਕ ‘ਪੰਜਾਬੀ ਨਾਟਕ: ਵਿਚਾਰਧਾਰਕ ਪ੍ਰਵਿਰਤੀਆਂ’ ਵਿੱਚ ਕੰਵਲਜੀਤ ਢਿੱਲੋਂ ਕਲਾ, ਵਿਸ਼ੇਸ਼ਕਰ ਨਾਟਕ ਦੇ ਸੰਦਰਭ ਵਿੱਚ ਵਿਚਾਰਧਾਰਾ ਦੇ ਸਰੂਪ ਅਤੇ ਪ੍ਰਕਾਰਜ ਨੂੰ ਪਛਾਨਣ ਦਾ ਯਤਨ ਕਰਦੀ ਹੈ। ਅਜਿਹਾ ਕਰਦਿਆਂ ਉਹ ਵਿਚਾਰਧਾਰਾ ਨੂੰ ਕਿਸੇ ਸਥਿਰ (static) ਰੂਪ ਵਿੱਚ ਬੱਝਿਆ ਸੰਕਲਪ ਨਹੀਂ ਦਰਸਾਉਂਦੀ ਸਗੋਂ ਵੱਖ-ਵੱਖ ਅਨੁਸ਼ਾਸਨਾਂ ਦੇ ਅੰਤਰਗਤ ਵਿਚਾਰਧਾਰਾ ਦੀ ਹੋਂਦ ਨੂੰ ਕ੍ਰਿਆਸ਼ੀਲ ਵਰਤਾਰੇ ਦੇ ਰੂਪ ਵਿੱਚ ਵਿਗਸਦਾ ਦੇਖਦੀ ਹੈ। ਇਸੇ ਲਈ ਉਸ ਦਾ ਮੰਨਣਾ ਹੈ ਕਿ ਵਿਚਾਰਧਾਰਾ ਦੀ ਪੇਸ਼ਕਾਰੀ ਅਤੇ ਵਿਆਖਿਆ ਕੇਵਲ ਅਰਥ-ਸ਼ਾਸਤਰ ਦੇ ਨਿਯਮਾਂ ਦੁਆਰਾ ਕਰਨੀ ਦਰੁਸਤ ਨਹੀਂ ਕਿਉਂਕਿ ਬੋਧ ਤੇ ਵਿਚਾਰਧਾਰਾ ਦਾ ਵੀ ਆਪਸ ਵਿੱਚ ਡੂੰਘਾ ਸੰਬੰਧ ਹੈ।5 ਇਹੀ ਕਾਰਨ ਹੈ ਕਿ ਵਿਸ਼ਵ ਦੇ ਵਖ-ਵਖ ਗਿਆਨ ਅਨੁਸ਼ਾਸਨਾਂ ਦੇ ਅੰਤਰਗਤ ਵਿਚਾਰਧਾਰਾ ਦੀ ਭੂਮਿਕਾ ਅਤੇ ਮਹੱਤਵ ਨੂੰ ਉਹ ਕਿਸੇ ਮਕੈਨਕੀ ਢੰਗ ਨਾਲ ਨਾ ਪਛਾਣ ਕੇ ਵੱਖੋ-ਵੱਖਰੀ ਤਰ੍ਹਾਂ ਕ੍ਰਿਆਵੰਤ ਹੋਇਆ ਦੇਖਦੀ ਹੈ। ਨਾਟਕ ਦੇ ਸੰਦਰਭ ਵਿੱਚ ਵੀ ਇਸ ਵਖਰਤਾ ਨੂੰ ਬਹੁਤ ਸੂਖਮਤਾ ਨਾਲ ਵਿਚਾਰਦਿਆਂ ਉਹ ਇਹ ਤਰਕ ਬਣਾਉਂਦੀ ਹੈ ਕਿ ਸਾਹਿਤ ਦੀਆਂ ਦੂਜੀਆਂ ਵਿਧਾਵਾਂ ਨਾਲੋਂ ਨਾਟਕ ਵਿਚਾਰਧਾਰਾ ਨੂੰ ਵਧੇਰੇ ਉੱਭਰਵੇਂ ਅਤੇ ਪ੍ਰਭਾਵੀ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਪੁਸਤਕ ਵਿੱਚ ਪੰਜਾਬੀ ਨਾਟਕ ਦੀ ਵਿਕਾਸ ਯਾਤਰਾ ਨੂੰ ਪ੍ਰਵਿਰਤੀਆਂ ਵਿਚ ਵੰਡ ਕੇ ਉਸਦੇ ਲੱਛਣਾਂ ਨੂੰ ਚਿਹਨਿਤ ਕੀਤਾ ਗਿਆ ਹੈ ਅਤੇ ਕੁਝ ਮਹੱਤਵਪੂਰਨ ਨਾਟਕਾਂ ਦਾ ਵਿਚਾਰਧਾਰਕ ਦ੍ਰਿਸ਼ਟੀ ਤੋਂ ਨਿਕਟ ਅਧਿਅਨ ਵੀ ਕੀਤਾ ਗਿਆ ਹੈ। ਪੰਜਾਬੀ ਨਾਟਕ ਦੇ ਵਿਚਾਰਧਾਰਾਈ ਅਧਾਰਾਂ ਨੂੰ ਸਮਝਣ-ਸਮਝਾਉਣ ਵਿੱਚ ਇਸ ਪੁਸਤਕ ਦਾ ਵਿਸ਼ੇਸ਼

ਮਹੱਤਵ ਹੈ।

'ਪੰਜਾਬੀ ਨਾਟਕ ਅਤੇ ਰੰਗਮੰਚ : ਵਿਚਾਰਧਾਰਕ ਪ੍ਰਵਾਹ' ਪੁਸਤਕ ਪੰਜਾਬੀ ਰੰਗਮੰਚ ਦੇ ਮੁਲਾਂਕਣ ਨਾਲ ਸੰਬੰਧਿਤ ਨਿਬੰਧਾਂ ਦਾ ਸੰਗ੍ਰਿਹ ਹੈ ਜਿਸ ਵਿੱਚ ਸਵਰਜਬੀਰ ਦੇ ਵਿਅਕਤੀਤਵ ਅਤੇ ਨਾਟ-ਚੇਤਨਾ ਨੂੰ ਖਾਸ ਤੌਰ ਤੇ ਵਿਚਾਰਿਆ ਗਿਆ ਹੈ। ਇਸ ਅਲੋਚਨਾਤਮਕ ਨਿਬੰਧ ਸੰਗ੍ਰਿਹ ਦੀ ਅਹਿਮੀਅਤ ਇਸ ਗੱਲ ਵਿੱਚ ਹੈ ਕਿ ਇਹ ਪੰਜਾਬੀ ਰੰਗਮੰਚ ਅਤੇ ਨਾਟਕ ਨੂੰ ਪਰਖਣ ਦੀਆਂ ਵੱਖੋ-ਵੱਖਰੀਆਂ ਕਸੌਟੀਆਂ ਨੂੰ ਨਿਰਧਾਰਿਤ ਕਰਕੇ ਨਿਰਖ-ਪਰਖ ਦੇ ਰਾਹੇ ਤੁਰਦੀ ਹੈ, ਇਨ੍ਹਾਂ ਨੂੰ ਆਪਸ ਵਿੱਚ ਰਲਗਡ ਨਹੀਂ ਹੋਣ ਦਿੰਦੀ। ਰਚਨਾਵੀ ਸੰਸਾਰ ਦੇ ਸਮੁੱਚੇ ਬੋਧ ਨੂੰ ਉਹ ਸਮਾਜ-ਸਭਿਆਚਾਰ ਦੇ ਚੌਖਟੇ ਵਿਚੋਂ ਵੇਖਦੀ ਹੈ ਅਤੇ ਹਾਸ਼ਿਆਗਤ ਸ਼੍ਰੇਣੀਆਂ ਨੂੰ; ਵਿਸ਼ੇਸ਼ ਤੌਰ ਤੇ ਨਾਰੀ-ਸੰਵੇਦਨਾ, ਨਾਰੀ-ਅੱਧੋਗਤੀ ਅਤੇ ਨਾਰੀ-ਉਤਕਰਸ਼ ਦੀਆਂ ਸਥਿਤੀਆਂ ਨੂੰ ਵਿਚਾਰ ਅਧੀਨ ਲਿਆਉਂਦੀ ਹੈ। ਸਵਰਬੀਰ ਦੇ ਨਾਟਕ ਬਾਰੇ ਲਿਖੇ ਲੇਖ 'ਸ਼ਾਇਰੀ ਨਾਟਕ ਦੀ ਵਿਚਾਰਧਾਰਕ ਦ੍ਰਿਸ਼ਟੀ' ਨੂੰ ਇਸ ਨਜ਼ਰੀਏ ਤੋਂ ਵਿਚਾਰਿਆ ਜਾ ਸਕਦਾ ਹੈ।

**'ਇਸਤਰੀ ਪ੍ਰਵਚਨ** : ਸਮਾਜਕ ਅਤੇ ਸਭਿਆਚਾਰਕ ਪ੍ਰਸਥਿਤੀ' ਨਿਬੰਧਾਂ ਦਾ ਸੰਗ੍ਰਿਹ ਡਾ. ਢਿੱਲੋਂ ਦੀ ਬਾਕੀ ਅਲੋਚਨਾਤਮਕ ਨਿਬੰਧਾਂ ਨਾਲੋਂ ਵੱਖਰੀ ਭਾਂਤ ਦੀ ਪੁਸਤਕ ਹੈ। ਇਸ ਵਿੱਚ ਉਸਨੇ ਕਿਸੇ ਸਾਹਿਤਕ ਵਿਧਾ ਦੀ ਥਾਂ ਆਪਣੇ ਸਮਾਜ ਨੂੰ ਇੱਕ ਟੈਕਸਟ ਵਾਂਗ ਪੜ੍ਹਿਆ-ਵਾਚਿਆ ਹੈ। ਇਸ ਪੁਸਤਕ ਵਿਚਲੇ ਬਹੁਤੇ ਨਿਬੰਧ ਸਾਡੀ ਨਿਘਰਦੀ ਜਾ ਰਹੀ ਸਮਾਜ-ਸਭਿਆਚਾਰਕ, ਰਾਜਨੀਤਕ ਅਤੇ ਸੰਸਥਾਈ ਬਣਤਰ ਨੂੰ ਚਿਤਰਦੇ ਹਨ। ਕਈ ਵਾਰ ਇਨ੍ਹਾਂ ਦਾ ਮੁਹਾਂਦਰਾ ਰਿਪੋਰਟਨੁਮਾ ਵੀ ਹੋ ਜਾਂਦਾ ਹੈ। ਕੋਈ ਅਖਬਾਰੀ ਖ਼ਬਰ, ਜੋ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਜਾਂ ਕਿਸੇ ਅਸੰਵੇਦਨਸ਼ੀਲ ਮਨੁੱਖ ਲਈ ਨਿਰੋਲ ਇੱਕ ਸੁਰਖੀ ਹੀ ਹੋ ਸਕਦੀ ਹੈ, ਦੀ ਅਹਿਮੀਅਤ ਨੂੰ ਲੇਖਿਕਾ ਇੱਕ ਮਹੱਤਵਪੂਰਨ ਵਿਸ਼ੇ ਵਜੋਂ ਵਿਚਾਰਨ ਦੀ ਸਮਰੱਥਾ ਰਖਦੀ ਹੈ। 'ਔਰਤਾਂ ਦਾ ਸਮਾਜਕ ਰੁਤਬਾ' ਉਸਦਾ ਅਜਿਹਾ ਹੀ ਇੱਕ ਨਿਬੰਧ ਹੈ। ਵਿਸ਼ੇ ਪੱਖੋਂ ਇਹ ਨਿਬੰਧ ਭਾਵੇਂ ਧਿਆਨ ਖਿੱਚਦੇ ਹਨ ਪਰ ਵਿਧਾਗਤ ਪਛਾਣ ਦੇ ਪੱਖੋਂ ਇਨ੍ਹਾਂ ਵਿੱਚ ਹੋਰ ਸੁਹਜਾਤਮਕ ਪ੍ਰਭਾਵ ਪੈਦਾ ਕਰਨ ਦੀ ਸੰਭਾਵਨਾ ਦਿਖਾਈ ਦਿੰਦੀ ਹੈ। ਇਸ ਪੁਸਤਕ ਵਿੱਚ ਕੁਝ ਉਹ ਨਿਬੰਧ ਵੀ ਹਨ ਜੋ ਪੰਜਾਬੀ ਲੋਕ ਸਾਹਿਤ ਦੀਆਂ ਵੰਨਗੀਆਂ - ਸੁਹਾਗ, ਸਿੱਠਣੀਆਂ, ਘੋੜੀਆਂ ਅਤੇ ਵਿਆਹ ਦੇ ਗੀਤਾਂ ਨਾਲ ਸੰਬੰਧਿਤ ਹਨ। ਡਾ. ਢਿੱਲੋਂ ਇਸ ਲੋਕ ਸਾਹਿਤ ਨੂੰ ਵੀ ਪਿੱਤਰ-ਸੱਤਾਤਮਕ (patriarchal) ਪ੍ਰਬੰਧ ਦੀਆਂ ਅਲਾਮਤਾਂ ਦੇ ਝਰੋਖੇ ਵਿਚੋਂ ਵੇਖਦੀ ਹੈ। ਇਹ ਨਿਬੰਧ ਸੰਖਿਪਤ ਪਰ ਭਾਵਪੂਰਕ ਹਨ।

ਡਾ. ਕੰਵਲਜੀਤ ਕੌਰ ਢਿੱਲੋਂ ਦੇ ਕਾਰਜ-ਖੇਤਰ ਦਾ ਇੱਕ ਪਸਾਰ ਪ੍ਰਮੁੱਖ ਸ਼ਖਸੀਅਤਾਂ ਨਾਲ ਕੀਤੀਆਂ ਮੁਲਾਕਾਤਾਂ ਨਾਲ ਵੀ ਸੰਬੰਧਤ ਹੈ। ਤਿੰਨ ਮੁਲਾਕਾਤਾਂ ਇਨ੍ਹਾਂ ਵਿਚੋਂ ਵਿਸ਼ੇਸ਼ ਹਨ : ਪੰਜਾਬ ਵਿੱਚ ਇਪਟਾ ਦੇ ਸੰਸਥਾਪਕ ਤੇਰਾ ਸਿੰਘ ਚੰਨ ਨਾਲ ਇੱਕ ਲੰਮੀ ਮੁਲਕਾਤ ਹੈ ਜਦਕਿ ਦੋ ਛੋਟੀਆਂ ਮੁਲਾਕਾਤਾਂ ਉਸਨੇ ਆਪਣੀ ਪੁਸਤਕ 'ਇਸਤਰੀ ਪ੍ਰਵਚਨ : ਸਮਾਜਿਕ ਅਤੇ ਸਭਿਆਚਾਰਕ ਪ੍ਰਸਥਿਤੀ' ਵਿੱਚ ਛਾਪੀਆਂ ਹਨ। ਪੰਜਾਬ ਦੀ ਧੀ: ਦੀਪਤੀ ਨਵਲ ਵਿੱਚ ਕਈ ਅਹਿਮ ਸਵਾਲ ਪੁੱਛੇ ਗਏ ਹਨ ਜਿਨ੍ਹਾਂ ਰਾਹੀਂ ਫ਼ਿਲਮੀ ਜਗਤ ਵਿੱਚ ਇਸਤਰੀ ਅਦਾਕਾਰਾਂ ਦੇ ਸ਼ੋਸ਼ਣ ਤੋਂ ਲੈ ਕੇ ਕਲਾਤਮਕ ਪ੍ਰਤੀਬੱਧਤਾ ਤਕ ਦੀਪਤੀ ਨਾਲ ਗੱਲਬਾਤ ਹੈ। ਇਸੇ ਤਰ੍ਹਾਂ ਸੰਤੋਸ਼ ਸਾਹਨੀ, ਜੋ ਕਿ ਬਲਰਾਜ ਸਾਹਨੀ ਦੀ ਦੂਸਰੀ ਪਤਨੀ ਸੀ, ਨਾਲ ਮੁਲਾਕਾਤ ਵਿੱਚ ਕਲਾ ਅਤੇ ਸਾਹਿਤ ਸਿਰਜਨ ਨਾਲ ਸੰਬੰਧਿਤ ਵਿਚਾਰ-ਚਰਚਾ ਹੈ। ਇਨ੍ਹਾਂ ਮੁਲਾਕਾਤਾਂ ਦੌਰਾਨ ਡਾ. ਢਿੱਲੋਂ ਦੀ ਟੇਕ ਇਸ ਨੁਕਤੇ 'ਤੇ ਰਹਿੰਦੀ ਹੈ ਕਿ ਇਨ੍ਹਾਂ ਕਲਾਕਾਰਾਂ ਦੀ ਪੰਜਾਬੀ ਹੋਣ ਨਾਤੇ ਪੰਜਾਬ ਪ੍ਰਤੀ ਕੀ ਦ੍ਰਿਸ਼ਟੀ ਹੈ ਜਾਂ ਇਨ੍ਹਾਂ ਦੇ ਤਸੱਵੁਰ ਵਿੱਚ ਪੰਜਾਬ ਕਿਸ ਰੂਪ ਵਿੱਚ ਪਿਆ ਹੈ?

ਕੰਵਲਜੀਤ ਢਿੱਲੋਂ ਦੀ ਪ੍ਰਤਿਭਾ ਦਾ ਇੱਕ ਹਾਂਸਿਲ ਇਹ ਵੀ ਰਿਹਾ ਹੈ ਕਿ ਉਸ ਨੇ ਪੂਰੀ ਸ਼ਿੱਦਤ ਨਾਲ ਪੰਜਾਬੀ ਥੀਏਟਰ ਨਾਲ ਜੁੜ ਕੇ ਲੋਕ ਚੇਤਨਾ ਨੂੰ ਜਗਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਸਨੇ ਲੋਕ ਰੰਗਮੰਚ, ਪੰਜਾਬ ਨਾਲ 1987 ਤੋਂ 1995 ਤਕ ਪੂਰੀ ਤਨਦੇਹੀ ਨਾਲ ਕੰਮ ਕੀਤਾ। ਇਹ ਸਫ਼ਰ ਅਭਿਨੈਕਾਰੀ ਤੋਂ ਲੈਕੇ ਨਾਟਕ-ਨਿਰਦੇਸ਼ਕ ਤਕ ਦਾ ਰਿਹਾ। ਪੰਜਾਬੀ ਅਕਾਦਮੀ ਦਿੱਲੀ ਦੇ ਨਾਟ-ਮੇਲਿਆਂ ਵਿੱਚ ਵੀ ਉਸ ਨੇ ਸ਼ਿਰਕਤ ਕੀਤੀ। ਪਰਵਾਸੀ ਮਜ਼ਦੂਰਾਂ ਨਾਲ ਸੰਬੰਧਿਤ ਨਾਟਕ ਗੂੰਗੇ ਬੋਲ ਵਿੱਚ ਉਸਨੇ ਚਰਚਿਤ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਉਸਨੇ 'ਦਿਲ ਦਰਿਆ', 'ਕਾਲੇ ਦਿਨ', 'ਬਾਰ ਪਰਾਇ ਬੈਸਣਾ', ਅਨ੍ਹੇ-ਨਿਸ਼ਾਨਚੀ', ਇੱਕ ਰਮਾਇਣ ਹੋਰ', 'ਸੁੱਕੀ ਕੁੱਖ' ਆਦਿ ਨਾਟਕਾਂ ਵਿੱਚ ਕੰਮ ਕੀਤਾ। ਉਸਦੇ ਆਪਣੇ ਕਹੇ ਮੁਤਾਬਕ ਵੱਖ-ਵੱਖ ਪਿੰਡਾਂ ਅਤੇ ਕਸਬਿਆਂ ਵਿੱਚ 'ਬਾਰ ਪਰਾਇ ਬੈਸਣਾ' ਦੀ ਪੇਸ਼ਕਾਰੀ ਲਗਭਗ 100 ਵਾਰ ਤੋਂ ਵਧ ਹੋਈ ਹੋਵੇਗੀ। ਇਪਟਾ ਦੀ ਉਹ ਨੈਸ਼ਨਲ ਕਾਊਂਸਿਲ ਮੈਂਬਰ ਵੀ ਰਹੀ। ਰੰਗਮੰਚ ਤੋਂ ਇਲਾਵਾ ਉਸਨੇ ਕਈ ਪੰਜਾਬੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ। ਚੜ੍ਹਦਾ ਸੂਰਜ, ਜਵਾਨੀ ਜ਼ਿੰਦਾਬਾਦ, ਸ਼ਹੀਦ-ਇ-ਮੁਹੱਬਤ ਆਦਿ ਉਸਦੀਆਂ ਕੁਝ ਜ਼ਿਕਰਯੋਗ ਫਿਲਮਾਂ ਹਨ। ਸਾਲ 1995 ਵਿੱਚ ਅਚਾਨਕ ਉਹ ਰੰਗਮੰਚ ਦੇ ਇਸ ਸੰਸਾਰ ਨੂੰ ਅਲਵਿਦਾ ਆਖ ਦਿੰਦੀ ਹੈ। ਦੋਸਤਾਂ-ਮਿੱਤਰਾਂ ਅਤੇ ਸਾਥੀ

ਕਲਾਕਾਰਾਂ ਨੂੰ ਉਸਦਾ ਇਸ ਤਰ੍ਹਾਂ ਚੁੱਪ ਹੋ ਜਾਣਾ ਖਲਦਾ ਹੈ ਪਰ ਇਹ ਉਸਦਾ ਨਿੱਜੀ ਫ਼ੈਸਲਾ ਸੀ। ਅਧਿਆਪਨ ਦੌਰਾਨ ਜਦੋਂ ਉਹ ਡੀਨ ਸਭਿਆਚਾਰਕ ਗਰੀਵਿਧੀਆਂ ਸੀ, ਤਾਂ ਥੀਏਟਰ ਨਾਲ ਜੁੜੀਆਂ ਟੀਮਾਂ ਦੀ ਨੂੰ ਉਹ ਅੰਤਾਂ ਦੇ ਮੋਹ ਨਾਲ ਤਿਆਰ ਕਰਦੀ, ਸਮਾਂ ਦਿੰਦੀ। ਇਸ ਸਭ ਤੋਂ ਪ੍ਰਤੱਖ ਹੁੰਦਾ ਹੈ ਕਿ ਥੀਏਟਰ ਤੋਂ ਅਲਵਿਦਾ ਲੈਣਾ ਉਸਦੇ ਮਨ-ਅੰਤਰ ਦੀ ਉਪਜ ਨਹੀਂ ਸੀ। ਉਸ ਦੇ ਧੁਰ-ਅੰਦਰ ਦਾ ਕਲਾਕਾਰ ਸਦਾ ਜਿਉਂਦਾ ਹੈ।

ਨੌਕਰੀ ਤੋਂ ਰਿਟਾਇਰਮੇਂਟ ਪਿੱਛੋਂ ਉਹ ਵਧੇਰੇ ਸਰਗਰਮੀ ਅਤੇ ਪ੍ਰਤੀਬੱਧਤਾ ਨਾਲ ਸਮਾਜਕ ਸਰੋਕਾਰਾਂ ਨਾਲ ਜੁੜਦੀ ਹੈ। ਇਸ ਦੌਰ ਵਿੱਚ ਉਹ ਘਰ ਤੋਂ ਬਾਹਰ ਲੋਕਾਂ ਵਿੱਚ ਜਾ ਕੇ ਸਮਾਜੀ ਸੰਕਟਾਂ ਦੀ ਨਿਸ਼ਾਨਦੇਹੀ ਕਰਦੀ ਹੈ ਅਤੇ ਸਥਿਤੀਆਂ ਦੇ ਲੂੰ-ਕੰਡੇ ਖੜ੍ਹੇ ਕਰਨ ਵਾਲੇ ਤੱਥਾਂ ਨੂੰ ਰਿਪੋਰਟ ਦੇ ਰੂਪ ਵਿੱਚ ਨਸ਼ਰ ਕਰਦੀ ਹੈ। ਉਹ 'ਬਾਤੇਂ ਅਮਨ ਕੀ' (2018) ਮੁਹਿੰਮ ਦਾ ਹਿੱਸਾ ਹੀ ਨਹੀਂ ਬਣਦੀ ਸਗੋਂ ਇਸ ਮੁਹਿੰਮ ਵਿੱਚ ਪੂਰੇ ਹਿੰਦੋਸਤਾਨ ਨੂੰ ਜਿਨ੍ਹਾਂ ਪੰਜ ਹਿੱਸਿਆਂ ਵਿੱਚ ਵੰਡਿਆ ਗਿਆ ਸੀ, ਉਸ ਵਿੱਚ ਜੰਮੂ-ਕਸ਼ਮੀਰ ਜ਼ੋਨ ਦੀ ਪ੍ਰਤਿਨਿਧਤਾ ਵੀ ਕਰਦੀ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਮੁਲਕ ਵਿੱਚ ਕਿਸੇ ਵੀ ਸਮਾਜਿਕ, ਧਾਰਮਿਕ, ਆਰਥਕ, ਲਿੰਗ-ਅਧਾਰੀ ਦਬਾਅ ਤੋਂ ਮੁਕਤ ਮਨੁੱਖ ਦੀ ਸ਼ਖਸੀ ਅਜ਼ਾਦੀ ਦੇ ਮਹੱਤਵ ਨੂੰ ਸਵੀਕਾਰਨ ਦੀ ਸੋਚ ਨੂੰ ਪੈਦਾ ਕਰਨਾ ਸੀ। ਕਸ਼ਮੀਰ ਦੀ ਸੱਚ-ਅਧਾਰਿਤ ਰਿਪੋਰਟ (Fact Finding Report) ਉਹ 2019 ਵਿੱਚ ਨਸ਼ਰ ਕਰਦੀ ਹੈ, ਜਿਸ ਵਿੱਚ ਕਸ਼ਮੀਰੀਆਂ ਦੇ ਹਾਲਾਤਾਂ ਦਾ ਜਾਇਜ਼ਾ ਕੇਸ-ਸਟੱਡੀਜ਼ ਰਾਹੀਂ ਕਰਦੀ ਹੈ। ਇਹ ਰਿਪੋਰਟ 24 ਸਿਤੰਬਰ 2019 ਨੂੰ ਪ੍ਰੈਸ ਕਲੱਬ ਦਿੱਲੀ ਵਿਖੇ ਰਿਲੀਜ਼ ਕੀਤੀ ਗਈ। ਇਸੇ ਤਰ੍ਹਾਂ ਉਹ ਕਸ਼ਮੀਰ ਦੇ ਬਡਗਾਮ ਜਿਲ੍ਹੇ ਵਿੱਚ ਪੈਂਦੇ ਤੋਸ਼ਾ ਮੈਦਾਨ ਵਿੱਚ ਤਿੰਨ ਦਿਨਾਂ ਦੀ ਵਰਕਸ਼ਾਪ ਲਗਾਉਂਦੀ ਹੈ ਅਤੇ ਉੱਥੋਂ ਦੇ ਵਸਨੀਕਾਂ ਦੇ ਮਸਲਿਆਂ ਤੇ ਅਧਾਰਿਤ ਅਰਧ-ਵਿਧਵਾ (half widow) ਔਰਤਾਂ 'ਤੇ ਰਿਪੋਰਟ ਤਿਆਰ ਕਰਦੀ ਹੈ। ਉਹ ਆਦਿਵਾਸੀ ਔਰਤਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਨਿਤ ਜੀਵਨ ਦੇ ਸੰਘਰਸ਼ ਨੂੰ ਨੇੜਿਉਂ ਵਾਚ ਰਹੀ ਹੈ।

ਸਮਾਜਿਕ ਪ੍ਰਤੀਬੱਧਤਾ ਨਾਲ ਜੁੜਿਆ ਡਾ. ਕੰਵਲਜੀਤ ਕੌਰ ਢਿੱਲੋਂ ਦਾ ਇੱਕ ਸ਼ਲਾਘਾਯੋਗ ਕਾਰਜ 'Honour Killing in Punjab : Shame and Silence' ਵਜੋਂ ਸਾਹਮਣੇ ਆਉਂਦਾ ਹੈ। ਸਰਕਾਰੀ ਅਤੇ ਖੇਤਰੀ ਇਕਾਈਆਂ ਤੋਂ ਇਕੱਠੇ ਕੀਤੇ ਅੰਕੜਿਆਂ ਨੂੰ ਅਧਾਰ ਬਣਾ ਕੇ ਉਹ ਇਸ ਮਸਲੇ ਦੀ ਵਿਕਰਾਲਤਾ ਭਿਆਨਕ ਦ੍ਰਿਸ਼ ਨੂੰ ਸਪਸ਼ਟ ਕਰਦੀ ਹੈ। ਉਹ ਪੰਜਾਬ ਅਤੇ ਹਰਿਆਣਾ ਉੱਚੇ ਘਰਾਂ ਦੇ ਝਰੋਖਿਆਂ ਵਿਚੋਂ ਔਰਤ ਦੀ ਨਿਘਰੀ ਹੋਈ ਹਾਲਤ, ਉਸ ਨਾਲ ਹੋ ਰਹੇ ਤਸ਼ੱਦਦ ਨੂੰ ਇਸ ਰਿਪੋਰਟ ਵਿੱਚ ਦਰਜ ਕਰਦੀ ਹੈ। ਇਸ ਰਿਪੋਰਟ ਵਿੱਚ ਉਸਦਾ ਮੰਨਣਾ ਹੈ ਕਿ ਇੱਜ਼ਤ ਦੇ ਨਾਂ 'ਤੇ ਅਪਰਾਧ ਸਾਡੇ ਸਮਾਜ ਤੇ ਸਭਿਆਚਾਰ ਨਾਲ ਜੁੜੇ ਹੁੰਦੇ ਹਨ ਜਿਸ ਦੀ ਪਛਾਣ ਧਾਰਮਿਕ ਦਾਇਰਿਆਂ ਉਪਰ ਨਹੀਂ ਹੋਣੀ ਚਾਹੀਦੀ। ਇਸ ਸਮੱਸਿਆ ਤੋਂ ਛੁਟਕਾਰੇ ਲਈ ਕਨੂੰਨੀ ਪ੍ਰਬੰਧ ਵਿੱਚ ਸਖ਼ਤ ਧਾਰਾਵਾਂ ਦੀ ਸ਼ਮੂਲੀਅਤ ਕਰਨ ਦੇ ਨਾਲ-ਨਾਲ ਇਸਦੀ ਪਾਲਣਾ 'ਤੇ ਬਲ ਦੇਣਾ ਵੀ ਲਾਜ਼ਮੀ ਹੈ।6 ਇਹ ਕਾਰਜ ਉਸਦੀ ਸੰਵੇਦਨਸ਼ੀਲਤਾ, ਵਿਚਾਰਸ਼ੀਲਤਾ ਅਤੇ ਮੁਲਾਂਕਣ-ਯੋਗਿਤਾ ਦਾ ਪ੍ਰਮਾਣ ਹੈ।

ਇਉਂ ਕਿਹਾ ਜਾ ਸਕਦਾ ਹੈ ਕਿ ਡਾ.ਕੰਵਲਜੀਤ ਕੌਰ ਢਿੱਲੋਂ ਵਿਚਾਰਧਾਰਕ ਤੌਰ 'ਤੇ ਇੱਕ ਪ੍ਰਤੀਬੱਧ ਸ਼ਖਸੀਅਤ ਹੈ ਜਿਸਨੇ ਸਿਰਫ਼ ਸਾਹਿਤ, ਕਲਾ, ਆਲੋਚਨਾ, ਅਧਿਆਪਨ ਅਤੇ ਖੋਜ ਦੇ ਖੇਤਰਾਂ ਵਿੱਚ ਹੀ ਆਪਣੀ ਸਾਰਥਕ ਭੂਮਿਕਾ ਨਹੀਂ ਨਿਭਾਈ ਸਗੋਂ ਜਨਤਕ ਤੌਰ ਤੇ ਵੀ ਸਮਾਜ ਦੀਆਂ ਨਾਂਹ-ਮੁਖੀ ਸ਼ਕਤੀਆਂ ਵਿਰੁੱਧ ਆਪਣਾ ਪ੍ਰਤਿਉੱਤਰ ਘੜਿਆ ਹੈ। ਸਮਾਜਕ ਤਾਣੇ-ਪੇਟੇ ਵਿਚੋਂ ਜਿੱਥੇ-ਕੀਤੇ ਵੀ ਉਸ ਨੂੰ ਅਣਮਨੁੱਖੀ ਕਨਸੋਅ ਮਿਲਦੀ ਹੈ, ਉਹ ਉਸਨੂੰ ਮਹਿਸੂਸ ਕਰਦੀ ਹੈ, ਵਿਚਾਰਦੀ ਹੈ ਅਤੇ ਆਪਣੇ ਯਥਾ-ਸ਼ਕਤੀ ਅਨੁਸਾਰ ਆਪਣਾ ਤਰਕ ਲੋਕ-ਅਰਪਣ ਕਰਦੀ ਹੈ। ਪੰਜਾਬੀ ਸਾਹਿਤ ਅਕਾਡਮੀ ਦਾ ਪ੍ਰੋ. ਨਿਰਪਜੀਤ ਕੌਰ ਗਿੱਲ ਪੁਰਸਕਾਰ ਮਿਲਣ ਤੇ ਡਾ.ਕੰਵਲਜੀਤ ਕੌਰ ਢਿੱਲੋਂ ਮੁਬਾਰਕਾਂ ਦੀ ਹੱਕਦਾਰ ਹੈ।

ਹਵਾਲੇ :


1. ਕੰਵਲਜੀਤ ਕੌਰ ਢਿੱਲੋਂ (ਸੰਪਾ.), ਹੱਕ-ਸੱਚ ਦਾ ਸੰਗਰਾਮ, ਪੰਨਾ-10

2. ਕੰਵਲਜੀਤ ਕੌਰ ਢਿੱਲੋਂ (ਸੰਪਾ.), ਹੱਕ-ਸੱਚ ਦਾ ਸੰਗਰਾਮ, ਪੰਨਾ-21-22

3. ਕੰਵਲਜੀਤ ਕੌਰ ਢਿੱਲੋਂ, ਨੱਥਾ ਸਿੰਘ ਭੂਰੀਵਾਲਾ - ਜੀਵਨ ਤੇ ਰਚਨਾ, ਪੰਨਾ-13

4. ਕੰਵਲਜੀਤ ਕੌਰ ਢਿੱਲੋਂ, ਪੰਜਾਬੀ ਆਲੋਚਨਾ ਅਤੇ ਵਿਚਾਰਧਾਰਾ, ਪੰਨਾ-7

5. ਕੰਵਲਜੀਤ ਕੌਰ ਢਿੱਲੋਂ, ਪੰਜਾਬੀ ਨਾਟਕ: ਵਿਚਾਰਧਾਰਕ ਪ੍ਰਵਿਰਤੀਆਂ, ਪੰਨਾ-18

6. Kanwaljit Kaur Dhillon, Honour Killing in Punjab – Shame and Silence. Page-85

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ



**ਜਗਦੀਸ਼ ਰਾਏ ਕੁਲਰੀਆਂ**

ਪੰਜਾਬੀ ਮਿੰਨੀ ਕਹਾਣੀ ਦੀ ਸੁਚੇਤ ਰੂਪ ਵਿਚ ਸਾਹਿਤਕ ਪਿੜ ਵਿਚ ਆਮਦ ਨੂੰ ਪੰਜ ਦਹਾਕਿਆਂ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ। ਇਸ ਅੱਧੀ ਸਦੀ ਵਿਚ ਬਹੁਤ ਸਾਰੀਆਂ ਗ਼ੌਰਤਲਬ ਮਿੰਨੀ ਕਹਾਣੀਆਂ ਦੀ ਸਿਰਜਣਾ ਹੋਈ ਹੈ, ਜਿੰਨ੍ਹਾਂ ਨੂੰ ਪਛਾਣ ਕੇ ਉਹਨਾਂ ਦਾ ਮੁਲਾਂਕਣ ਕਰਨ ਦੀ ਲੋੜ ਹੈ ਤਾਂ ਜੋ ਉੱਤਮ ਰਚਨਾਵਾਂ ਤੇ ਸਾਰਥਕ ਸੰਵਾਦ ਹੋ ਸਕੇ। ਭਾਵੇਂ ਕਿ ਅਕਾਦਮਿਕ ਹਲਕਿਆਂ ਵਿਚ ਇਸ ਤੇ ਖੋਜ ਕਾਰਜ ਘੱਟ ਹੋਇਆ ਹੈ, ਜਿਸ ਵਿਚ ਇਸ ਵਿਧਾ ਨੂੰ ਅਧਾਰ ਬਣਾਇਆ ਜਾਣਾ ਚਾਹੀਦਾ ਹੈ। ਯੂਨੀਵਰਸਿਟੀਆਂ ਨੂੰ ਪਹਿਲ ਦੇ ਅਧਾਰ ਤੇ ਨਵੇਂ ਸਾਹਿਤਕ ਰੂਪਾਂ ਤੇ ਖੋਜ ਕਰਵਾਉਣੀ ਚਾਹੀਦੀ ਹੈ ਤਾਂ ਜੋ ਇਹਨਾਂ ਨੂੰ ਚੰਗੀ ਦਿਸ਼ਾ ਪ੍ਰਦਾਨ ਕੀਤੀ ਜਾ ਸਕੇ। ਕੁਝ ਸਮਾਂ ਪਹਿਲਾਂ ਕੁਰੂਕਸ਼ੇਤਰਾ ਯੂਨੀਵਰਸਿਟੀ ਕੁਰੂਕਸ਼ੇਤਰਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ/ਖੋਜਾਰਥੀਆਂ ਨਾਲ ਮਿੰਨੀ ਕਹਾਣੀ ਤੇ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ ਤਾਂ ਮਹਿਸੂਸ ਹੋਇਆ ਕਿ ਭਾਵੇਂ ਦੂਸਰੀਆਂ ਵਿਧਾਵਾਂ ਦੇ ਮੁਕਾਬਲੇ ਇਸ ਵਿਧਾ ਤੇ ਕੰਮ ਘੱਟ ਹੋ ਰਿਹਾ ਹੈ, ਪਰ ਵਿਦਿਆਰਥੀਆਂ ਵਿਚ ਇਸ ਵਿਧਾ ਨੂੰ ਲੈ ਕੇ ਉਤਸ਼ਾਹ/ਰੁਚੀ ਜਰੂਰ ਹੈ। ਇਹ ਗੱਲ ਵੀ ਤਾਂ ਹੈ ਕਿ ਜੇਕਰ ਰੁਚੀ ਹੈ ਤਾਂ ਸੰਵਾਦ ਅੱਗੇ ਤੁਰੇਗਾ ਅਤੇ ਖੋਜ ਕਾਰਜ ਵੀ ਵਧੇਰੇ ਹੋਣਗੇ।

ਪੇਸ਼ਕਸ਼: ਜਗਦੀਸ਼ ਰਾਏ ਕੁਲਰੀਆਂ

**ਪ੍ਰਤਾਪ/ ਸੁਖਚੈਨ ਥਾਂਦੇਵਾਲਾ**

“ਬਾਬੇ ਨਿੰਮੇ ਨੇ ਮਣਾ ਲਿਆ ਫੇਰ ਕੱਲ੍ਹ ਬਾਬੇ ਰਵੀਦਾਸ ਦਾ ਜਨਮ ਦਿਨ?” ਗਲੀ ਵਿਚ ਤੁਰੇ ਆਉਂਦੇ ਜੋਰੇ ਨੰਬਰਦਾਰ ਨੇ ਆਪਣੇ ਬੂਹੇ ਅੱਗੇ ਗਲੀ ਵਿਚ ਖੁੰਢ ਉੱਤੇ ਬੈਠੇ ਨਿੰਮੇ ਮੋਚੀ ਨੂੰ ਸਰਸਰੀ ਪੁੱਛਿਆ। ਨਿੰਮਾਂ ਪਹਿਲਾਂ ਸੇਪੀ 'ਤੇ ਸਾਰੇ ਪਿੰਡ ਦੀਆਂ ਜੁੱਤੀਆਂ ਗੰਢਣ ਦਾ ਕੰਮ ਕਰਦਾ ਸੀ। ਹੁਣ ਉਹਦੇ ਪੁੱਤ ਤੇ ਪੋਤਰੇ ਨੇ ਅੱਡੇ ਉੱਤੇ ਜੁੱਤੀਆਂ ਦੀ ਦੁਕਾਨ ਕਰ ਲਈ ਸੀ। ਨਿੰਮਾ ਸੁਰਤ ਸੰਭਾਲਣ ਵੇਲੇ ਤੋਂ ਹੀ ਅੰਮ੍ਰਿਤਧਾਰੀ ਸੀ। ਹੁਣ ਉਹ ਅਕਸਰ ਹੀ ਵਿਹਲਾ ਖੁੰਢ ਸਭਾਵਾਂ ਤੇ ਗੁਰਗਿਆਨ ਦੀਆਂ ਗੱਲਾਂ ਵਿਚ ਰੁੱਝਿਆ ਰਹਿੰਦਾ ਸੀ। ਉਹ ਹਰ ਸਾਲ ਆਪਣੇ ਘਰ ਵਿਚ ਗੁਰੂ ਰਵੀਦਾਸ ਦੇ ਜਨਮ ਦਿਨ ਉੱਤੇ ਸਹਿਜ-ਪਾਠ ਦਾ ਭੋਗ ਪਾਉਂਦਾ ਸੀ। ਉਹਦਾ ਨਾਂ ਤਾਂ ਨਿਰਮਲ ਸਿੰਘ ਸੀ, ਪਰੰਤੂ ਪਿੰਡ ਦੇ ਲੋਕ ਉਸ ਨੂੰ “ਬਾਬਾ ਨਿੰਮਾ' ਕਹਿ ਕੇ ਬੁਲਾਉਂਦੇ ਸਨ ਤੇ ਪਿੱਠ ਪਿੱਛੇ ਉਸ ਨੂੰ 'ਨਿੰਮਾ ਮੋਚੀ' ਕਹਿ ਛੱਡਦੇ ਸਨ।

“ਹਮਾਤੜ ਗਰੀਬਾਂ ਨੇ ਬਾਬੇ ਦਾ ਕੀ ਜਨਮ ਦਿਨ ਮਨਾਉਣੈ, ਨੰਬਰਦਾਰਾ। ਐਵੇਂ ਮੁੰਡੇ ਨੇ ਵੀਹਰ ਕੇ ਕਾਰਡ ਵੰਡਤੇ ਪਿੰਡ 'ਚ, ਅਖੇ ਪੁੰਨ-ਦਾਨ ਹੋ ਜੂਗਾ। ਲੰਗਰ ਵੀ ਵਾਹਵਾ ਬਣਾ ਲਿਆ, ਪਰ 'ਕੱਠ ਹੋਇਆ ਨਾ। ਫੇਰ ਅੱਡੇ ਤੇ ਬੱਸਾਂ ਰੋਕ-ਰੋਕ ਕੇ ਛਕਾਇਆ ਲੋਕਾਂ ਨੂੰ। ਦੇਗ ਵੀ ਵਧ ਗਈ। ਜਲ-ਪ੍ਰਵਾਹ ਕਰਕੇ ਆਇਆ ਸਵੇਰੇ। ਸੱਚ ! ਨੰਬਰਦਾਰਾ, ਤੂੰ ਵੀ ਨ੍ਹੀਂ ਬਹੁੜਿਆ ਐਤਕੀਂ।” ਨਿੰਮੇ ਨੇ ਨਿਹੋਰੇ ਨਾਲ ਸਾਰੀ ਵਿਥਿਆ ਸੁਣਾਈ।

“ਬਾਬਾ, ਮੇਰੇ ਤਾਂ ਕੁੜਮਾਚਾਰੀ 'ਚ ਮੌਤ ਹੋਗੀ ਸੀ। ਕਲ ਸਸਕਾਰ 'ਤੇ ਗਿਆ ਸੀ। ਨਹੀਂ ਤਾਂ ਮੈਂ ਤਾਂ ਜਰੂਰ ਆਉਂਦਾ ਹੁਨਾਂ ਐਂ ਭੋਗ 'ਤੇ।” ਨੰਬਰਦਾਰ ਆਪਣਾ ਸਪਸ਼ਟੀਕਰਨ ਦੇ ਕੇ ਫੇਰ ਬੋਲਿਆ, “ਬਾਬਾ, ਅੱਜ ਕਨੇਡਾ ਵਾਲਿਆਂ ਦੇ ਬੁੜ੍ਹੇ ਦੀ ਬਰਸੀ 'ਤੇ ਨ੍ਹੀਂ ਜਾਣਾ ਤੂੰ?”“ਹਾਂ-ਹਾਂ, ਮੈਂ ਵੀ ਜਾਣੈ, ਤਿਆਰ ਆਂ।” ਨਿੰਮੇ ਨੇ ਸਾਫਾ ਮੋਢੇ ਤੇ ਰੱਖਿਆ ਤੇ ਉੱਠਦਿਆਂ ਬੋਲਿਆ, “ਨੰਬਰਦਾਰਾ, ਆਪਾਂ ਤਾਂ ਸਾਰੇ ਨਗਰ ਦੇ ਸਾਂਝੇ ਬੰਦੇ ਆਂ।” ਤੇ ਉਹ ਨੰਬਰਦਾਰ ਨਾਲ ਤੁਰ ਪਿਆ।

ਕਨੇਡਾ ਵਾਲਿਆਂ ਦੇ ਪਟੜੀ-ਫੇਰ ਇਲਾਕੇ ਤੋਂ ਬਹੁਤ ਲੋਕ ਪਹੁੰਚੇ ਹੋਏ ਸਨ।

ਕੋਠੀ ਦੇ ਸਾਹਮਣੇ ਖੁੱਲ੍ਹਾ ਮੈਦਾਨ ਕਾਰਾਂ, ਜੀਪਾਂ ਤੇ ਸਕੂਟਰਾਂ ਆਦਿ ਨਾਲ ਭਰਿਆ ਪਿਆ ਸੀ। ਰੰਗ-ਬਰੰਗੇ ਸ਼ਾਮਿਆਨੇ ਲੱਗੇ ਹੋਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਪੰਡਾਲ ਸੰਗਤ ਨਾਲ ਖਚਾਖਚ ਭਰਿਆ ਹੋਇਆ ਸੀ। ਮੱਥਾ ਟੇਕਣ ਵਾਲਿਆਂ ਦੀ ਲਾਈਨ ਲੱਗੀ ਹੋਈ ਸੀ। ਪ੍ਰਸਿੱਧ ਰਾਗੀ ਜੱਥੇ ਕੀਰਤਨ ਕਰ ਰਹੇ ਸਨ। ਕਨੇਡਾ ਵਾਲਾ ਸਰਦਾਰ ਸ਼ਾਹੀ ਲਿਬਾਸ ਵਿਚ ਸੰਗਤ ਦਰਮਿਆਨ ਬਿਰਾਜਮਾਨ ਸੀ। ਨਿੰਮਾ ਲਾਈਨ ਵਿਚ ਖੜ੍ਹਾ, ਕੱਲ੍ਹ ਆਪਣੇ ਘਰ ਪਏ ਭੋਗ ਤੇ ਅੱਜ ਪੈ ਰਹੇ ਭੋਗ ਦੇ ਫਰਕ ਬਾਰੇ ਸੋਚਣ ਲੱਗ ਪਿਆ। ਸਾਰੀ ਸੰਗਤ ਉਦੋਂ ਹੈਰਾਨ ਰਹਿ ਗਈ, ਜਦੋਂ ਨਿੰਮੇ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਫੇਰ ਕਨੇਡਾ ਵਾਲੇ ਸਰਦਾਰ ਨੂੰ ਜਾ ਮੱਥਾ ਟੇਕਿਆ। ਸਰਦਾਰ ਨੇ

ਦੋਹਾਂ ਹੱਥਾਂ ਨਾਲ ਰੋਕਦਿਆਂ ਕਿਹਾ, "ਬਾਬਾ, ਤੂੰ ਤਾਂ ਪੁਰਾਣਾ ਅੰਮ੍ਰਿਤਧਾਰੀ ਸਿੰਘ ਐਂ, ਤੈਨੂੰ ਤਾਂ ਪਤਾ ਈ ਐ ਕਿ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੋਈ ਨਹੀਂ ਹੁੰਦਾ। ਫੇਰ ਮੇਰੇ 'ਤੇ ਕਿਉਂ ਭਾਰ ਚਾੜ੍ਹਦੈਂ।"

ਅੱਗੋਂ ਨਿੰਮੇ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਨਹੀਂ ਸਰਦਾਰਾ, ਸਾਰਾ ਤੇਰਾ ਈ ਪ੍ਰਤਾਪ ਐ। ਗੁਰੂ ਗ੍ਰੰਥ ਸਾਹਿਬ ਦਾ ਭੋਗ ਤਾਂ ਹਮਾਤੜ ਦੇ ਘਰ ਵੀ ਪਿਆ ਸੀ। ਸਾਰੇ ਨਗਰ ਵਿਚ ਘਰ-ਘਰ ਕਾਰਡ ਵੀ ਵੰਡੇ ਸਨ, ਪਰ ਮਸਾਂ ਹੀ ਕੋਈ ਟਾਵਾਂ-ਟੱਲਾ ਅਪੜਿਆ।"

—o—

**ਪਰਾਲੀ ਦਾ ਸੇਕ/ਡਾ. ਕਰਮਜੀਤ ਸਿੰਘ ਨਡਾਲਾ**

ਮਿੱਲ ਦੀਆਂ ਭੱਠੀਆਂ ਨੂੰ ਚਲਾਉਣ ਲਈ ਪਰਾਲੀ ਬਾਲੀ ਜਾਂਦੀ ਸੀ ਤੇ ਜਦੋਂ ਦੀ ਇਹ ਮਿੱਲ ਲੱਗੀ, ਉਹ ਉਦੋਂ ਤੋਂ ਹੀ ਗੱਡੇ ਉੱਤੇ ਪਰਾਲੀ ਢੋਅ ਰਿਹਾ ਸੀ। ਸੀਜਨ ਵਿੱਚ ਮਸਾਂ ਪੰਜ-ਸੱਤ ਹਜ਼ਾਰ ਬਣਦਾ। ਬਥੇਰਾ ਜ਼ੋਰ ਲਾਉਂਦਾ। ਪਰ ਆਖਰ ਗੱਡੇ ਅਤੇ ਝੋਟਿਆਂ ਨੇ ਤਾਂ ਆਪਣੀ ਹੀ ਚਾਲੇ ਚੱਲਣੈਂ। ਘਰਾਂ ਦੇ ਸੌ ਖਰਚੇ।

ਆਂਢੀ-ਗੁਆਂਢੀ ਟਰੈਕਟਰਾਂ ਵਾਲੇ ਫੇਰੇ ਲਾ-ਲਾ ਕੇ ਮਾਲੋ-ਮਾਲ ਹੋ ਗਏ ਸਨ। ਭੰਤੇ ਨੂੰ ਇਹ ਕੁਝ ਦੇਖ ਕੇ ਆਪਣਾ-ਆਪ ਖੇਤ ਵਿੱਚ ਖੜੇ ਡਰਨੇ ਵਰਗਾ ਮਹਿਸੂਸ ਹੋਣ ਲੱਗ ਜਾਂਦਾ। ਉਹ ਗੁੱਸੇ ਵਿੱਚ ਡੰਗਰਾਂ ਦੀ ਚਾਲ ਤੇਜ ਕਰਨ ਲਈ ਅੰਨ੍ਹੇਵਾਹ ਸੋਟੀਆਂ ਮਾਰਦਾ।

ਉਸ ਦੇ ਨਾਲ ਮਿੱਟੀ ਹੋਈ ਰਹਿੰਦੀ ਮਿੰਦੋ ਨੂੰ ਕਦੇ ਵੀ ਚੱਜ ਦਾ ਲੀੜਾ ਨਹੀਂ ਸੀ ਜੁੜਿਆ। ਪਰ ਜਦੋਂ ਟਰੈਕਟਰ ਲੈਣ ਦੀ ਗੱਲ ਹੋਈ ਤਾਂ ਉਸ ਨੇ ਸਾਰੀਆਂ ਟੂੰਮਾਂ ਅੱਗੇ ਲਿਆ ਧਰੀਆਂ। ਕਹਿੰਦੀ ਇਹ ਮੇਰੇ ਕਿਸ ਕੰਮ ਨੇ।

ਮੁੰਡੇ ਦੀ ਦੁਬਈ ਜਾ ਕੇ ਕਮਾਈ ਕਰਨ ਦੀ ਰੀਝ ਨੂੰ ਉਹ ਹਰ ਵਾਰ ਅਗਲੇ ਸੀਜਨ ਬਾਅਦ ਜਰੂਰ ਭੇਜਣ ਲਈ ਕਹਿ ਕੇ ਟਾਲ ਦਿੰਦਾ।

ਘਰਵਾਲੀ ਦੀਆਂ ਟੂੰਮਾਂ ਤੇ ਥੋੜ੍ਹੀ ਜਮੀਨ ਗਹਿਣੇ ਪਾ, ਪੈਸੇ ਬੈਂਕ ਵਿੱਚ ਜਮ੍ਹਾਂ ਕਰਵਾ ਕੇ ਟਰੈਕਟਰ ਕਰਜ਼ੇ 'ਤੇ ਲੈ ਲਿਆ।

ਟਰੈਕਟਰ ਖਰੀਦਣ ਤੋਂ ਬਾਅਦ ਉਸ ਨੇ ਮਨ ਵਿੱਚ ਸੋਚ ਲਿਆ ਕਿ ਮੁਟਿਆਰ ਧੀ ਦੇ ਵਿਆਹ, ਘਰ ਦਾ ਮੂੰਹ-ਮੱਥਾ ਤੇ ਘਰਵਾਲੀ ਦੀ ਦਿੱਖ ਸੰਵਾਰਨ ਲਈ ਇਸ ਵਾਰੀ ਦੱਬ ਕੇ ਮਿਹਨਤ ਕਰੇਗਾ ਤੇ ਸਾਰੇ ਧੋਣੇ ਧੋ ਦੇਵੇਗਾ।

ਝੋਨਾ ਵੱਢਣ ਤੋਂ ਪਹਿਲਾਂ ਹੀ ਉਸ ਨੇ ਲੋਕਾਂ ਨਾਲ ਸਾਈਆਂ ਲਾ ਲਈਆਂ। ਮੁੰਡਾ ਵੀ ਐਤਕੀਂ ਰੀਝ ਪੂਰੀ ਹੁੰਦੀ ਦੇਖਕੇ, ਪੂਰੀ ਤਰ੍ਹਾਂ ਬਾਪੂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਨੂੰ ਤਿਆਰ ਸੀ।

ਰੇਟ ਵੀ ਐਤਕੀਂ ਵੱਧ ਨਿਕਲਿਆ। ਉਹ ਹੋਰ ਵੀ ਅੰਦਰੋਂ-ਅੰਦਰ ਛਾਲਾਂ ਮਾਰ ਰਿਹਾ ਸੀ। ਬੈਂਕ ਦੀਆਂ ਕਿਸ਼ਤਾਂ ਸਮੇਂ-ਸਿਰ ਚੁਕਾ ਦਿਆਂਗਾ।

ਝੋਨੇ ਦੀ ਵਾਢੀ ਸ਼ੁਰੂ ਹੋ ਗਈ। ਪਰਾਲੀ ਦੀ ਪਹਿਲੀ ਟਰਾਲੀ ਲੱਦ ਕੇ ਉਹ ਚਾਈਂ-ਚਾਈਂ ਲੋਕਾਂ ਸਮੇਤ ਮਿੱਲ ਦੇ ਗੇਟ ਦੇ ਸਾਹਮਣੇ ਪਹੁੰਚਿਆਂ ਤਾਂ ਗੇਟਕੀਪਰ ਨੇ ਸਹਿਜ ਭਾਅ ਨਾਲ ਕਿਹਾ, "ਇਸ ਵਾਰ ਪਰਾਲੀ ਨਹੀਂ ਸਟਵਾਉਣੀ।"

"ਕਿਉਂ?"

"ਗੌਰਮਿੰਟ ਨੇ ਧੂਏਂ ਤੇ ਸੁਆਹ ਦੇ ਪਰਦੂਸ਼ਣ ਤੋਂ ਬਚਣ ਲਈ ਬਿਜਲੀ 'ਤੇ ਚੱਲਣ ਵਾਲਾ ਬਾਇਲਰ ਲਗਾ ਦਿੱਤੈ।"

"ਹੈਂ!"

ਭੰਤੇ ਨੂੰ ਇੰਜ ਲੱਗਾ ਜਿਵੇਂ ਉਹ ਮਿੱਲ ਦੀ ਭੱਠੀ ਦੇ ਸੇਕ ਵਿੱਚ ਪੂਰੇ ਦਾ ਪੂਰਾ ਸੜ ਗਿਆ ਹੋਵੇ।

—o—

**ਰਿਸ਼ਤੇ ਦਾ ਨਾਮਕਰਨ/ ਐਡਵੋਕੇਟ ਦਲੀਪ ਸਿੰਘ ਵਾਸਨ**

ਉਜਾੜ ਜਿਹੇ ਰੇਲਵੇ ਸਟੇਸ਼ਨ 'ਤੇ ਇਕੱਲੀ ਬੈਠੀ ਲੜਕੀ ਨੂੰ ਮੈਂ ਪੁੱਛਿਆ ਤਾਂ ਉਸ ਦੱਸਿਆ ਕਿ ਉਹ ਮਾਸਟਰਨੀ ਲੱਗ ਕੇ ਆਈ ਹੈ। ਰਾਤੀਂ ਸਟੇਸ਼ਨ 'ਤੇ ਹੀ ਰਹੇਗੀ। ਸਵੇਰੇ ਉੱਥੋਂ ਹੀ ਜਾ ਡਿਊਟੀ 'ਤੇ ਹਾਜਰ ਹੋਵੇਗੀ। ਮੈਂ ਇਸੇ ਪਿੰਡ 'ਚ ਮਾਸਟਰ ਲੱਗਿਆ ਹੋਇਆ ਸਾਂ। ਪਹਿਲੋਂ ਵਾਪਰੀਆਂ ਇਕ-ਦੋ ਘਟਨਾਵਾਂ ਬਾਰੇ ਮੈਂ ਉਸਨੂੰ ਜਾਣਕਾਰੀ ਦਿੱਤੀ।

"ਤੁਹਾਡਾ ਰਾਤੀਂ ਇੱਥੇ ਠਹਿਰਨਾ ਠੀਕ ਨਹੀਂ। ਮੇਰੇ ਨਾਲ ਚੱਲੋ, ਮੈਂ ਕਿਸੇ ਘਰ ਤੁਹਾਡਾ ਰਾਤ ਰਹਿਣ ਦਾ ਪ੍ਰਬੰਧ ਕਰ ਦਿੰਦਾ ਹਾਂ।"

ਜਦੋਂ ਅਸੀਂ ਪਿੰਡ ਵਿਚੋਂ ਲੰਘ ਰਹੇ ਸਾਂ ਤਾਂ ਮੈਂ ਇਸ਼ਾਰਾ ਕਰ ਕੇ ਦੱਸਿਆ ਕਿ ਮੈਂ ਇਸ ਚੁਬਾਰੇ ਵਿਚ ਰਹਿੰਦਾ ਹਾਂ। ਅਟੈਚੀ ਧਰਤੀ 'ਤੇ ਰੱਖਕੇ ਉਹ ਆਖਣ ਲੱਗੀ, "ਥੋੜ੍ਹਾ ਚਿਰ ਤੁਹਾਡੇ ਕਮਰੇ ਵਿਚ ਹੀ ਠਹਿਰ ਜਾਂਦੇ ਹਾਂ। ਮੈਂ ਮੂੰਹ-ਹੱਥ ਧੋ ਕੇ ਕੱਪੜੇ ਬਦਲ ਲਵਾਂਗੀ।"

ਬਿਨਾਂ ਅੱਗੋਂ ਕੋਈ ਵਾਰਤਾਲਾਪ ਤੋਰੇ ਅਸੀਂ ਦੋਵੇਂ ਕਮਰੇ ਵਿਚ ਆ ਗਏ ਸਾਂ।

"ਤੁਹਾਡੇ ਨਾਲ ਹੋਰ ਕੌਣ ਰਹਿੰਦਾ ਹੈ?"

"ਮੈਂ ਇਕੱਲਾ ਹੀ ਰਹਿੰਦਾ ਹਾਂ।"

"ਬਿਸਤਰੇ ਤਾਂ ਦੋ ਲੱਗੇ ਹੋਏ ਨੇ?"

"ਕਦੀ ਮੇਰੀ ਮਾਂ ਆ ਜਾਂਦੀ ਏ।"

ਗੁਸਲਖਾਨੇ 'ਚ ਜਾ ਕੇ ਉਸਨੇ ਮੂੰਹ-ਹੱਥ ਧੋਤੇ। ਕੱਪੜੇ ਬਦਲੇ। ਮੈਂ ਇੰਨੇ ਚਿਰ 'ਚ ਚਾਹ ਦੇ ਦੋ ਕੱਪ ਬਣਾ ਲਏ।

"ਤੁਸੀਂ ਰਸੋਈ ਵੀ ਰੱਖੀ ਹੋਈ ਏ?"

"ਇੱਥੇ ਕਿਹੜੇ ਹੋਟਲ ਨੇ।"

"ਫਿਰ ਤਾਂ ਰੋਟੀ ਵੀ ਮੈਂ ਇੱਥੇ ਹੀ ਖਾਵਾਂਗੀ।"

ਗੱਲਾਂ-ਗੱਲਾਂ ਵਿਚ ਰਾਤ ਬਹੁਤ ਲੰਘ ਗਈ ਸੀ ਤੇ ਉਹ ਮਾਂ ਜੀ ਦੇ ਬਿਸਤਰੇ ਉੱਤੇ ਲੰਮੀ ਵੀ ਪੈ ਗਈ ਸੀ।

ਮੈਂ ਸੌਣ ਦੀ ਬਹੁਤ ਕੋਸ਼ਿਸ਼ ਕਰ ਰਿਹਾ ਸਾਂ। ਪਰ ਨੀਂਦਰ ਹੀ ਨਹੀਂ ਸੀ ਆ ਰਹੀ। ਮੈਂ ਕਈ ਵਾਰੀ ਉੱਠਕੇ ਉਸਦੇ ਮੰਜੇ ਤੱਕ ਗਿਆ ਸਾਂ। ਉਸਤੇ ਹੈਰਾਨ ਸਾਂ। ਮੇਰੇ ਵਿਚ ਮਰਦ ਜਾਗ ਰਿਹਾ ਸੀ। ਪਰ ਉਸ ਵਿਚ ਵੱਸਦੀ ਔਰਤ ਘੂਕ ਸੁੱਤੀ ਪਈ ਸੀ।

ਮੈਂ ਪੌੜੀਆਂ ਚੜ੍ਹ ਕੋਠੇ ਉੱਤੇ ਜਾ ਕੇ ਟਹਿਲਣ ਲੱਗ ਪਿਆ ਸਾਂ।

ਕੁਝ ਚਿਰ ਬਾਅਦ ਉਹ ਵੀ ਕੋਠੇ ਉੱਤੇ ਆ ਗਈ। ਚੁੱਪ-ਚੁਪੀਤੀ ਟਹਿਲਣ ਲੱਗ ਪਈ।

"ਜਾ ਕੇ ਸੌਂ ਜਾਓ। ਸਵੇਰੇ ਤੁਸੀਂ ਡਊਟੀ ਜਾ ਕੇ ਹਾਜਰੀ ਦੇਣੀ ਐ, "ਮੈਂ ਕਿਹਾ।

"ਤੁਸੀਂ ਸੁੱਤੇ ਨਹੀਂ?"

"ਮੈਂ ਕਾਫੀ ਚਿਰ ਸੁੱਤਾ ਰਿਹਾ ਹਾਂ।"

"ਝੂਠ।"

" "

ਉਹ ਬਿਲਕੁਲ ਰੂ-ਬ-ਰੂ ਆ ਖਲੋਤੀ, "ਅਗਰ ਮੈਂ ਤੁਹਾਡੀ ਛੋਟੀ ਭੈਣ ਹੁੰਦੀ ਤਾਂ ਤੁਸੀਂ ਉਨੀਂਦਰੇ ਵਿਚ ਨਹੀਂ ਸੀ ਰਹਿਣਾ।"

"ਨਹੀਂ-ਨਹੀਂ, ਐਸੀ ਕੋਈ ਗੱਲ ਨਹੀਂ।"

ਤੇ ਮੈਂ ਉਸਦੇ ਸਿਰ ਉੱਤੇ ਹੱਥ ਫੇਰ ਦਿੱਤਾ।

—o—

**ਬਜ਼ੁਰਗ / ਰਸ਼ੀਦ ਅੱਬਾਸ**

ਹਾੜ ਦੇ ਮਹੀਨੇ ਹੈਦਰ ਸ਼ੇਖ ਦੇ ਜੇਠੀ ਚੌਂਕੀ ਕਾਰਨ ਬਾਜ਼ਾਰ ਵਿਚ ਭੀੜ ਸੀ। ਰੇਹੜੀ ਉੱਪਰ ਸਰੀਆ ਲੱਦੀ ਆ ਰਿਹਾ ਇਕ ਮਜਦੂਰ ਜਦੋਂ ਭੀੜ ਤੋਂ ਬਚਾਉਂਦਾ ਹੋਇਆ ਰੇਹੜੀ ਸੜਕ ਕਿਨਾਰੇ ਖੜੇ ਇਕ ਮੋਟਰ ਸਾਈਕਲ ਲਾਗਿਓਂ ਕੱਢਣ ਲੱਗਾ ਤਾਂ ਰੇਹੜੀ ਉੱਪਰ ਲੱਦਿਆ ਸਰੀਆ ਮੋਟਰ ਸਾਈਕਲ ਨਾਲ ਖਹਿਣ ਲੱਗਿਆ।

"ਦੇਖੀਂ ਬਜ਼ੁਰਗਾ ! ਕਿਤੇ ਹੋਰ ਨੁਕਸਾਨ ਈ ਨਾ ਕਰਦੀਂ ਇਕ ਪਾਸੇ ਕਰਕੇ ਕੱਢ ਲੈ ਸਰੀਆ ਵੀ ਸਾਰੇ ਸ਼ਹਿਰ ਦਾ ਈ ਲੱਦੀ ਫਿਰਦੈਂ।" ਮੋਟਰ ਸਾਈਕਲ ਦੀ ਫਿਕਰ ਵਿਚ, ਸ਼ਾਪਿੰਗ ਅੱਧ ਵਿਚਾਲੇ ਛੱਡ, ਮਾਸਟਰ ਮਿੰਦਰ ਸਿੰਘ ਸ਼ੋਅ ਰੂਮ ਵਿੱਚੋਂ ਤੇਜੀ ਨਾਲ ਬਾਹਰ ਆਉਂਦੇ ਹੋਏ ਬੋਲਿਆ।

"ਸਾਸਰੀ ਕਾਲ ਮਾਸਟਰ ਜੀ !" ਮਜ਼ਦੂਰ ਨੇ ਨਿਮਰਤਾ ਪੂਰਵਕ ਹੱਥ ਜੋੜਦਿਆਂ ਕਿਹਾ।

"ਸਤਿ ਸ੍ਰੀ ਅਕਾਲ ! ਬਜ਼ੁਰਗਾ, ਤੂੰ ਐਨਾ ਸਰੀਆ ਕਿਉਂ ਲੱਦਿਆ? ਆਪਣੀ ਉਮਰ ਦਾ ਤਾਂ ਖਿਆਲ ਕਰਿਆ ਕਰ।" ਮਜ਼ਦੂਰ ਦੀ ਧੌਲੀ ਦਾੜ੍ਹੀ ਤੇ ਖਸਤਾ ਸਿਹਤ ਵੱਲ ਵੇਖਦਿਆਂ ਮਾਸਟਰ ਜੀ ਨੇ ਆਪਣੀ ਡਾਈ ਕੀਤੀ ਦਾੜ੍ਹੀ ਤੇ ਹੱਥ ਫੇਰਦਿਆਂ ਹਮਦਰਦੀ ਭਰੇ ਲਹਿਜੇ ਵਿਚ ਕਿਹਾ।

"ਮਾਸਟਰ ਜੀ ਤੁਸੀਂ ਸ਼ੈਦ ਪਛਾਣਿਆ ਨੀਂ ਤਾਹੀਓਂ ਮੈਨੂੰ ਬਾਰ-ਬਾਰ ਬਜ਼ੁਰਗ ਕਹੀ ਜਾਨੇ ਓਂ ..ਮੈਂ ਬੰਤਾ ਆਂ ਥੋਡਾ ਸ਼ਗਿਰਦ ਰੁੜਕੀ ਪਿੰਡ ਦੇ ਵਿਹੜੇ ਆਲਾ।" ਪਰਨੇ ਨਾਲ ਮੁੜ੍ਹਕਾ ਸਾਫ ਕਰਦਿਆਂ ਮਜਦੂਰ ਨੇ ਕਿਹਾ।

ਭੀੜ ਦੇ ਧੱਕਿਆਂ ਕਾਰਨ ਬੰਤਾ ਰੇਹੜੀ ਧੱਕਦਾ ਅੱਗੇ ਹੋ ਗਿਆ ਅਤੇ ਮਾਸਟਰ ਜੀ ਧੱਕਿਆਂ ਤੋਂ ਬੇਸੁਧ ਖੜੇ ਪੰਦਰਾਂ-ਵੀਹ ਸਾਲ ਪਹਿਲੇ ਉਹਨਾਂ ਦਿਨਾਂ ਬਾਰੇ ਸੋਚਣ ਲੱਗੇ ਜਦੋਂ ਬੰਤਾ ਦਸਵੀਂ ਜਮਾਤ ਦਾ ਹੋਣਹਾਰ ਵਿਦਿਆਰਥੀ ਸੀ।

—o—

**ਨਿੱਘ/ ਕਰਮਵੀਰ ਸਿੰਘ ਸੂਰੀ**

ਜਗਤਾਰ ਕੋਲ ਇਨ੍ਹਾਂ ਸਰਦੀਆਂ ਵਿੱਚ ਮਾਂ ਦਾ ਬੁਣਿਆ ਕੋਈ ਸਵੈਟਰ ਨਹੀਂ ਸੀ। ਜਦੋਂ ਉਸ ਦਾ ਬੇਟਾ ਕਾਲਿਜ 'ਚ ਦਾਖਿਲ ਹੋਇਆ, ਤਾਂ ਮਾਂ ਨੇ ਬੜੇ ਚਾਅ ਨਾਲ ਪੋਤਰੇ ਲਈ ਤੇ ਪੁੱਤਰ ਦੋਹਾਂ ਲਈ ਆਪਣੇ ਹੱਥਾਂ ਨਾਲ ਬੁਣ ਕੇ ਇੱਕ-ਇੱਕ ਸਵੈਟਰ ਉਨ੍ਹਾਂ ਨੂੰ ਦਿੱਤਾ। ਉਨ੍ਹਾਂ ਸਵੈਟਰਾਂ ਦੀ ਬੁਣਤੀ ਇਨੀ ਸੁਹਣੀ ਤੇ ਨਿਵੇਕਲੀ ਸੀ ਕਿ ਮੁਹੱਲੇ ਦੀਆਂ ਔਰਤਾਂ ਜਗਤਾਰ ਦੇ ਪੁੱਤਰ ਨੂੰ ਰੋਕ-ਰੋਕ ਕੇ ਬੁਣਤੀ ਦੇਖਣ ਤੇ ਸਮਝਣ ਲੱਗ ਪੈਂਦੀਆਂ।

ਜਗਤਾਰ ਤਾਂ ਪੂਰੀਆਂ ਸਰਦੀਆਂ ਉਹੀ ਸਵੈਟਰ

ਪਾਉਂਦਾ, ਜਦੋਂ ਮੈਲਾ ਹੋ ਜਾਂਦਾ ਤਾਂ ਧੋਅ ਕੇ ਫੇਰ ਉਸੇ ਨੂੰ ਹੀ ਪਾ ਲੈਂਦਾ। ਉਸਨੂੰ ਉਸ ਵਿੱਚ ਬੜਾ ਨਿੱਘ ਮਹਿਸੂਸ ਹੁੰਦਾ ਤੇ ਉਹ ਆਪਣੇ -ਆਪ ਨੂੰ ਮਹਿਫੂਜ਼ ਵੀ ਸਮਝਦਾ। ਸ਼ਾਇਦ ਉਸ ਵਿਚ ਮਾਂ ਦੇ ਹੱਥਾਂ ਦੀ ਨਿੱਘੀ ਛੁਹ ਸੀ।

ਉਸ ਦੇ ਬੇਟੇ ਨੇ ਇਕੋ ਸਰਦੀਆਂ ਸਵੈਟਰ ਪਾਇਆ ਤੇ ਫੇਰ ਪਰ੍ਹਾਂ ਸੁੱਟ ਦਿੱਤਾ। ਨਵੀਂ ਪੀੜ੍ਹੀ ਦਾ ਮਨ ਜਲਦੀ ਹੀ ਭਰ ਜਾਂਦਾ ਹੈ, ਜਗਤਾਰ ਸੋਚਦਾ।

ਜਗਤਾਰ ਦੀ ਮਾਂ ਨੂੰ ਪੂਰਿਆਂ ਹੋਏ ਛੇ ਸਾਲ ਹੋ ਗਏ ਸਨ। ਸਰਦੀਆਂ ਫੇਰ ਆ ਗਈਆਂ ਸਨ। ਉਸ ਦੇ ਬੇਟੇ ਦੀ ਪੜ੍ਹਾਈ ਪੂਰੀ ਹੋ ਗਈ ਸੀ। ਤੇ ਉਹ ਸਰਕਾਰੀ ਨੌਕਰੀ 'ਤੇ ਲੱਗ ਗਿਆ ਸੀ। ਉਹ ਆਪਣੀ ਪਹਿਲੀ ਤਨਖਾਹ 'ਚੋਂ ਜਗਤਾਰ ਲਈ ਇੱਕ ਬਰੈਂਡਿਡ ਸਵੈਟਰ ਲਿਆਇਆ। ਦੋਸਤ-ਮਿੱਤਰ ਕਹਿੰਦੇ ਕਿ ਉਸ ਤੇ ਉਹ ਕਾਫੀ ਫੱਬਿਆਂ ਤੇ ਜੱਚਿਆ ਹੈ। ਉਸ ਦੀ ਪਤਨੀ ਨੇ ਪਿਛਲੇ ਸਾਲ, ਉਸਨੂੰ ਬਿਨਾ ਪੁੱਛੇ, ਮਾਂ ਦਾ ਬਣਿਆ ਸਵੈਟਰ ਬਰਤਨਾਂ -ਵਾਲੀ ਨੂੰ ਦੇ ਦਿੱਤਾ ਸੀ, ਇਹ ਸੋਚ ਕੇ ਕਿ ਬਥੇਰਾ ਪਾ ਲਿਆ ਹੈ ਤੇ ਘਸ ਕੇ ਹੁਣ ਨਿੱਘਾ ਵੀ ਨਹੀਂ ਰਿਹਾ ਹੋਣਾ।

ਹਾਲਾਂਕਿ, ਜਗਤਾਰ ਉਸ ਘਸੇ ਹੋਏ ਸਵੈਟਰ ਨੂੰ ਵੀ ਕਮੀਜ਼ ਦੇ ਥੱਲਿਓਂ ਦੀ ਪਾਉਂਦਾ ਆ ਰਿਹਾ ਸੀ। ਸੀਨੇ ਨੂੰ ਲਗਾ ਕੇ ਉਹ ਉਸਨੂੰ ਸਗੋਂ ਵਧੇਰੇ ਨਿੱਘ ਦਿੰਦਾ ਮਹਿਸੂਸ ਹੁੰਦਾ ਸੀ। ਉਹ ਕਿਸੇ ਕੀਮਤ 'ਤੇ ਵੀ ਉਸ ਤੋਂ ਅੱਡ ਨਹੀਂ ਲੋਚਦਾ ਸੀ। ਉਸ ਕੋਲ ਇਹ ਮਾਂ ਦੀ ਨਿਸ਼ਾਨੀ ਸੀ, ਜਿਸ 'ਚ ਇਕ ਮੋਹ ਤੇ ਨਿੱਘ ਸੀ, ਜਿਸਦੀ ਕਦਰ ਉਸੇ ਨੂੰ ਸੀ। ਬੇਟੇ ਵੱਲੋਂ ਦਿੱਤੇ ਬਰੈਂਡਿਡ ਤੇ ਮਸ਼ੀਨੀ ਸਵੈਟਰ ਵਿਚ ਜਗਤਾਰ ਨੰ ਠੰਢ ਤੇ ਕਾਂਬਾ ਮਹਿਸੂਸ ਹੋ ਰਿਹਾ ਸੀ, ਕਿਉਂ ਜੋ ਕਮੀਜ਼ ਦੇ ਹੇਠਾਂ ਮਾਂ ਦੀਆਂ ਉਂਗਲਾਂ ਦੀ ਛੁਹ ਮਨਫ਼ੀ ਸੀ।

—o—

**ਰਿਸ਼ਤਾ / ਪ੍ਰਿੰ: ਸੁਲੱਖਣ ਮੀਤ**

ਭੇਤੀ ਨੇ ਜੰਗੀਰੇ ਚੋਰ ਨੂੰ ਦੱਸਿਆ, "ਅੱਜ ਰੁਪਾਲੇ ਚੋਰੀ ਹੋ ਸਕਦੀ ਐ।"

"ਕਿਮੇਂ?" ਜੰਗੀਰੇ ਚੋਰ ਦੀਆਂ ਖੁਸ਼ੀ ਵਿਚ ਅੱਖਾਂ ਟੱਡੀਆਂ ਗਈਆਂ।

"ਘਰ ਆਲਾ ਘਰ ਨ੍ਹੀ।" ਭੇਤੀ ਦੀਆਂ ਅੱਖਾਂ ਵੀ ਟੱਡੀਆਂ ਹੋਈਆਂ ਸਨ।

"ਠੀਕ ਆ।" ਜੰਗੀਰੇ ਚੋਰ ਨੇ ਕੁਤਰੀਆਂ ਮੁੱਛਾਂ ਨੂੰ ਵੱਟ ਦਿੱਤਾ।

ਕੁੱਕੜ ਬੋਲਣ ਤੋਂ ਪਹਿਲਾਂ ਹੀ ਜੰਗੀਰਾ ਚੋਰ ਭੇਤੀ ਵਲੋਂ ਦੱਸੇ ਘਰ ਪਹੁੰਚ ਗਿਆ। ਅਗਲੇ ਪਲ ਟਰੰਕਾਂ ਅਤੇ ਪੇਟੀ ਕੋਲ ਖਲੋਤਾ ਸੀ।

ਤੇਜੋ ਨੂੰ ਚੋਰ ਦਾ ਸ਼ੱਕ ਹੋਇਆ। ਉਹ ਮਲਕੜੇ ਜਿਹੇ ਮੰਜੀ ਤੋਂ ਉੱਠੀ। ਬਿੱਲੀ ਵਾਂਗ ਦੱਬਵੇਂ ਪੈਰੀਂ ਉਹ ਸਵਿੱਚ ਕੋਲ ਪੁੱਜੀ। ਬਲਬ ਜਗਿਆਂ ਤਾਂ ਸੱਚ ਮੁੱਚ ਹੀ ਸਾਹਮਣੇ ਇਕ ਬੰਦਾ ਖੜ੍ਹਾ ਸੀ। 'ਚੋਰ' ਸ਼ਬਦ ਜਿਵੇਂ ਉਹ ਦੇ ਸੰਘ ਵਿਚ ਹੀ ਅੜ ਗਿਆ ਸੀ। ਤੇਜੋ ਅਤੇ ਜੰਗੀਰੇ ਨੇ ਇਕ ਦੂਜੇ ਨੂੰ ਪਹਿਚਾਣ ਲਿਆ ਸੀ। ਜੰਗੀਰੇ ਚੋਰ ਦੀਆਂ ਅੱਖਾਂ ਇਕ ਦਮ ਝੁਕ ਗਈਆਂ। ਤੇਜੋ ਨੂੰ ਪੁੱਛਿਆ, "ਵੇ ਜੰਗੀਰਿਆ, ਤੈਨੂੰ ਭੈਣ ਦਾ ਘਰ ਈਂ ਥਿਆਇਆ ਤੀ ਚੋਰੀ ਕਰਨ ਨੂੰ?"

"ਮੈਂ ਸੋਚਿਆ ਤਾਂ ਸੀ ਬਈ ਸਾਡੇ ਪਿੰਡੋਂ ਇਕ ਕੁੜੀ ਰੁਪਾਲੋਂ ਬਿਆਹੀ ਬੀ ਤਾਂ ਹੈ, ਪਰ ਮੈਨੂੰ ਕੀ ਪਤਾ ਸੀ ਬਈ ਤੂੰ ਇਸੇ ਘਰ ਐਂ।" ਕਹਿ ਕੇ ਜੰਗੀਰਾ ਚੋਰ ਦਿਹਲੀ ਟੱਪਣ ਲੱਗਾ।

"ਹੁਣ ਕਿਧਰ ਜੰਗੀਰਿਆਂ?" ਤੇਜੋ ਨੇ ਉਸ ਦੀ ਬਾਂਹ ਫੜਦਿਆਂ ਕਿਹਾ।

"ਪਿੰਡ!" ਜੰਗੀਰੇ ਚੋਰ ਨੇ ਤੇਜੋ ਵੱਲ ਅਣਦੇਖਿਆਂ ਹੀ ਕਿਹਾ।

"ਬਹਿ ਜਾ। ਚਾਹ ਪੀ ਕੇ ਜਾਈਂ ਹੁਣ। ਮੈਂ ਚਾਹ ਧਰੀ ਆਂ।"

ਜੰਗੀਰਾ ਚੋਰ ਤੇਜੋ ਦੀ ਗੱਲ ਉੱਤੇ ਹੈਰਾਨ ਹੁੰਦਾ ਇਕ ਬੱਚੇ ਦੇ ਮੰਜੇ ਉੱਤੇ ਬੈਠ ਗਿਆ। ਚਾਹ ਆਉਣ ਤੀਕ ਜਿਵੇਂ ਉਹ ਪਛਤਾਉਂਦਾ ਹੀ ਰਿਹਾ। ਚਾਹ ਪੀ ਕੇ ਤੁਰਨ ਲੱਗਿਆ ਜੰਗੀਰੇ ਨੇ ਫਤੂਹੀ ਵਿਚੋਂ ਦਸਾਂ ਦਾ ਨੋਟ ਕਢਿਆ। ਫਿਰ ਉਸ ਨੇ ਉਹ ਨੋਟ ਤੇਜੋ ਦੇ ਠਰੇ ਜਿਹੇ ਹੱਥ ਵਿਚ ਘਸੋੜ ਜਿਹਾ ਦਿੱਤਾ।

"ਵੇ ਕੋਹੜੀਆਂ ਆਹ ਕੀ?" ਤੇਜੋ ਨੇ ਮੁਸੇ ਜਿਹੇ ਨੋਟ ਵੱਲ ਦੇਖਦਿਆਂ ਪੁਛਿਆ।

"ਇਹ ਭਰਾ ਦਾ ਫਰਜ਼ ਬਣਦੈ ਭੈਣੇ।" ਕਹਿ ਕੇ ਜੰਗੀਰਾ ਇਕ ਦਮ ਦਿਹਲੀਆਂ ਟੱਪ ਗਿਆ। ਪਿੰਡ ਵਿਚ ਅਜੇ ਵੀ ਚੁਪ ਚਾਂ ਸੀ। ਕਿਧਰੇ ਵੀ ਕਿਸੇ ਕੁੱਤੇ ਦੇ ਭੌਂਕਣ ਦੀ ਆਵਾਜ਼ ਨਹੀਂ ਸੀ ਆ ਰਹੀ।

—o—

**ਡਿੱਗਦੇ ਬੁਰਜ / ਗੁਰਚਰਨ ਚੌਹਾਨ**

ਡਿਉਢੀ 'ਚ ਬੈਠੇ ਸਰਮੁਖ ਸਿੰਹੁ ਦੀ ਬਿਰਤੀ ਪਿੱਠ ਪੈਰੀ ਤੁਰਦੀ ਵੀਹ ਵਰ੍ਹੇ ਪਿਛਾਂਹ ਜਾ ਖੜ੍ਹੋਤੀ। ਉਸ ਦਾ ਬਾਪ ਜਵੰਦ

ਸਿੰਹੁ ਬਰਾੜ.... ਇਲਾਕੇ ਚੋਂ ਸਿਰ ਕਢਵਾਂ ਮੋਹਤਬਰ ਬੰਦਾ, ਥਾਣੇ ਤੋਂ ਕਚਿਹਰੀ ਤਕ ਕੁਰਸੀ ਮਿਲਦੀ ਜਵੰਦ ਸਿੰਹੁ ਨੂੰ। ਸਰਮੁਖ ਸਿੰਹੁ ਦੀਆਂ ਅੱਖਾਂ ਮੂਹਰੇ ਜਵੰਦ ਸਿੰਹੁ ਆ ਖੜੋਤਾ..... ਜਿਵੇਂ ਕਲ੍ਹ ਦੀ ਗੱਲ ਹੋਵੇ। ਬੈਠਕ ਮੂਹਰੇ ਬਣੀ ਪੱਕੀ ਚੌਕੜੀ ਉਪਰ ਢੋਹ ਵਾਲੇ ਮੂਹੜੇ ਉਪਰ ਬੈਠਾ ਜਵੰਦ ਸਿੰਹੁ ਮੰਜਿਆ ਉਪਰ ਸੰਗਤ ਵਲ ਤੱਕ ਹੱਥ ਵਿਚ ਫੜੀ ਖੂੰਡੀ ਨੂੰ ਚੌਕੜੀ ਤੇ ਠਕੋਰਦਾ ਆਖਦਾ, 'ਅਸੀਂ ਸਿੱਧੂ ਬਰਾੜ .... ਬਾਬਾ ਆਲਾ ਸਿੰਹੁ ਦੇ ਖਾਨਦਾਨ 'ਚੋਂ ਆਂ ..... ਪਟਿਆਲੇ ਆਲਾ ਮਹਾਰਾਜਾ ਸਾਡੇ ਤੋਂ ਮਾਮਲਾ ਨਹੀਂ ਸੀ ਉਗਰਾਉਂਦਾ.....ਅਖੇ ਸਿਧੂ ਬਰਾੜ ਮੇਰਾ ਭਾਈਚਾਰਾ ਐ....।'

ਅੱਜ ਤੜਕੇ ਉਸ ਦੇ ਛੋਟੇ ਮੁੰਡੇ ਦੇ ਮੂੰਹੋਂ ਕਹੀ ਗੱਲ ਉਸਦਾ ਕਾਲਜਾ ਚੀਰ ਗਈ, 'ਬਾਪੂ ਤੂੰ ਟਿੰਡੀਆਂ ਲੈਣੀਆਂ ਸਾਡੇ ਕੰਮ ਤੋਂ ..... ਫੋਕੀਆਂ ਸਰਦਾਰੀਆਂ ਨੂੰ ਅਸੀਂ ਚਟੀਏ। ਅਖੇ ਦੁਕਾਨ ਦਾ ਨਾਂ ਬਰਾੜ ਬੂਟ ਹਾਊਸ ਰਖਿਆ..... ਵਾਹੀਆਂ 'ਚ ਹੁਣ ਕੀ ਪਿਆ। ਮੈਥੋਂ ਵੱਡੇ ਤਿੰਨ ਵਾਹੀ ਕਰਕੇ ਕੀ ਲੱਲਰ ਲਾਈ ਜਾਂਦੇ ਆ....।"

ਸੇਮ ਦੀ ਮਾਰ ਨਾਲ ਪਿਛਲੇ ਸੱਤ ਅੱਠ ਸਾਲ ਤੋਂ ਉਨ੍ਹਾਂ ਦਾ ਘਰ ਗ੍ਰਹਿਣਿਆਂ ਪਿਆ ਸੀ। ਸਰਮੁਖ ਸਿੰਹੁ ਦਾ ਅੰਦਰਲਾ ਜੱਟ ਟੁੱਟੀ ਆਰਥਿਕਤਾ ਨੇ ਮਧੋਲ ਦਿਤਾ ਸੀ, ਪਰ ਫੋਕੀ ਹਉਮੈ ਨੇ ਉਸ ਦੇ ਮੂੰਹੋਂ ਛੋਟੇ ਮੁੰਡੇ ਨੂੰ ਕਹਾ ਦਿੱਤਾ ਸੀ, 'ਨਾ ਹੁਣ ਤੂੰ ਕੰਮੀਆਂ ਵਾਲੇ ਕੰਮ ਕਰੇਂਗਾ ...ਲੋਕਾਂ ਦੇ ਪੈਰਾਂ 'ਚ ਜੁੱਤੀਆਂ।'

'ਇਹਦੇ 'ਚ ਕੀ ਮਾੜਾ। ਵਪਾਰ ਤਾਂ ਵਪਾਰ ਆ ਤੇ ਆਹ ਪਏ ਦੁਕਾਨ ਦੇ ਮਹੂਰਤ ਦੇ ਕਾਰਡ ਜੀਹਨੂੰ ਦੇਣੇ ਆ ਦੇ ਦੇਣੇ।' ਮੁੰਡਾ ਉਸ ਕੋਲ ਕਾਰਡ ਰਖ ਭਰਿਆ ਪੀਤਾ ਚਲਾ ਗਿਆ। ਉਸਦੇ ਅੰਦਰਲਾ ਜੱਟ ਸਾਰਾ ਦਿਨ ਉਸ ਦੇ ਦਿਮਾਗ 'ਚ ਹੇਠਾਂ ਉੱਤੇ ਹੁੰਦਾ ਰਿਹਾ ਕਿ ਉਹ ਕਾਰਡ ਵੰਡੇ ਜਾਂ ਨਾ।

ਦਿਨ ਛਿਪਾਹ ਨਾਲ, ਅਣਮੰਨੇ ਜਿਹੇ ਮਨ ਨਾਲ, ਸਰਮੁਖ ਸਿੰਹੁ ਆਪਣੇ ਲੰਗੋਟੀਏ ਯਾਰ ਜਮੀਤ ਸਿੰਹੁ ਨੰਬਰਦਾਰ ਦੇ ਘਰ ਵਲ ਚੱਲ ਪਿਆ। ਜਮੀਤ ਸਿੰਹੁ ਸਾਰੀ ਉਮਰ ਜਾਇਜ਼ ਨਜਾਇਜ਼ ਨਾਲ ਖੜ੍ਹਾ ਸੀ। ਉਸ, ਜਮੀਤ ਸਿੰਹੁ, ਜੋ ਆਪਣੇ ਵਿਹੜੇ 'ਚ ਨਿੰਮ ਹੇਠ ਡੱਠੇ ਮੰਜੇ ਤੇ ਬੈਠਾ ਸੀ, ਕੋਲ ਮੁੰਡੇ ਨਾਲ ਸੁਬਹ ਤਕਰਾਰ ਵਾਲੀ ਘਟਨਾ ਸੁਣਾ ਹੌਲਾ ਜਿਹਾ ਮਹਿਸੂਸ ਕੀਤਾ।

'ਸਰਮੁਖ ਸਿੰਹਾਂ, ਦੜ ਵੱਟ ਜ਼ਮਾਨਾ ਕਟ ਹੁਣ ਗਏ ਵੇਲੇ ਆਪਣੇ....।' ਜ਼ਮੀਤ ਸਿੰਹੁ ਨੇ ਹਉਕੇ ਵਰਗਾ ਸਾਹ ਲਿਆ। 'ਨੰਬਰਦਾਰਾ .... ਤੂੰ ਵੀ।' ਸਰਮੁਖ ਸਿੰਹੁ ਡੌਰ ਭੌਰ ਜਿਹਾ ਨੰਬਰਦਾਰ ਵਲ ਬਿੱਟ ਬਿੱਟ ਤੱਕੀ ਜਾ ਰਿਹਾ ਸੀ।

ਮੰਜੇ ਤੋਂ ਉਠਦਿਆਂ ਸਰਮੁੱਖ ਸਿੰਹੁ ਨੇ ਫਤੂਹੀ ਦੀ ਜੇਬ 'ਚੋਂ ਦੁਕਾਨ ਦੇ ਮਹੂਰਤ ਵਾਲਾ ਕਾਰਡ ਨੰਬਰਦਾਰ ਨੂੰ ਫੜਾਇਆ ਤੇ ਬੋਝਲ ਜਿਹੇ ਪੈਰਾਂ ਨਾਲ ਆਪਣੇ ਘਰ ਵੱਲ ਚੱਲ ਪਿਆ।

—o—

### ਹੰਝੂ / ਮੀਤ ਖਟੜਾ

ਤਿੱਖੜ ਦੁਪਹਿਰ ਸੀ। ਹਵਾ ਬੁੱਲ੍ਹਿਆਂ ਵਿਚ ਬੰਦ ਹੋ ਕੇ ਆ ਰਹੀ ਸੀ। ਇਕ ਬੁੱਢੜ ਜਿਹਾ ਸਾਈਕਲ ਦੇ ਮਗਰ ਬੈਠੀ ਭਰ ਜਵਾਨ ਮੁਟਿਆਰ ਨੂੰ ਹੁਝਕੇ ਮਾਰ ਮਾਰ ਖਿੱਚ ਰਿਹਾ ਸੀ। ਕਦੇ ਉਹ ਸਾਈਕਲ ਨੂੰ ਅਗਾਂਹ ਤੋਰਨ ਲਈ ਇਕ ਪੈਡਲ ਉੱਤੇ ਸਾਰੇ ਦਾ ਸਾਰਾ ਝੁਕ ਜਾਂਦਾ, ਕਦੇ ਦੂਜੇ ਉੱਤੇ। ਹੁਝਕਿਆਂ ਨਾਲ ਸਾਈਕਲ ਸੱਪ ਵਾਂਗ ਮੇਲ੍ਹ ਮੇਲ੍ਹ ਤੁਰ ਰਿਹਾ ਸੀ। ਬੁੱਢੜ ਗਰਮੀ ਵਿਚ ਨੁਚੜਦਾ ਮਾਯੂਸ ਜਿਹਾ ਲੱਗ ਰਿਹਾ ਸੀ। ਕਦੇ ਕਦੇ ਉਹ ਪਿੱਠ ਪਿੱਛੇ ਵੀ ਝਾਤੀ ਮਾਰ ਲੈਂਦਾ ਤਾਂ ਵਸਮਾ ਲਾਈ ਖਤ ਕੱਢੀ ਦਾੜ੍ਹੀ ਵਿਚ ਹੱਥ ਫੇਰਦਾ ਤੇ ਤਿੱਖੀਆਂ ਮੁੱਛਾਂ ਨੂੰ ਖੜ੍ਹੀਆਂ ਕਰਨ ਦਾ ਯਤਨ ਕਰਦਾ। ਮੁਟਿਆਰ ਪੱਕੇ ਅੰਬ ਵਾਂਗ ਆਪਣੇ ਹੀ ਭਾਰ ਨਾਲ ਦੱਬੀ ਸਾਈਕਲ ਉੱਤੇ ਅਡੋਲ ਬੈਠੀ ਪਤਾ ਨਹੀਂ ਕਿੰਨ੍ਹਾਂ ਖਿਆਲਾਂ ਵਿਚ ਗੁੰਮ ਸੀ। ਅਚਾਨਕ ਮੋੜ ਤੇ ਸਾਈਕਲ ਦਾ ਪਹੀਆ ਸਲਿੱਪ ਹੋ ਗਿਆ। ਮੁਟਿਆਰ ਸੜਕ ਉੱਤੇ ਚੌਫ਼ਾਲ ਡਿੱਗ ਪਈ ਤੇ ਬੁੱਢੜ ਸਾਈਕਲ ਦੇ ਭਾਰ ਥੱਲੇ ਦੱਬਿਆ ਗਿਆ।

'ਓਏ ਬੁੜ੍ਹਿਆ! ਕਿਸੇ ਜਵਾਨ ਪੁੱਤ ਨੂੰ ਭੇਜ ਦਿੰਦਾ। ਤੈਥੋਂ ਹੁਣ ਇਹ ਖਿੱਚ ਹੁੰਦੀ ਐ?' ਕੋਲ ਖੜੇ ਜਵਾਨ ਤੋਂ ਰਿਹਾ ਨਾ ਗਿਆ ਤੇ ਸਾਈਕਲ ਥੱਲਿਓਂ ਬੁੱਢੜ ਨੂੰ ਕੱਢਣ ਲੱਗਾ।

'ਕਿਉਂ ਭਾਈ! ਤੈਨੂੰ ਨੀਂ ਸੀ ਪਤਾ ਕਿ ਇਹ ਕਿਵੇਂ ਖਿੱਚੂ? ਨਾਲ ਲੈ ਕੇ ਤੁਰ ਪਈ ਏਂ।'

ਮੁਟਿਆਰ ਦੇ ਤਾਂ ਜਿਵੇਂ ਕਿਸੇ ਨੇ ਖਿੱਚ ਕੇ ਬਰਛੀ ਮਾਰੀ ਹੋਵੇ। ਉਹ ਤੜਫ਼ ਕੇ ਰਹਿ ਗਈ।

'ਵੇ ਕਾਹਨੂੰ ਵੇ ਵੀਰਾ! ਮੈਂ ਕਿੱਥੇ ਆਪ ਲੈ ਕੇ ਤੁਰੀ ਆਂ। ਮਾਪਿਆਂ ਕੰਜਰਾਂ ਨੇ ਇਹਦੇ ਨਾਲ ਤੋਰ ਤੀ ਤਾਂ ਤੁਰ ਪਈ ਆ।' ਪਰਲ ਪਰਲ ਕਰਦੇ ਹੰਝੂ ਉਹਦੇ ਤਪਦੇ ਚਿਹਰੇ ਉੱਤੇ ਮੀਂਹ ਵਰ੍ਹਾ ਰਹੇ ਸਨ ਤੇ ਹਟਕੋਰਿਆਂ ਨਾਲ ਉਭਰਿਆ ਸੀਨਾ ਫ਼ਟ ਜਾਣਾ ਚਾਹੁੰਦਾ ਸੀ।

*****

# ਪੈੜ ਜਗੀਰੋ ਦੀ



**ਸੰਤ ਸਿੰਘ ਸੰਧੂ**

ਪੰਜਾਬ – ਪੱਕਿਆਂ ਦਾ ਵੱਜ ਵੱਜਦਾ, ਭੌਂ ਖੱਤਰੀ ਕੋਲ ਗਹਿਣੇ।
ਕੇਂਦਰੀ ਸਹਾਇਤਾ – ਸੁਰਮਾ ਨੌਂ ਰੱਤੀਆਂ, ਡਾਕ ਗੱਡੀ ਵਿਚ ਆਇਆ।
ਫਿਰਕੂ ਰਾਜ – ਗੋਦੀ ਚੁੱਕ ਲੈ ਮੁਲਾਹਜ਼ੇਦਾਰਾ, ਭੱਖੜੇ ਨੇ ਪੈਰ ਖਾ ਲਏ।
ਪ੍ਰਵਾਸ – ਬਾਪੂ ਤੇਰੇ ਮੰਦਰਾਂ 'ਚ ਚਿਤ ਲੱਗੇ ਨਾ ਉਦਾਸਣ ਹੋਈ।
ਟੈਰਿਫ – ਮੱਛਲੀ ਦਾ ਪੱਤ ਬਣ ਕੇ, ਚੂਸ ਲਈ ਬੁੱਲ੍ਹਾਂ ਦੀ ਲਾਲੀ।
ਯੂਕ੍ਰੇਨ ਜੰਗ – ਕਹੇ ਹੁਸੈਨ ਸਹੇਲੜੀਓ, ਅਮਲਾਂ ਬਾਝ ਖੁਆਰੀ।
ਅਕਾਲੀ ਦਲ – ਟੁੱਟ ਗਈ ਹੌਲਦਾਰੀ, ਵਿਚ ਪਾਵੇ ਦੇ ਅੜਕੇ।
ਕੇਂਦਰ ਤੇ ਪੰਜਾਬ – ਸੁਹਣੀ ਭਾਬੋ ਨੂੰ, ਦਿਓਰ ਵਸਣ ਨਾ ਦੇਵੇ।
ਤਾਨਾਸ਼ਾਹੀ – ਭੈਣ ਬਖਤੌਰੇ ਦੀ, ਲੰਡੇ ਊਠ ਨੂੰ ਸ਼ਰਾਬ ਪਿਲਾਵੇ।
ਭਾਜਪਾ – ਕਿਹੜਿਆਂ ਕੰਮਾਂ ਨੂੰ ਆਈ, ਸੌਂ ਗਈ ਸੁੱਥਣ ਸਣੇ।
ਜੀ.ਐੱਸ.ਟੀ. – ਵਾਲਿਆਂ 'ਤੇ ਸੱਪ ਲਿਖ ਦੇ, ਸੁੱਤੀ ਪਈ ਦੇ ਵੱਡਣਗੇ ਦੰਦੀਆਂ।
ਖਾਲਿਸਤਾਨ – ਭੌਂ ਦੇ ਵਿਚੋਂ ਅੱਧ ਵੰਡਾ ਲੈ, ਬਲਦ ਸਾਂਭ ਲੈ ਨਾਹਰਾ।
ਲੋਕਰਾਜ – ਉੱਚੇ ਟਿੱਲੇ ਇਕ ਮੂੰਗੀ ਦਾ ਬੂਟਾ, ਉਹਨੂੰ ਖਾ ਗਈ ਗਾਂ।
ਕ੍ਰਿਸਾਨੀ – ਜੱਟੀ ਵੜੀ ਕਪਾਹ ਵਿਚ ਬੰਨ੍ਹ ਝੋਲੀ, ਕਾਲਾ ਨਾਗ ਅਜ਼ਗੈਬ ਥੀਂ ਲੜਿਆ ਈ।
ਪੰਜਾਬ ਦਿਵਸ – ਵਾਰਿਸ ਸ਼ਾਹ ਤੇ ਰਾਂਝਣੇ ਸੋਗ ਹੋਇਆ, ਖੁਸ਼ੀ ਲਾਗੀਆਂ ਚਾਗੀਆਂ ਨਾਈਆਂ ਜੀ।
ਵੰਡ ਸੰਤਾਲੀ – ਆਏ ਨਿਕਲ ਹਜਾਰਿਓ ਸਾਂਝ ਟੁੱਟੀ, ਅੰਗ ਸੰਗ ਤੇ ਸਾਕ ਵਿਸਾਰਿਓ ਈ।
ਇਮਰਾਨ ਖਾਨ – ਚਿੱਠੀ ਪਾਈਂ ਵੇ ਅੰਮਾਂ ਦੇ ਜਾਇਆ, ਕਾਗਜ਼ਾਂ ਦਾ ਮੁੱਲ ਘੱਲ ਦਊਂ।
ਮੋਤਾ ਸਿੰਘ ਸਰਾਏ – ਵੀਰ ਮੇਰਾ ਪੱਟ ਦਾ ਲੱਛਾ, ਭਾਬੋ ਵੇਖੀਏ ਕਦਰ ਕਿਵੇਂ ਪਾਉਂਦੀ।
ਪੰਜਾਬੀ ਸੱਥ ਵਾਲਸਲ – ਹੁਣ ਘੱਗਰਾ ਮੇਚ ਨਾ ਆਵੇ, ਵੱਧ ਗਈ ਵੇਲ ਤਰ੍ਹਾਂ।
ਪਿਆਰਾ ਸਿੰਘ ਸੰਘਾ – ਚੋਲ਼ੇ ਬਾਝ ਨਾ ਜੋਗੀ ਜਾਪਦਾ ਏ, ਝੋਕਾਂ ਪ੍ਰੇਮ ਦੀਆਂ ਜੀਹਨੇ ਲਾਈਆਂ ਨੇ।
ਸੁਰਿੰਦਰ ਸੁੰਨੜ – ਮੇਰੇ ਵੀਰ ਦਾ ਬਾਗੜੀ ਬੋਤਾ, ਉਡਦੀ ਧੂੜ ਦਿਸੇ।
ਜਤਿੰਦਰ ਪੰਨੂੰ – ਕਾਲੀ ਡਾਂਗ ਮੇਰੇ ਵੀਰ ਦੀ, ਜਿੱਥੇ ਵੱਜਦੀ ਬੱਦਲ ਵਾਂਗੂੰ ਗੱਜਦੀ।
ਰਾਹੁਲ ਗਾਂਧੀ – ਓਹ ਘਰ ਛੜਿਆ ਦੇ, ਜਿੱਥੇ ਲੱਗਣ ਤੇਲ ਦੇ ਤੁੜਕੇ।
ਸੰਤ ਸੀਂਚੇਵਾਲ – ਇੱਕ ਰੁੱਖ ਮੈਨੂੰ ਪੀਰਾਂ ਵਰਗਾ, ਲੱਗਦਾ ਹੈ ਬਲਬੀਰ ਜਿਵੇਂ।
ਰਨੌਤ ਕੰਗਣਾ – ਕੈਦੋ ਆਖਦਾ ਧੀ ਵਿਆਹ ਮਲਕੀ, ਰੱਬ ਵਾਸਤੇ ਮੰਨ ਲੈ ਡਾਇਣੇ ਨੀ।
ਹਰਚਰਨ ਸਿੰਘ ਭੁੱਲ – ਭਾਬੀ ਤੇਰੀ ਗੁੱਤ ਵਰਗਾ, ਸੱਪ ਫੜ ਕੇ ਬੰਗਾਲੀ ਲਿਆਏ।
ਭਗਵੰਤ ਮਾਨ – ਸੌਦਾ ਮੁੱਕਿਆ ਦੁਕਾਨ ਵਿਚੋਂ ਸਾਰਾ, ਮੈਨੂੰ ਕਹਿੰਦਾ ਗੱਲ ਸੁਣਜਾ।
ਚਿੱਟਾ ਤ੍ਰਾਸਦੀ – ਮਰਨ ਦਿਓ ਪੰਜਾਬ ਦੇ ਵਾਰਸਾਂ ਨੂੰ, ਵੈਣ ਸੁਣੀਏ ਰੰਗ ਬਰੰਗ ਦੇ ਜੀ
ਪ੍ਰਵਾਸ – ਗੱਡੀ ਕੋਲ ਵੇ ਖੜੋਤਿਆ ਯਾਰਾ, ਮੈਂ ਕੀ ਤੈਨੂੰ ਪੰਡ ਬੰਨ੍ਹ ਦਿਆਂ।

ਤਲਵੰਡੀ ਸਲੇਮ (ਜਲੰਧਰ)
97794-79169


ਡਾ. ਜੋਗਿੰਦਰ ਸਿੰਘ ਪੁਆਰ
ਸਿਮਰਤੀ ਗ੍ਰੰਥ
ਸੰਪਾਦਕ
ਡਾ. ਐਸ.ਪੀ. ਸਿੰਘ
ਡਾ. ਸੁਖਵਿੰਦਰ ਸਿੰਘ ਸੰਘਾ


ਖ਼ੁਸ਼ੀ
ਡਾ. ਹਰੀਸ਼ ਮਲਹੋਤਰਾ


ONE
ALMIGHTY
S S SUNNER


सुर्ख़ गुलाबों
का मौसम
(काव्य-संग्रह)
शर्मिला नाकरा

| Apni Aawaaz | Volume 4 | Issue 3 | November 2025 | RNI : PUNPUN/2022/82997 |
|---|---|---|---|---|













Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 18/11/2025*

ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ - ਡਾ. ਰਾਮ ਮੂਰਤੀ
ਪ੍ਰਕਾਸ਼ਕ ਮਿਤੀ : 18/11/2025